@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 23 February 2024

VISIT: www.qaumipatrika.org
Email: qpatrika@gmail.com

Punjabi National Daily

Qaumi Patrika NO.1

ਨਵੀਂ ਦਿੱਲੀ: ਸ਼ੁੱਕਰਵਾਰ 23 ਫਰਵਰੀ 2024, 8 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 84, qpatrika@gmail.com ਫੋਨ : 9971359517 www.qaumipatrika.org

## ਅਰਵਿੰਦ ਕੇਜਰੀਵਾਲ ਨੇ ਨੌਜਵਾਨ ਕਿਸਾਨ ਦੀ ਮੌਤ 'ਤੇ ਪ੍ਰਗਟਾਇਆ ਦੁੱਖ, ਕਿਹਾ- 'ਕਾਤਿਲਾਂ ਨੂੰ ਸਖਤ ਸਜਾ ਦਿਵਾਵਾਂਗੇ'

**ਸਿਮੀ ਕੌਰ ਬੱਬਰ**

ਨੈਸ਼ਨਲ ਡੈਸਕ 22 ਫਰਵਰੀ। ਕਿਸਾਨਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਦਿੱਲੀ ਕੂਚ ਦਾ ਐਲਾਨ ਕੀਤਾ ਗਿਆ ਹੈ। ਪੰਜਾਬ ਦੇ ਕਿਸਾਨਾਂ ਨੂੰ ਹਰਿਆਣਾ ਨਾਲ ਲਗਦੇ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਰੋਕਿਆ ਗਿਆ ਹੈ ਤੇ ਭਾਰੀ ਪੁਲਸ ਫੋਰਸ ਦੇ ਨਾਲ ਕਈ ਪੱਧਰੀ ਬੈਰਿਕੇਡਿੰਗ ਵੀ ਕੀਤੀ ਗਈ ਹੈ। ਹਰਿਆਣਾ ਪੁਲਸ ਅਤੇ ਪੈਰਾ ਮਿਲਟਰੀ ਫੋਰਸਿਜ ਵੱਲੋਂ ਕਿਸਾਨਾਂ ਨੂੰ ਰੋਕਣ ਲਈ ਅੱਥਰੂ ਗੈਸ, ਸ਼ੈਲਿੰਗ ਸਮੇਤ ਹੋਰ ਕਈ ਤਰ੍ਹਾਂ ਦੇ ਪੈਂਤੜੇ ਅਜਮਾਏ ਜਾ ਰਹੇ ਹਨ। ਇਸ ਵਿਚਾਲੇ ਪੰਜਾਬ ਦੇ ਇਕ ਨੌਜਵਾਨ ਕਿਸਾਨ ਸ਼ੁਭਕਰਨ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਅਰਵਿੰਦ ਕੇਜਰੀਵਾਲ ਨੇ ਉਕਤ ਘਟਨਾ 'ਤੇ ਦੁੱਖ ਪ੍ਰਗਟਾਉਂਦਿਆਂ



ਪੁੱਛਿਆ ਕਿ ਕੀ ਇਸੇ ਦਿਨ ਲਈ ਅਸੀਂ ਅਜਾਦੀ ਦੀ ਲੜਾਈ ਲੜੀ ਸੀ ਕਿ ਇਕ ਦਿਨ ਆਪਣੇ ਹੀ ਦੇਸ਼ ਵਿਚ ਸਾਡੀਆਂ ਹੀ ਸਰਕਾਰਾਂ ਸਾਡੇ ਪੁੱਤਰਾਂ ਨੂੰ ਅੰਗਰੇਜਾਂ ਦੀ ਤਰ੍ਹਾਂ ਸ਼ਹੀਦ ਕਰ ਦੇਣਗੀਆਂ? ਉਨ੍ਹਾਂ ਕਿਹਾ ਕਿ ਅਸੀਂ ਸ਼ੁਭਕਰਨ ਦੇ ਕਾਤਿਲਾਂ ਨੂੰ ਸਖਤ ਤੋਂ ਸਖਤ ਸਜਾ ਦਿਵਾਵਾਂਗੇ। 'ਆਪ' ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵੀਡੀਓ ਸਾਂਝੀ ਕਰਦਿਆਂ ਟਵੀਟ ਕੀਤਾ, "ਪੰਜਾਬ ਦੇ ਨੌਜਵਾਨ ਸੁਭਕਰਨ ਦੀ ਮੌਤ ਬਹੁਤ ਦੁਖਦ ਹੈ। ਕੀ ਇਸੇ ਦਿਨ ਲਈ ਅਸੀਂ ਆਜਾਦੀ ਦੀ ਲੜਾਈ ਲੜੀ ਸੀ ਕਿ ਇਕ ਦਿਨ ਸਾਡੇ ਆਪਣੇ ਦੇਸ ਵਿਚ ਸਾਡੇ ਦੁਆਰਾ ਚੁਣੀਆਂ ਗਈਆਂ ਸਰਕਾਰਾਂ ਅੰਗਰੇਜਾਂ ਵਾਂਗ ਸਾਡੇ ਹੀ ਪੁੱਤਰਾਂ ਨੂੰ ਸਹੀਦ ਕਰ ਦੇਣਗੀਆਂ? ਅਸੀਂ ਪੂਰੀ ਤਰ੍ਹਾਂ ਸੁਭਕਰਨ ਦੇ ਨਾਲ ਹਾਂ ਅਤੇ ਉਸ ਦੇ ਕਾਤਲਾਂ ਨੂੰ ਸਖਤ ਸਜਾ ਯਕੀਨੀ ਬਣਾਵਾਂਗੇ।"

## ਹਰਿਆਣਾ 'ਚ ਨਹੀਂ ਰੁਕ ਰਹੇ ਸਵਾਈਨ ਫਲੂ ਦੇ ਮਾਮਲੇ

ਫਤਿਹਾਬਾਦ 22 ਫਰਵਰੀ। ਹਰਿਆਣਾ ਦੇ ਫਤਿਹਾਬਾਦ ਜ਼ਿਲ੍ਹੇ 'ਚ ਸਵਾਈਨ ਫਲੂ ਪੀੜਤ ਮਿਲਣ ਦਾ ਸਿਲਸਿਲਾ ਜਾਰੀ ਹੈ। ਸੋਮਵਾਰ ਨੂੰ ਸ਼ੇਖੁਪੁਰ ਦੜੌਲੀ ਵਾਸੀ 3 ਸਾਲਾ ਬੱਚੀ ਸਵਾਈਨ ਫਲੂ ਨਾਲ ਪੀੜਤ ਮਿਲੀ ਹੈ। ਉਸ ਦਾ ਹਿਸਾਰ ਦੇ ਨਿੱਜੀ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਇੱਥੇ ਹੀ ਕੁੜੀ ਦਾ ਸੈਂਪਲ ਲਿਆ ਗਿਆ ਸੀ ਅਤੇ ਜਾਂਚ ਦੌਰਾਨ ਬੱਚੀ ਪੀੜਤ ਮਿਲੀ। ਟੀਮ ਹੁਣ ਪਰਿਵਾਰ ਦੇ ਹੋਰ ਲੋਕਾਂ ਦੀ ਸਕ੍ਰੀਨਿੰਗ ਕਰੇਗੀ। ਜੇਕਰ ਕਿਸੇ 'ਚ ਲੱਛਣ ਮਿਲਦੇ ਹਨ ਤਾਂ ਸੈਂਪਲ ਲਏ ਜਾਣਗੇ। ਜ਼ਿਲ੍ਹੇ 'ਚ ਹੁਣ ਤੱਕ ਸਵਾਈਨ ਫਲੂ ਦੇ 13 ਮਾਮਲੇ ਸਾਹਮਣੇ ਆ ਚੁੱਕੇ ਹਨ। ਛਿੱਕ ਆਉਣਾ ਅਤੇ ਨੱਕ 'ਚੋਂ ਪਾਣੀ ਵਗਣਾ, ਸਾਹ ਲੈਣ 'ਚ ਤਕਲੀਫ ਹੋਣਾ, ਖੰਘ ਅਤੇ ਗਲੇ 'ਚ ਖਰਾਸ਼ ਹੋਣਾ, ਦਸਤ ਅਤੇ ਉਲਟੀ ਹੋਣਾ, ਸਿਰ ਦਰਦ, ਬੁਖਾਰ। ਖੰਘਦੇ ਜਾਂ ਛਿਕਦੇ ਸਮੇਂ ਆਪਣੇ ਮੂੰਹ ਅਤੇ ਨੱਕ ਨੂੰ ਰੁਮਾਲ ਨਾਲ ਢੱਕੋ।

## ਈ.ਡੀ. ਨੇ ਲਾਰੈਂਸ ਬਿਸ਼ਨੋਈ ਗਿਰੋਹ ਖਿਲਾਫ ਮਨੀ ਲਾਂਡਰਿੰਗ ਮਾਮਲੇ 'ਚ ਗੈਂਗਸਟਰ ਨੂੰ ਕੀਤਾ ਗ੍ਰਿਫਤਾਰ

ਨਵੀਂ ਦਿੱਲੀ 22 ਫਰਵਰੀ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਲਾਰੈਂਸ ਬਿਸ਼ਨੋਈ ਗਿਰੋਹ ਅਤੇ ਉਸ ਦੇ ਸਹਿਯੋਗੀਆਂ ਖ਼ਿਲਾਫ ਮਨੀ ਲਾਂਡਰਿੰਗ ਦੀ ਜਾਂਚ ਦੇ ਅਧੀਨ ਸੁਰੇਂਦਰ ਸਿੰਘ ਉਰਫ ਚੀਕੂ ਨੂੰ ਬੁੱਧਵਾਰ ਨੂੰ ਗ੍ਰਿਫਤਾਰ ਕੀਤਾ। ਇਹ ਜਾਣਕਾਰੀ ਅਧਿਕਾਰਤ ਸੂਤਰਾਂ ਨੇ ਦਿੱਤੀ। ਸੂਤਰਾਂ ਨੇ ਦੱਸਿਆ ਕਿ ਚੀਕੂ ਨੂੰ ਪੰਚਕੂਲਾ 'ਚ ਮਨੀ




ਲਾਂਡਰਿੰਗ ਰੋਕਥਾਮ ਐਕਟ ਦੀ ਵਿਸ਼ੇਸ਼ ਅਦਾਲਤ ਦੇ ਸਾਹਮਣੇ ਪੇਸ਼ ਕੀਤਾ ਗਿਆ, ਜਿਸ ਨੇ ਉਸ ਨੂੰ 5 ਦਿਨ ਦੀ ਈ.ਡੀ. ਹਿਰਾਸਤ 'ਚ ਭੇਜ ਦਿੱਤਾ। ਕੇਂਦਰੀ ਏਜੰਸੀ ਨੇ ਪਿਛਲੇ ਸਾਲ 5 ਦਸੰਬਰ ਨੂੰ ਹਰਿਆਣਾ ਅਤੇ ਰਾਜਸਥਾਨ 'ਚ ਚੀਕੂ ਅਤੇ ਕੁਝ ਹੋਰ ਵਿਅਕਤੀਆਂ ਨਾਲ ਸੰਬੰਧਤ 13 ਕੰਪਲੈਕਸਾਂ 'ਤੇ ਛਾਪਾ ਮਾਰਿਆ ਸੀ। ਚੀਕੂ ਇਕ ਗੈਂਗਸਟਰ ਨਾਲ ਹੀ ਬਿਸ਼ਨੋਈ ਅਤੇ ਖਾਲਿਸਤਾਨੀ ਅੱਤਵਾਦੀ ਸਮੂਹਾਂ ਦਾ ਕਰੀਬੀ ਸਹਿਯੋਗੀ ਵੀ ਹੈ। ਈ.ਡੀ. ਨੇ ਦੋਸ਼ ਲਗਾਇਆ ਕਿ ਚੀਕੂ ਨੇ ਗੈਰ-ਕਾਨੂੰਨੀ ਖਨਨ, ਸ਼ਰਾਬ ਅਤੇ ਟੋਲ ਸੰਚਾਲਨ ਤੋਂ ਪ੍ਰਾਪਤ ਆਮਦਨ ਦਾ ਨਿਵੇਸ਼ ਆਪਣੇ ਸਹਿਯੋਗੀਆਂ ਰਾਹੀਂ ਕੀਤਾ।

## ਉਹ ਸਾਨੂੰ ਦਿੱਲੀ ਨਹੀਂ ਆਉਣ ਦੇ ਰਹੇ ਤਾਂ ਅਸੀਂ ਚੋਣਾਂ 'ਚ ਉਨ੍ਹਾਂ ਨੂੰ ਵੀ ਪਿੰਡ ਨਹੀਂ ਆਉਣ ਦੇਵਾਂਗੇ : ਰਾਕੇਸ਼ ਟਿਕੈਤ


ਮੇਰਠ 22 ਫਰਵਰੀ। ਭਾਰਤੀ ਕਿਸਾਨ ਯੂਨੀਅਨ (ਭਾਕਿਯੂ) ਦੇ ਰਾਸ਼ਟਰੀ ਬੁਲਾਰੇ ਰਾਕੇਸ਼ ਟਿਕੈਤ ਨੇ ਆਪਣੀਆਂ ਵੱਖ-ਵੱਖ ਮੰਗਾਂ ਨੂੰ ਲੈ ਕੇ ਦਿੱਲੀ ਜਾ ਰਹੇ ਕਿਸਾਨਾਂ ਨੂੰ ਰੋਕੇ ਜਾਣ 'ਤੇ ਬੁੱਧਵਾਰ ਨੂੰ ਕਿਹਾ ਕਿ ਜੇਕਰ ਉਹ (ਸਰਕਾਰ) ਕਿਸਾਨਾਂ ਨੂੰ ਦਿੱਲੀ ਨਹੀਂ ਆਉਣ ਦੇ ਰਹੇ ਹਨ ਤਾਂ ਚੋਣਾਂ 'ਚ ਕਿਸਾਨ ਵੀ ਉਨ੍ਹਾਂ ਨੂੰ ਪਿੰਡ 'ਚ ਨਹੀਂ ਆਉਣ ਦੇਣਗੇ। ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ, ਬਕਾਇਆ ਗੰਨਾ ਮੁੱਲ ਦੇ ਭੁਗਤਾਨ, ਕਿਸਾਨਾਂ 'ਤੇ ਦਰਜ ਮੁਕੱਦਮੇ ਵਾਪਸ ਲੈਣ ਸਮੇਤ ਵੱਖ-ਵੱਖ ਮੰਗਾਂ ਨੂੰ ਲੈ ਕੇ ਮੇਰਠ 'ਚ ਭਾਕਿਯੂ ਵਲੋਂ ਜ਼ਿਲ੍ਹਾ ਹੈੱਡ ਕੁਆਰਟਰ 'ਤੇ ਪ੍ਰਦਰਸ਼ਨ ਕੀਤਾ ਗਿਆ। ਟਿਕੈਤ ਖੁਦ ਟਰੈਕਟਰ ਚਲਾਉਂਦੇ ਹੋਏ ਕਿਸਾਨਾਂ ਨਾਲ ਕਚਹਿਰੀ ਪਹੁੰਚੇ। ਇਸ ਦੌਰਾਨ ਪੁਲਸ ਨੇ ਕਿਸਾਨਾਂ ਨੂੰ ਰੋਕਣ ਲਈ ਕਈ ਜਗ੍ਹਾ ਬੈਰੀਕੇਡ ਵੀ ਲਗਾਏ ਸਨ ਪਰ ਕਿਸਾਨ ਉਨ੍ਹਾਂ ਨੂੰ ਜਬਰਨ ਰਸਤੇ ਤੋਂ ਹਟਾਉਂਦੇ ਹੋਏ ਅੱਗੇ ਵਧ ਗਏ। ਟਿਕੈਤ ਨੇ ਸਰਕਾਰ ਵਲੋਂ ਦਿੱਲੀ ਜਾ ਰਹੇ ਕਿਸਾਨਾਂ ਨੂੰ ਰੋਕਣ ਲਈ 'ਚ ਕਿੱਲ ਵਿਛਾਏ ਜਾਣ ਨਾਲ ਜੁੜੇ ਸਵਾਲ ਦੇ ਜਵਾਬ 'ਚ ਕਿਹਾ,"ਰਸਤੇ 'ਚ ਕਿੱਲਾਂ ਵਿਛਾਉਣੀਆਂ ਕਿਸੇ ਵੀ ਸਥਿਤੀ 'ਚ ਉੱਚਿਤ ਨਹੀਂ ਹੈ। ਉਹ ਜੇਕਰ ਸਾਡੇ ਲਈ ਕਿੱਲ ਲਗਾਉਣਗੇ ਤਾਂ ਅਸੀਂ ਵੀ ਉਨ੍ਹਾਂ ਨੂੰ ਪਿੰਡ ਨਹੀਂ ਆਉਣ ਦੇਵਾਂਗੇ। ਅੰਦੋਲਨ ਨੂੰ ਕੁਚਲਣ ਦਾ ਕੰਮ ਕਰਨਗੇ ਤਾਂ ਉਨ੍ਹਾਂ ਨੂੰ ਪਿੰਡ ਕੌਣ ਆਉਣ ਦੇਵੇਗਾ? ਕਿੱਲ ਤਾਂ ਪਿੰਡ 'ਚ ਵੀ ਹਨ।" ਭਾਕਿਯੂ ਬੁਲਾਰੇ ਨੇ ਭਾਜਪਾ ਸਰਕਾਰ ਨੂੰ ਉਦਯੋਗਪਤੀਆਂ ਦੀ ਸਰਕਾਰ ਦੱਸਦੇ ਹੋਏ ਕਿਹਾ ਕਿ ਜੇਕਰ ਇਹ ਕਿਸਾਨਾਂ ਦੀ ਸਰਕਾਰ ਹੁੰਦੀ ਤਾਂ ਐੱਮ.ਐੱਸ.ਪੀ. ਦੀ ਗਾਰੰਟੀ ਦੇਣ ਦਾ ਕਾਨੂੰਨ ਕਦੋਂ ਦਾ ਬਣ ਚੁੱਕਿਆ ਹੁੰਦਾ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਤੁਸੀਂ ਦਿੱਲੀ ਜਾ ਰਹੇ ਕਿਸਾਨਾਂ ਦੇ ਅੰਦੋਲਨ 'ਚ ਕਿਉਂ ਸ਼ਾਮਲ ਨਹੀਂ ਹੋਏ ਤਾਂ ਉਨ੍ਹਾਂ ਕਿਹਾ,"ਸਾਡੇ ਲਈ ਇਹੀ ਦਿੱਲੀ ਹੈ। ਕਿਸਾਨ ਅੰਦੋਲਨ ਦੇ ਸਮਰਥਨ 'ਚ ਪੂਰੇ ਦੇਸ਼ ਦਾ ਕਿਸਾਨ ਇਕਜੁਟ ਹੈ। ਅਸੀਂ ਕਿਸਾਨਾਂ ਲਈ ਦਿੱਲੀ ਤਾਂ ਕੀ ਕਿਤੇ ਵੀ ਜਾਣ ਨੂੰ ਤਿਆਰ ਹਨ।" ਟਿਕੈਤ ਨੇ ਕਿਹਾ ਕਿ ਅੱਜ ਭਾਕਿਯੂ ਵਲੋਂ ਐੱਮ.ਐੱਸ.ਪੀ. ਦੇ ਨਾਲ ਹੀ ਗੰਨਾ ਮੁੱਲ ਵਾਧਾ ਅਤੇ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਮੇਰਠ ਸਮੇਤ ਦੇਸ਼ ਭਰ ਤੋਂ ਮੰਗ ਪੱਤਰ ਰਾਸ਼ਟਰਪਤੀ ਨੂੰ ਭੇਜੇ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਨੇ ਜੇਕਰ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨੀਆਂ ਤਾਂ ਦੇਸ਼ ਭਰ 'ਚ ਅੰਦੋਲਨ ਹੋਵੇਗਾ। ਕਿਸਾਨ ਇਕਜੁਟ ਹੋ ਕੇ ਅੰਦੋਲਨ ਲਈ ਤਿਆਰ ਰਹਿਣ।

## ਕਿਸਾਨਾਂ ਨੂੰ ਅਣ-ਮਨੁੱਖੀ ਢੰਗ ਨਾਲ ਕੁਚਲਣ ਦੇ ਰਾਹ ਤੁਰ ਪਈ ਸਰਕਾਰ : ਸਰਨਾ

ਜਲੰਧਰ/ਨਵੀਂ ਦਿੱਲੀ, 22 ਫਰਵਰੀ। ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ 'ਤੇ ਹਰਿਆਣਾ ਪੁਲਸ ਵੱਲੋਂ ਗੋਲੀ ਚਲਾਉਣ ਨਾਲ ਜੋ ਪੰਜਾਬ ਦੇ ਬਠਿੰਡਾ ਦੇ ਇਕ ਨੌਜਵਾਨ ਸ਼ੁੱਭਕਰਨ ਸਿੰਘ ਦੀ ਮੌਤ ਹੋ ਗਈ ਹੈ, ਇਹ ਬਹੁਤ ਹੀ ਮੰਦਭਾਗੀ ਤੇ ਦੁੱਖਦਾਈ ਗੱਲ ਹੈ। ਕਿਸਾਨ ਆਗੂਆਂ ਨੇ ਦੱਸਿਆ ਹੈ ਕਿ ਉਕਤ ਨੌਜਵਾਨ ਦੇ ਸਿਰ 'ਚ ਗੋਲੀ ਮਾਰੀ ਗਈ। ਇਸ ਤੋਂ ਇਹ ਸਾਬਤ ਹੋ ਗਿਆ ਹੈ ਕਿ ਇਸ ਦੇਸ਼ ਦੇ ਲੋਕਾਂ ਖਾਸ ਕਰ ਕੇ ਕਿਸਾਨਾਂ ਲਈ ਹੁਣ ਲੋਕਤੰਤਰ



ਖਤਮ ਹੋ ਗਿਆ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਪ੍ਰੈੱਸ ਨੂੰ ਜਾਰੀ ਇਕ ਬਿਆਨ ਰਾਹੀਂ ਕੀਤਾ। ਉਨ੍ਹਾਂ ਕਿਹਾ ਕਿ ਪਹਿਲਾਂ ਹਰਿਆਣਾ ਪੁਲਸ ਨੇ ਕਿਸਾਨਾਂ 'ਤੇ ਹੰਝੂ ਗੈਸ ਦੇ ਗੋਲੇ ਤੇ ਰਬੜ ਦੀਆਂ ਗੋਲੀਆਂ ਚਲਾਈਆਂ ਤੇ ਹੁਣ ਸਿੱਧੀ ਗੋਲੀ ਚਲਾਉਣ ਤੋਂ ਸਾਬਤ ਹੋ ਜਾਂਦਾ ਹੈ ਕਿ ਕੇਂਦਰ ਤੇ ਹਰਿਆਣਾ ਦੀਆਂ ਸਰਕਾਰਾਂ ਅਣ-ਮਨੁੱਖੀ ਢੰਗ ਨਾਲ ਕਿਸਾਨਾਂ ਨੂੰ ਕੁਚਲਣ ਦੇ ਰਾਹ ਤੁਰ ਪਈਆਂ ਹਨ। ਸਾਡੀ ਕੌਮ ਨੂੰ ਇਹ ਗੋਲੀਆਂ ਵੀ ਡਰਾ ਨਹੀਂ ਸਕਦੀਆਂ, ਕਿਉਂਕਿ ਸਾਡਾ ਗੁਰੂ ਹਮੇਸ਼ਾ ਸਾਡੇ ਅੰਗ-ਸੰਗ ਹੈ। ਸਾਨੂੰ ਮੀਰ ਮਨੂੰ ਵੀ ਖਤਮ ਨਾ ਕਰ ਸਕਿਆ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਇਹ ਕਦੇ ਨਾ ਸੋਚਣ ਕਿ ਉਹ ਸਾਨੂੰ ਖਤਮ ਕਰ ਲੈਣਗੇ।



# ਬੁਨਿਆਦੀ ਲੋੜਾਂ ਨੂੰ ਛੱਡ ਲਗਜਰੀ ਬਣਾਉਣ 'ਤੇ ਪੈਸਾ ਬਰਬਾਦ ਕਰ ਰਿਹੈ ਲੁਧਿਆਣਾ ਦਾ ਲੋਧੀ ਕਲੱਬ

ਲੁਧਿਆਣਾ 22 ਫਰਵਰੀ। ਸਹਿਰ ਦਾ ਵੱਕਾਰੀ ਲੋਧੀ ਕਲੱਬ ਹਮੇਸਾ ਹੀ ਸੁਰਖੀਆਂ 'ਚ ਰਿਹਾ ਹੈ। ਗਰੀਨ ਬੈਲਟ ਨੂੰ ਪਾਰਕਿੰਗ ਵਜੋਂ ਵਰਤਣ ਲਈ, ਸਤਲੁਜ ਕਲੱਬ ਤੇ ਲੋਧੀ ਕਲੱਬ ਦੀ ਮੈਂਬਰਸ?ਿਪ ਸਹਿਰ ਦੇ ਅਮੀਰ ਲੋਕਾਂ ਦੀ ਪਹਿਲੀ ਪਸੰਦ ਰਹੀ ਹੈ। ਇਸ ਦੀ ਮੈਂਬਰਸ?ਿਪ ਲਈ 5 ਤੋਂ 10 ਲੱਖ ਰੁਪਏ ਖਰਚ ਕਰਨ ਤੋਂ ਬਾਅਦ ਭਾਵੇਂ ਮੈਂਬਰ ਇਨ੍ਹਾਂ ਕਲੱਬਾਂ ਵਿਚ ਆਉਣ ਜਾਂ ਨਾ ਆਉਣ ਪਰ ਲੋਕ ਆਪਣੀ ਮੈਂਬਰਸ?ਿਪ ਨੂੰ ਸਟੇਟਸ ਸਿੰਬਲ ਲਈ ਟੈਗ ਜਰੂਰ ਲਗਾ ਲੈਂਦੇ ਹਨ ਪਰ ਸਮੇਂ ਦੇ ਨਾਲ ਇਹ ਕਲੱਬ ਪੁਰਾਣੇ ਹੁੰਦੇ ਜਾ ਰਹੇ ਹਨ। ਇਨ੍ਹਾਂ ਕਲੱਬਾਂ ਵਿੱਚ ਕੁਝ ਹੀ ਵਾਹਨਾਂ ਦੀ ਪਾਰਕਿੰਗ ਦਾ ਪ੍ਰਬੰਧ ਹੈ ਪਰ ਇਨ੍ਹਾਂ ਦੀ ਮੈਂਬਰਸ?ਿਪ 3000 ਨੂੰ ਪਾਰ ਕਰ ਚੁੱਕੀ ਹੈ। ਲੋਧੀ ਕਲੱਬ ਕੋਲ ਪਾਰਕਿੰਗ ਦੇ ਨਾਂ 'ਤੇ ਸਿਰਫ ਗਰੀਨ ਬੈਲਟ ਹੈ ਅਤੇ ਕਲੱਬ ਦੇ ਅੰਦਰਲਾ ਪਾਰਕ ਲੁਧਿਆਣਾ ਐਵੀਏਸਨ ਕਲੱਬ ਦੀ ਜਮੀਨ ਦੇ ਨਾਂ 'ਤੇ ਹੈ, ਜਿਸ 'ਤੇ ਕਲੱਬ ਹਰ ਸਾਲ ਲੱਖਾਂ ਰੁਪਏ ਦਾ ਕਿਰਾਇਆ ਅਦਾ ਕਰਦਾ ਹੈ। ਜਦੋਂ ਵੀ ਕਲੱਬ ਵਿੱਚ ਕੋਈ ਸਮਾਗਮ ਹੁੰਦਾ ਹੈ ਤਾਂ ਸਾਰੇ ਇਲਾਕੇ ਵਿੱਚ ਕਲੱਬ ਮੈਂਬਰਾਂ ਦੀਆਂ ਕਾਰਾਂ ਖੜੀਆਂ ਦਿਖਾਈ ਦਿੰਦੀਆਂ ਹਨ। ਕਈ ਸਮਾਜਿਕ ਜਥੇਬੰਦੀਆਂ ਨੇ ਪ੍ਰਸਾਸਨ ਕੋਲ ਇਹ ਮੁੱਦਾ ਉਠਾਇਆ ਸੀ ਕਿ ਕਲੱਬ ਨੂੰ ਗਰੀਨ ਬੈਲਟ 'ਤੇ ਕਬਜਾ ਕਰਨ ਅਤੇ ਪਾਰਕਿੰਗ ਬਣਾਉਣ ਦਾ ਕੋਈ ਅਧਿਕਾਰ ਨਹੀਂ ਹੈ। ਦੂਜੇ ਪਾਸੇ ਕਲੱਬ ਸਿਰਫ ਦਿਖਾਵੇ ਲਈ ਵਾਤਾਵਰਣ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕਰਦਾ ਜਾਪਦਾ ਹੈ। ਇੰਨਾ ਹੀ ਨਹੀਂ ਕਲੱਬ ਵਿੱਚ ਹਰ ਹਫਤੇ ਸਵਿਮਿੰਗ ਦੇ ਸੀਜਨ ਦੌਰਾਨ ਛੱਡੇ ਜਾਂਦੇ ਲੱਖਾਂ ਲੀਟਰ ਪਾਣੀ ਵਿੱਚ ਕਲੋਰੀਨ ਦੀ ਮਾਤਰਾ ਇੰਨੀ ਜ?ਿਆਦਾ ਹੁੰਦੀ ਹੈ ਕਿ ਇਸ ਨੂੰ ਸਿੱਧੇ ਤੌਰ 'ਤੇ ਸੀਵਰੇਜ ਵਿੱਚ ਨਹੀਂ ਛੱਡਿਆ ਜਾ ਸਕਦਾ ਪਰ ਕਲੱਬ ਵੱਲੋਂ ਹੁਕਮਾਂ ਦੇ ਬਾਵਜੂਦ ਅਜਿਹਾ




ਕਰਨਾ ਜਾਰੀ ਹੈ। ਪ੍ਰਦੂਸਣ ਕੰਟਰੋਲ ਬੋਰਡ ਕਲੱਬ 'ਚ ਸਿਆਸੀ ਮੈਂਬਰਾਂ ਕਾਰਨ ਪ੍ਰਦੂਸਣ ਕੰਟਰੋਲ ਵਿਭਾਗ ਇਸ 'ਤੇ ਕੋਈ ਸਖਤ ਕਾਰਵਾਈ ਨਹੀਂ ਕਰ ਰਿਹਾ ਹੈ ਪਰ ਲੋਕਾਂ ਦੀ ਸਿਹਤ ਨਾਲ ਖਿਲਵਾੜ ਬੰਦ ਕਰਨ ਲਈ ਇਕ ਸਵੈ-ਸੇਵੀ ਸੰਸਥਾ ਸੁਸਾਇਟੀ ਫਾਰ ਐਨਵਾਇਰਮੈਂਟ ਐਂਡ ਐਜੂਕੇਸਨ ਕੇਅਰ ਐੱਨ.ਜੀ.ਟੀ. ਦੇ ਸਾਹਮਣੇ ਜਲਦ ਹੀ ਇਹ ਮਾਮਲਾ ਖੜ੍ਹਾ ਕੀਤਾ ਜਾ ਰਿਹਾ ਹੈ। ਸੰਸਥਾ ਵੱਲੋਂ ਕਲੱਬ ਦੀਆਂ ਕੰਧਾਂ 'ਤੇ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ ਪਰ ਸਮਾਜ ਪ੍ਰਤੀ ਆਪਣੀਆਂ ਜ?ਿੰਮੇਵਾਰੀਆਂ ਨਿਭਾਉਣ ਲਈ ਇੱਕ ਸੋਸਲ ਕਲੱਬ ਦੀ ਵੀ ਲੋੜ ਹੈ। ਕਲੱਬ ਵਿੱਚ ਪੈਸੇ ਦੀ ਬਰਬਾਦੀ ਦਾ ਇਹ ਹਾਲ ਹੈ ਕਿ ਕਲੱਬ ਦੇ ਹੀ ਇੱਕ ਵਟਸਐਪ ਗਰੁੱਪ ਵਿੱਚ ਕਲੱਬ ਦਾ ਇਸਤਿਹਾਰ ਆਇਆ ਕਿ ਕਲੱਬ ਦਾ ਇੱਕ ਸਨੂਕਰ ਟੇਬਲ ਬਿਲਕੁਲ ਠੀਕ ਹਾਲਤ 'ਚ ਸੇਲ 'ਤੇ ਲਗਾਇਆ ਗਿਆ ਹੈ। ਕਲੱਬ ਮੈਂਬਰਾਂ ਨੇ ਇਤਰਾਜ ਕੀਤਾ ਕਿ ਜੇਕਰ ਸਨੂਕਰ ਟੇਬਲ ਠੀਕ ਸੀ ਤਾਂ ਇਸ ਨੂੰ ਕਿਉਂ ਵੇਚਿਆ ਜਾ ਰਿਹਾ ਹੈ ਅਤੇ ਲੱਖਾਂ ਰੁਪਏ ਦਾ ਨਵਾਂ ਟੇਬਲ ਖਰੀਦਿਆ ਜਾ ਰਿਹਾ ਹੈ। ਮੈਂਬਰਾਂ ਦਾ ਕਹਿਣਾ ਹੈ ਕਿ ਕਲੱਬ 'ਚ ਬੇਸਮੈਂਟ ਪਾਰਕਿੰਗ ਦੀ ਮੰਗ ਪੈਂਡਿੰਗ ਹੈ ਕਿਉਂਕਿ ਇਸ ਨਾਲ ਮੈਂਬਰਾਂ ਨੂੰ ਸਹੂਲਤ ਮਿਲੇਗੀ ਅਤੇ ਗਰੀਨ ਬੈਲਟ ਨੂੰ ਬਚਾਇਆ ਜਾ ਸਕਦਾ ਹੈ ਪਰ ਪਰ ਜੇਕਰ ਕਲੱਬ ਵੱਲੋਂ ਕਰੋੜਾਂ ਰੁਪਏ ਕਲੱਬ ਦੀ ਚਾਰਦੀਵਾਰੀ 'ਤੇ ਖਰਚ ਕੀਤੇ ਗਏ ਤਾਂ ਉਨ੍ਹਾਂ ਨੂੰ ਬੇਸਮੈਂਟ ਪਾਰਕਿੰਗ ਲਈ ਫ?ਿਰ ਤੋਂ ਢਾਹੁਣਾ ਪਵੇਗਾ ਜਿਸ ਨਾਲ ਮੈਂਬਰਾਂ ਦਾ ਬੇਸਮੈਂਟ ਪਾਰਕਿੰਗ ਦਾ ਸੁਫਨਾ ਅਧੂਰਾ ਹੀ ਰਹਿ ਜਾਵੇਗਾ। ਇਸ ਦੇ ਨਾਲ ਹੀ ਸਵਿਮਿੰਗ ਪੂਲ ਨੂੰ ਆਲ-ਵੈਦਰ ਬਣਾਉਣ ਲਈ ਸਭ ਤੋਂ ਪਹਿਲਾਂ ਇਸ ਦੇ ਪਾਣੀ ਵਿੱਚੋਂ ਕਲੋਰੀਨ ਕੱਢਣ ਦਾ ਪ੍ਰਾਜੈਕਟ ਲਾਗੂ ਕਰਨ ਦੀ ਲੋੜ ਹੈ ਕਿਉਂਕਿ ਤਾਂ ਹੀ ਸਮਾਜਿਕ ਕਲੱਬ ਬਣਨ ਦੀ ਜ?ਿੰਮੇਵਾਰੀ ਸਾਰਥਕ ਹੋਵੇਗੀ।

## ਘਰੇਲੂ ਬਾਜਾਰਾਂ ਦੇ ਸ਼ੁਰੂਆਤੀ ਕਾਰੋਬਾਰ 'ਚ ਗਿਰਾਵਟ

ਮੁੰਬਈ 22 ਫਰਵਰੀ। ਗਲੋਬਲ ਬਾਜਾਰ 'ਚ ਨਕਾਰਾਤਮਕ ਰੁਖ ਦੇ ਵਿਚਕਾਰ ਬੁੱਧਵਾਰ ਦੇ ਸ਼ੁਰੂਆਤੀ ਕਾਰੋਬਾਰ 'ਚ ਘਰੇਲੂ ਬਾਜਾਰਾਂ 'ਚ ਗਿਰਾਵਟ ਦਰਜ ਕੀਤੀ ਗਈ ਅਤੇ ਸੈਂਸੈਕਸ 675.79 ਅੰਕ ਡਿੱਗ ਗਿਆ। ਬੀਐੱਸਈ ਦਾ 30 ਸੇਅਰਾਂ ਵਾਲਾ ਸੂਚਕ ਅੰਕ ਸੈਂਸੈਕਸ 675.79 ਅੰਕ ਜਾਂ 0.94 ਫੀਸਦੀ ਡਿੱਗ ਕੇ 70,879.40 'ਤੇ ਬੰਦ ਹੋਇਆ। ਦਾ 50 ਸੇਅਰਾਂ ਵਾਲਾ ਪ੍ਰਮੁੱਖ ਸੂਚਕ ਅੰਕ ਨਿਫਟੀ 187.85 ਅੰਕ ਜਾਂ 0.86 ਫੀਸਦੀ ਡਿੱਗ ਕੇ 21,555.40 ਅੰਕ 'ਤੇ ਆ ਗਿਆ। ਸੈਂਸੈਕਸ 'ਚ 27 ਕੰਪਨੀਆਂ ਦੇ ਸੇਅਰਾਂ 'ਚ ਗਿਰਾਵਟ ਦਰਜ ਕੀਤੀ ਗਈ। ਸ਼ੁਰੂਆਤੀ ਕਾਰੋਬਾਰ 'ਚ ਇੰਫੋਸਿਸ, ਟੈਕ ਮਹਿੰਦਰਾ, ਵਿਪਰੋ, ਐੱਚਡੀਐੱਫਸੀ ਬੈਂਕ



ਅਤੇ ਟੀਸੀਐੱਸ ਦੇ ਸੇਅਰਾਂ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ। ਨਿਫਟੀ 'ਚ ਸੂਚੀਬੱਧ 44 ਕੰਪਨੀਆਂ ਦੇ ਸੇਅਰਾਂ ਨੂੰ ਨੁਕਸਾਨ ਹੋਇਆ। ਹੋਰ ਏਸੀਆਈ ਬਾਜਾਰਾਂ 'ਚ ਜਾਪਾਨ ਦਾ ਨਿੱਕੇਈ 225 ਅਤੇ ਹਾਂਗਕਾਂਗ ਦਾ ਹੈਂਗ ਸੇਂਗ ਲਾਲ ਰੰਗ 'ਚ ਰਿਹਾ, ਜਦਕਿ ਚੀਨ ਦਾ ਸੰਘਾਈ ਕੰਪੋਜ?ਿਟ ਮਾਮੂਲੀ ਸਕਾਰਾਤਮਕ ਰਿਹਾ। ਇਸ ਦੇ ਨਾਲ ਹੀ ਯੂਰਪੀ ਅਤੇ ਅਮਰੀਕੀ ਬਾਜਾਰ ਮੰਗਲਵਾਰ ਨੂੰ ਨਕਾਰਾਤਮਕ ਰੁਖ ਨਾਲ ਬੰਦ ਹੋਏ। ਸੇਅਰ ਬਾਜਾਰ ਦੇ ਅੰਕੜਿਆਂ ਮੁਤਾਬਕ ਵਿਦੇਸੀ ਸੰਸਥਾਗਤ ਨਿਵੇਸਕਾਂ (ਐੱਫ.ਆਈ.ਆਈ.) ਨੇ ਮੰਗਲਵਾਰ ਨੂੰ 376.32 ਕਰੋੜ ਰੁਪਏ ਦੇ ਸੇਅਰਾਂ ਦੀ ਸ਼ੁੱਧ ਖਰੀਦਦਾਰੀ ਕੀਤੀ।

## ਕੁਝ ਹੀ ਘੰਟਿਆਂ ਦੇ ਨਵਜੰਮੇ ਬੱਚੇ ਨੂੰ ਲਿਫਾਫੇ 'ਚ ਪਾ ਕੇ ਦਰੱਖਤ ਨਾਲ ਟੰਗ ਕੇ ਮਾਪੇ ਹੋਏ ਫਰਾਰ

ਚੰਡੀਗੜ੍ਹ 22 ਫਰਵਰੀ। ਅੱਜ-ਕੱਲ ਲੋਕਾਂ ਦਾ ਇਨਸਾਨੀਅਤ ਤੇ ਰਿਸ਼ਤੇ-ਨਾਤਿਆਂ ਤੋਂ ਤਾਂ ਜਿਵੇਂ ਵਿਸ਼ਵਾਸ ਹੀ ਉੱਠ ਗਿਆ ਹੈ। ਅਜਿਹਾ ਹੀ ਇਕ ਮਾਮਲਾ ਸਾਹਮਣੇ ਆਇਆ ਹੈ ਚੰਡੀਗੜ੍ਹ ਤੋਂ, ਜਿੱਥੇ ਇਕ ਨਵਜੰਮੇ ਬੱਚੇ ਨੂੰ ਬੈਗ ਵਿਚ ਪਾ ਕੇ ਮਲੋਆ ਨੂੰ ਜਾਣ ਵਾਲੇ ਕੱਚੇ ਰਸਤੇ ਦੇ ਕਿਨਾਰੇ ਦਰੱਖ਼ਤ ਨਾਲ ਲਟਕਾ ਦਿੱਤਾ ਗਿਆ। ਕਿਸੇ ਰਾਹਗੀਰ ਨੂੰ ਨਵਜੰਮੇ ਬੱਚੇ ਦੇ ਰੋਣ ਦੀ ਆਵਾਜ਼ ਸੁਣਾਈ ਦਿੱਤੀ ਤਾਂ ਉਸ ਨੇ ਦੇਖਿਆ ਕਿ ਦਰੱਖ਼ਤ 'ਤੇ ਇਕ ਬੈਗ ਲਟਕ ਰਿਹਾ ਹੈ। ਬੈਗ ਵਿਚ ਦੇਖਣ 'ਤੇ ਉਸ



ਵਿਚੋਂ ਬੱਚਾ ਮਿਲਿਆ। ਉਸ ਨੇ ਮਾਮਲੇ ਦੀ ਜਾਣਕਾਰੀ ਪੁਲਸ ਨੂੰ ਦਿੱਤੀ। ਮਲੋਆ ਥਾਣਾ ਪੁਲਸ ਬੱਚੇ ਨੂੰ ਸੈਕਟਰ-16 ਜਨਰਲ ਹਸਪਤਾਲ ਲੈ ਗਈ, ਜਿੱਥੇ ਐਮਰਜੈਂਸੀ ਵਿਚ ਡਾਕਟਰਾਂ ਨੇ ਉਸ ਦੀ ਜਾਂਚ ਕੀਤੀ। ਨਵਜੰਮਿਆ ਬੱਚਾ ਲੜਕਾ ਹੈ ਅਤੇ ਕੁਝ ਘੰਟਿਆਂ ਦਾ ਹੀ ਲੱਗ ਰਿਹਾ ਹੈ। ਮਲੋਆ ਥਾਣਾ ਪੁਲਸ ਨੇ ਦੱਸਿਆ ਕਿ ਰਾਹਗੀਰ ਦੀ ਸ਼ਿਕਾਇਤ 'ਤੇ ਪੁਲਸ ਨੇ ਅਣਪਛਾਤੇ ਮਾਤਾ-ਪਿਤਾ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਇਸ ਰਸਤੇ 'ਚ ਕਿੱਥੇ-ਕਿੱਥੇ ਸੀ.ਸੀ.ਟੀ.ਵੀ. ਕੈਮਰੇ ਲੱਗੇ ਹਨ, ਉਨ੍ਹਾਂ ਨੂੰ ਚੈੱਕ ਕੀਤਾ ਜਾ ਰਿਹਾ ਹੈ। ਪੁਲਸ ਨੇ ਦੱਸਿਆ ਕਿ ਨਵਜੰਮਿਆ ਬੱਚਾ ਬਿਲਕੁਲ ਤੰਦਰੁਸਤ ਹੈ ਅਤੇ ਇਸ ਸਮੇਂ ਡਾਕਟਰਾਂ ਦੀ ਦੇਖ-ਰੇਖ ਵਿਚ ਹੈ।

## ਪੰਜਾਬ 'ਚ ਵੱਡੀ ਵਾਰਦਾਤ, ਬੀੜੀ ਪੀਣ ਨੂੰ ਲੈ ਕੇ ਹੋਈ ਤਕਰਾਰ ਤੋਂ ਬਾਅਦ ਨੌਜਵਾਨ ਦਾ ਕਤਲ

ਹਰੀਕੇ ਪੱਤਣ 22 ਫਰਵਰੀ। ਕਸਬੇ ਦੇ ਨਜਦੀਕ ਪਿੰਡ ਸਭਰਾ ਵਿਖੇ ਅੱਜ ਸਵੇਰੇ ਤੜਕਸਰ ਇਕ ਵਿਅਕਤੀ ਵੱਲੋਂ ਕ੍ਰਿਪਾਨ ਨਾਲ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ। ਇਸ ਸੰਬੰਧੀ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਵਿਚੋਂ ਦਰਸ਼ਨ ਸਿੰਘ ਸਭਰਾ ਨੇ ਦੱਸਿਆ ਕਿ ਪਿੰਡ ਸਭਰਾ ਦਾ ਵਸਨੀਕ ਨੌਜਵਾਨ ਸੁਖਰਾਜ ਸਿੰਘ ਉਰਫ ਕਾਲੂ ਪੁੱਤਰ ਅਮਰੀਕ ਸਿੰਘ ਉਮਰ ਲੱਗਭਗ 38 ਸਾਲ ਜੋ ਆਪਣੇ ਕੰਮ ਲਈ ਘਰੋਂ ਬਾਹਰ ਨਿਕਲ ਕੇ ਹੀ ਗਿਆ ਸੀ ਤਾਂ ਅਚਾਨਕ ਪਿੰਡ ਦੇ ਵਿਅਕਤੀ ਸੁਖਚੈਨ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਸਭਰਾ ਵੱਲੋਂ ਇਸ ਕ੍ਰਿਪਾਨ ਨਾਲ ਕਤਲ ਕਰ ਦਿੱਤਾ ਗਿਆ। ਦੂਜੇ ਪਾਸੇ ਕਤਲ ਕਰਨ ਵਾਲੇ ਵਿਅਕਤੀ ਸੁਖਚੈਨ ਸਿੰਘ ਨੇ ਦੱਸਿਆ ਕਿ ਉਕਤ ਨੌਜਵਾਨ ਉਸ ਦੇ ਕੋਲ ਬੀੜੀ ਪੀ ਰਿਹਾ ਸੀ। ਇਸ ਦੌਰਾਨ ਉਸ ਨੇ ਸੁਖਰਾਜ ਨੂੰ ਬੀੜੀ ਥੋੜ੍ਹਾ ਦੂਰ ਹੋ ਕੇ ਪੀਣ ਲਈ ਕਿਹਾ। ਇਸ 'ਤੇ ਸੁਖਰਾਜ ਨੇ ਉਸ ਨਾਲ ਗਾਲੀ ਗਲੋਚ ਕਰਨਾ ਸ਼ੁਰੂ ਕਰ ਦਿੱਤਾ, ਜਿਸ 'ਤੇ ਗੁੱਸੇ ਵਿਚ ਆ ਕੇ ਉਸ ਨੇ



ਕਿਰਪਾਨ ਨਾਲ ਸੁਖਰਾਜ 'ਤੇ ਦੋ ਵਾਰ ਕੀਤਾ, ਜਿਸ ਨਾਲ ਉਸ ਦੀ ਮੌਤ ਹੋ ਗਈ। ਉਧਰ ਵਾਰਦਾਤ ਤੋਂ ਬਾਅਦ ਮੌਕੇ 'ਤੇ ਪਹੁੰਚੇ ਜਾਂਚ ਐੱਸ. ਐੱਚ ਓ. ਪਰਮਜੀਤ ਸਿੰਘ ਨੇ ਦੋਵਾਂ ਵਿਅਕਤੀਆਂ ਵਿਚਾਲੇ ਕੋਈ ਰੰਜਿਸ਼ ਨਹੀਂ ਸੀ। ਬੀੜੀ ਪੀਣ ਲੈ ਕੇ ਹੋਈ ਤਕਰਾਰ ਤੋਂ ਬਾਅਦ ਇਹ ਕਤਲ ਕੀਤਾ ਗਿਆ ਹੈ। ਪੁਲਸ ਨੇ ਮੁਲਜਮ ਨੂੰ ਮੌਕੇ ਤੋਂ ਹੀ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਵਾਰਦਾਤ ਵਿਚ ਵਰਤੀ ਗਈ ਕ੍ਰਿਪਾਨ ਵੀ ਬਰਾਮਦ ਕਰ ਲਈ ਹੈ। ਉਧਰ ਸਥਾਨਕ ਲੋਕਾਂ ਨੇ ਕਿਹਾ ਕਿ ਸਾਡੀ ਮੰਗ ਹੈ ਕਿ ਸੁਖਰਾਜ ਦਾ ਕਤਲ ਕਰਨ ਵਾਲੇ ਵਿਅਕਤੀ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ। ਇਸ ਮੌਕੇ 'ਤੇ ਡੀ. ਐੱਸ. ਪੀ. ਪੱਟੀ ਅਤੇ ਐੱਸ. ਐੱਚ ਓ. ਪਰਮਜੀਤ ਸਿੰਘ ਪੱਟੀ ਮੌੜ ਘਟਨਾ ਸਥਾਨ 'ਤੇ ਪਹੁੰਚੇ ਅਤੇ ਲਾਸ਼ ਨੂੰ ਆਪਣੇ ਕਬਜੇ ਵਿਚ ਲੈ ਕੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਮ੍ਰਿਤਕ ਦੇ ਭਰਾ ਦੇ ਬਿਆਨਾਂ 'ਤੇ ਦੋਸ਼ੀ ਸੁਖਚੈਨ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਸਭਰਾ ਖ?ਿਲਾਫ ਕੇਸ ਦਰਜ ਕਰਕੇ ਅਗੇਲਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਦੇਸ 'ਚ ਜਲਦ ਚੱਲਣਗੀਆਂ ਟਰੇਨਾਂ ਵਾਂਗ ਇਲੈਕਟ੍ਰਿਕ ਬੱਸਾਂ, ਘੱਟ ਕਿਰਾਏ 'ਚ ਮਿਲੇਗੀ ਜਹਾਜ ਵਰਗੀ ਸਹੂਲਤ

ਨੈਸ਼ਨਲ ਡੈਸਕ 22 ਫਰਵਰੀ। ਦੇਸ 'ਚ ਜਲਦ ਹੀ ਟਰੇਨਾਂ ਵਾਂਗ ਇਲੈਕਟ੍ਰਿਕ ਬੱਸਾਂ ਚੱਲਣਗੀਆਂ। ਜੈਪੁਰ ਅਤੇ ਦਿੱਲੀ ਵਿਚਕਾਰ ਰੇਲਗੱਡੀਆਂ ਵਾਂਗ ਇਲੈਕਟ੍ਰਿਕ ਬੱਸਾਂ ਨੂੰ ਚਲਾ ਕੇ ਇਸਦਾ ਪ੍ਰੀਖਣ ਕੀਤਾ ਜਾਵੇਗਾ। ਇਨ੍ਹਾਂ ਬੱਸਾਂ ਵਿੱਚ ਉਡਾਣ ਵਰਗੀਆਂ ਸਹੂਲਤਾਂ ਮਿਲਣਗੀਆਂ, ਇਸ ਦੇ ਬਾਵਜੂਦ ਇਸ ਦਾ ਕਿਰਾਇਆ ਬਹੁਤ ਘੱਟ ਹੋਵੇਗਾ। ਇਸ ਗੱਲ ਦਾ ਐਲਾਨ ਕੇਂਦਰੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਆਪਣੇ



ਉਦੈਪੁਰ ਦੌਰੇ ਦੌਰਾਨ ਇੱਕ ਪ੍ਰੋਗਰਾਮ ਵਿੱਚ ਕੀਤਾ। ਕੇਂਦਰੀ ਮੰਤਰੀ ਨੇ ਡਬੋਕ ਦੇ ਰੂਪੀ ਰਿਜੋਰਟ ਮੈਦਾਨ ਵਿੱਚ 2500 ਕਰੋੜ ਰੁਪਏ ਦੀ ਲਾਗਤ ਵਾਲੇ ਰਾਜਸਥਾਨ ਦੇ 17 ਸੜਕੀ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਸਮਾਗਮ ਵਿੱਚ ਗਡਕਰੀ ਨੇ ਦੱਸਿਆ ਕਿ ਜਦੋਂ ਉਹ ਚੈਕੋਸਲੋਵਾਕੀਆ ਦੇ ਪ੍ਰਾਗ ਸਹਿਰ ਗਏ ਸਨ ਤਾਂ ਸੜਕ ਦੇ ਉੱਪਰ ਇੱਕ ਕੇਬਲ ਪਈ ਸੀ ਜਿਸ 'ਤੇ ਇੱਕ ਇਲੈਕਟ੍ਰਿਕ ਬੱਸ ਚੱਲ ਰਹੀ ਸੀ। ਇਸੇ ਤਰਜ 'ਤੇ ਹੁਣ ਦਿੱਲੀ-ਮੁੰਬਈ ਐਕਸਪ੍ਰੈਸਵੇਅ ਨੂੰ ਜੈਪੁਰ ਨਾਲ ਜੋੜਿਆ ਜਾ ਰਿਹਾ ਹੈ। ਇਸ ਨੂੰ ਇਲੈਕਟ੍ਰਿਕ ਹਾਈਵੇਅ ਵਜੋਂ ਬਣਾਇਆ ਜਾਵੇਗਾ। ਇਸ ਤੋਂ ਬਾਅਦ ਜੈਪੁਰ ਅਤੇ ਦਿੱਲੀ ਵਿਚਕਾਰ ਇਲੈਕਟ੍ਰਿਕ ਬੱਸਾਂ ਚੱਲਣਗੀਆਂ।

## ਹਾਈਵੇਅ 'ਤੇ ਨਾਕੇ ਤੋਂ ਗੱਡੀ ਭਜਾਉਣ ਦੀ ਕੋਸ਼ਿਸ਼ 'ਚ ਟ੍ਰੈਫਿਕ 'ਚ ਫਸ ਗਈ ਸੀ ਅਫੀਮ ਸਣੇ ਫੜੇ ਜੋੜੇ ਦੀ ਗੱਡੀ

ਜਲੰਧਰ 22 ਫਰਵਰੀ। ਅੱਧਾ ਕਿਲੋ ਅਫੀਮ ਸਮੇਤ ਗ੍ਰਿਫਤਾਰ ਜੋੜੇ ਨੇ ਸੀ. ਆਈ. ਏ. ਸਟਾਫ ਦੇ ਨਾਕੇ ਤੋਂ ਗੱਡੀ ਭਜਾਉਣ ਦੀ ਵੀ ਕੋਸ਼ਿਸ਼ ਕੀਤੀ ਸੀ। ਹਾਲਾਂਕਿ ਟ੍ਰੈਫਿਕ ਜਾਮ ਹੋਣ ਕਾਰਨ ਉਨ੍ਹਾਂ ਦੀ ਗੱਡੀ ਜਾਮ ਵਿਚ ਫਸ ਗਈ, ਜਿਸ ਕਾਰਨ ਉਨ੍ਹਾਂ ਨੂੰ ਕਾਫੀ ਆਸਾਨੀ ਨਾਲ ਪੁਲਸ ਨੇ ਕਾਬੂ ਕਰ ਲਿਆ। ਦਰਅਸਲ ਸੀ. ਆਈ. ਏ. ਸਟਾਫ ਨੇ ਜਲੰਧਰ-ਅੰਮ੍ਰਿਤਸਰ ਹਾਈਵੇਅ 'ਤੇ ਸਥਿਤ ਫੇਅਰ ਫਾਰਮ ਰਿਜਾਰਟ ਨੇੜੇ ਨਾਕਾਬੰਦੀ ਦੌਰਾਨ ਇਨਪੁੱਟ ਅਨੁਸਾਰ ਗੱਡੀ ਨੂੰ ਰੁਕਣ ਦਾ ਇਸ਼ਾਰਾ ਕੀਤਾ। ਗੱਡੀ ਅਮਨ ਨਗਰ ਦਾ ਰਹਿਣ ਵਾਲਾ ਜਤਿੰਦਰ ਕੁਮਾਰ ਉਰਫ ਬਬਲੂ ਪੁੱਤਰ ਜੀਵਨ ਦਾਸ ਚਲਾ ਰਿਹਾ ਸੀ, ਜਦਕਿ ਉਸ ਦੇ ਨਾਲ ਵਾਲੀ ਸੀਟ 'ਤੇ ਉਸ ਦੀ ਪਤਨੀ ਸ਼ੈਲੀ ਸਰੀਨ ਬੈਠੀ ਹੋਈ ਸੀ। ਸੀ. ਆਈ. ਏ. ਸਟਾਫ ਨੂੰ ਵੇਖਦੇ ਹੀ ਜਤਿੰਦਰ ਨੇ ਗੱਡੀ ਭਜਾਉਣ ਦੀ ਕੋਸ਼ਿਸ਼ ਕੀਤੀ ਪਰ ਅਚਾਨਕ ਜਾਮ ਲੱਗ ਗਿਆ ਅਤੇ ਪੁਲਸ ਨੇ ਉਨ੍ਹਾਂ ਦੀ ਗੱਡੀ ਘੇਰ ਕੇ ਦੋਵਾਂ ਨੂੰ ਹਿਰਾਸਤ ਵਿਚ ਲੈ ਕੇ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ ਅੱਧਾ ਕਿਲੋ ਅਫੀਮ ਬਰਾਮਦ ਹੋਈ। ਥਾਣਾ ਨੰਬਰ 1 ਵਿਚ ਜਤਿੰਦਰ ਅਤੇ ਉਸਦੀ ਪਤਨੀ ਸ਼ੈਲੀ ਖ?ਿਲਾਫ ਐੱਨ. ਡੀ. ਪੀ. ਐੱਸ. ਐਕਟ ਅਧੀਨ ਕੇਸ ਦਰਜ ਕਰ ਲਿਆ ਹੈ। ਸੀ. ਆਈ. ਏ. ਸਟਾਫ ਵਿਚ ਦੋਵਾਂ ਤੋਂ ਉਨ੍ਹਾਂ ਦੇ ਨੈੱਟਵਰਕ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂਕਿ ਨੈੱਟਵਰਕ ਬ੍ਰੇਕ ਕੀਤਾ ਜਾ ਸਕੇ। ਇਸ ਮਾਮਲੇਂ ਵਚ ਪੁਲਸ ਜਲਦ ਪ੍ਰੈੱਸ ਕਾਨਫਰੰਸ ਕਰਕੇ ਖੁਲਾਸਾ ਕਰ ਸਕਦੀ ਹੈ।

## ਕੰਗਣਵਾਲ ਇਲਾਕੇ 'ਚ ਦੇਰ ਰਾਤ ਵਾਪਰਿਆ ਭਿਆਨਕ ਹਾਦਸਾ, ਸਿਲੰਡਰ ਫਟਣ ਕਾਰਨ 4 ਨਾਬਾਲਗਾਂ ਸਣੇ 6 ਝੁਲਸੇ

ਲੁਧਿਆਣਾ 22 ਫਰਵਰੀ। ਦੁੱਗਰੀ ਰੋਡ 'ਤੇ ਕੰਗਣਵਾਲ ਇਲਾਕੇ 'ਚ ਦੇਰ ਰਾਤ ਵਾਪਰੇ ਭਿਆਨਕ ਹਾਦਸੇ ਦੌਰਾਨ ਗੈਸ ਸਿਲੰਡਰ ਫਟਣ ਕਾਰਨ ਲੱਗੀ ਅੱਗ 'ਚ 4 ਬੱਚਿਆਂ ਸਮੇਤ ਅੱਧੀ ਦਰਜਨ ਦੇ ਕਰੀਬ ਲੋਕ ਬੁਰੀ ਤਰ੍ਹਾਂ ਝੁਲਸ ਗਏ। ਜਾਣਕਾਰੀ ਅਨੁਸਾਰ ਹਾਦਸੇ ਦੌਰਾਨ ਜਖਮੀ ਹੋਏ ਵਿਅਕਤੀਆਂ ਨੂੰ ਇਲਾਕਾ ਨਿਵਾਸੀਆਂ ਵੱਲੋਂ ਇਲਾਜ ਲਈ ਸਥਾਨਕ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਇਸ ਦੌਰਾਨ ਅੱਗ ਦੀ ਲਪੇਟ 'ਚ ਆ ਕੇ ਬੁਰੀ ਤਰ੍ਹਾਂ ਝੁਲਸੇ ਇਕ ਬੱਚੇ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ, ਜਿਸ ਨੂੰ ਦੂਜੇ ਹਸਪਤਾਲ 'ਚ ਭੇਜ ਦਿੱਤਾ ਗਿਆ ਹੈ। ਪ੍ਰਾਈਵੇਟ ਹਸਪਤਾਲ ਦੇ ਡਾਕਟਰਾਂ ਦੀ ਟੀਮ ਵੱਲੋਂ ਉਨ੍ਹਾਂ ਨੂੰ ਹਸਪਤਾਲ ਰੈਫਰ ਕੀਤਾ ਜਾ ਰਿਹਾ ਹੈ। ਮੌਕੇ 'ਤੇ ਸਥਿਤੀ ਅਜਿਹੀ ਬਣੀ ਹੋਈ ਹੈ ਕਿ ਲੋਕ ਪੂਰੀ ਤਰ੍ਹਾਂ ਨਾਲ ਡਰੇ ਹੋਏ ਹਨ ਅਤੇ ਇਹ ਵੀ ਦੱਸਣ ਤੋਂ ਅਸਮਰੱਥ ਹਨ ਕਿ ਕੀ ਇਹ ਦਰਦਨਾਕ ਹਾਦਸਾ ਬੰਬ ਵਰਗੀ ਦੇਸੀ ਗੈਸ ਦੇ ਧਮਾਕੇ ਕਾਰਨ ਵਾਪਰਿਆ ਹੈ ਜਾਂ 14.2 ਕਿਲੋ ਘਰੇਲੂ ਗੈਸ ਦੇ ਸਿਲੰਡਰ 'ਚ ਧਮਾਕਾ ਹੋਇਆ ਹੈ। ਪੀੜਤ ਪਰਿਵਾਰ ਹਾਦਸੇ ਦੌਰਾਨ ਗੰਭੀਰ ਜਖਮੀ ਹੋਏ ਆਪਣੇ ਪਰਿਵਾਰਕ ਮੈਂਬਰ ਦੀ ਜਾਨ ਬਚਾਉਣ ਲਈ



ਤਰਲੋ-ਮੱਛੀ ਹੋ ਰਿਹਾ ਹੈ ਤਾਂ ਜੋ ਕਿਸੇ ਤਰ੍ਹਾਂ ਉਸ ਨੂੰ ਬਚਾਇਆ ਜਾ ਸਕੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਰਾਜ ਅੰਬੇਡਕਰ ਨਾਂ ਦੇ ਵਿਅਕਤੀ ਨੇ ਦੱਸਿਆ ਕਿ ਰਾਤ 11.30 ਵਜੇ ਤੱਕ ਗੌਤਮ (18), ਸੁਭਾਸ ਪਾਂਡੇ (10), ਸਾਕਸੀ (8) ਅਤੇ ਸਾਹਿਬ ਕੁਮਾਰ (8) ਸਮੇਤ 4 ਨਾਬਾਲਗ ਬੱਚਿਆਂ ਨੂੰ ਇਲਾਜ ਲਈ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ, ਜਦਕਿ ਕਰੀਬ 3 ਹੋਰ ਲੋਕਾਂ ਦੇ ਝੁਲਸ ਜਾਣ ਦਾ ਮਾਮਲਾ ਸਾਹਮਣੇ ਆ ਰਿਹਾ ਹੈ। ਖਬਰ ਲਿਖੇ ਜਾਣ ਤੱਕ ਅੱਗ ਲੱਗਣ ਕਾਰਨ ਬੁਰੀ ਤਰ੍ਹਾਂ ਝੁਲਸ ਚੁੱਕੇ 2 ਬੱਚਿਆਂ ਨੂੰ ਸਥਾਨਕ ਸਿਵਲ ਹਸਪਤਾਲ ਦੇ ਡਾਕਟਰਾਂ ਦੀ ਟੀਮ ਵੱਲੋਂ ਪੀ.ਜੀ.ਆਈ. ਹਸਪਤਾਲ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ ਹੈ। ਜ?ਿਕਰਯੋਗ ਹੈ ਕਿ ਸਹਿਰ ਦੇ ਜ?ਿਆਦਾਤਰ ਇਲਾਕਿਆਂ ਵਿਚ ਮਾਫੀਆ ਵਲੋਂ ਘਰੇਲੂ ਗੈਸ ਦੀ ਕਾਲਾਬਾਜਾਰੀ ਕੀਤੀ ਜਾ ਰਹੀ ਹੈ, ਉੱਥੇ ਨਕਲੀ ਦੇਸੀ ਗੈਸ ਸਿਲੰਡਰਾਂ 'ਚ 14.2 ਕਿਲੋ ਦੇ ਰਸੋਈ ਗੈਸ ਸਿਲੰਡਰਾਂ 'ਚੋਂ ਗੈਰ-ਕਾਨੂੰਨੀ ਤਰੀਕੇ ਨਾਲ ਗੈਸ ਕੱਢ ਕੇ ਬੇਕਸੂਰ ਲੋਕਾਂ ਦੀ ਜਾਨ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ, ਜਿਸ ਕਾਰਨ ਅਜਿਹੇ ਭਿਆਨਕ ਹਾਦਸੇ ਵਾਪਰਨ ਦਾ ਖਦਸਾ ਬਣਿਆ ਰਹਿੰਦਾ ਹੈ। ਫਿਲਹਾਲ ਇਹ ਰਹੱਸ ਬਣਿਆ ਹੋਇਆ ਹੈ ਕਿ ਉਕਤ ਘਾਤਕ ਹਾਦਸਾ ਘਰੇਲੂ ਗੈਸ ਸਿਲੰਡਰ ਦੇ ਫਟਣ ਨਾਲ ਵਾਪਰਿਆ ਹੈ ਜਾਂ ਦੇਸੀ ਗੈਸ ਸਿਲੰਡਰ ਨਾਲ।

## ਵਿਆਹ ਦਾ ਝਾਂਸਾ ਦੇ ਕੇ ਬਣਾਏ ਨਾਜਾਇਜ ਸਬੰਧ

ਲੁਧਿਆਣਾ 22 ਫਰਵਰੀ। ਥਾਣਾ ਵੂਮੈਨ ਸੈੱਲ ਦੇ ਇਲਾਕੇ ਅਧੀਨ ਰਹਿਣ ਵਾਲੀ ਕੁੜੀ ਨੇ ਪੁਲਸ ਨੂੰ ਕਮਿਸ਼ਨਰ ਦੇ ਕੋਲ ਇਨਸਾਫ ਦੀ ਗੁਹਾਰ ਲਾਉਂਦੇ ਹੋਏ ਲਿਖਤੀ ਵਿਚ ਸ਼ਿਕਾਇਤ ਦਿੱਤੀ ਹੈ। ਉਸ ਨੇ ਦੁੱਗਰੀ ਦੇ ਰਹਿਣ ਵਾਲੇ ਇਕ ਨੌਜਵਾਨ 'ਤੇ ਦੋਸ਼ ਲਾਉਂਦੇ ਹੋਏ ਦੱਸਿਆ ਕਿ ਇਹ ਨੌਜਵਾਨ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਸਰੀਰਕ ਸੰਬੰਧ ਬਣਾਉਂਦਾ ਰਿਹਾ। ਜਦੋਂ ਉਹ ਗਰਭਵਤੀ ਹੋ ਗਈ ਤਾਂ ਉਸ ਨੂੰ ਡਰਾ-ਧਮਕਾ ਕੇ ਉਸਦਾ ਜਬਰਦਸਤੀ ਗਰਭਪਾਤ ਕਰਵਾ ਦਿੱਤਾ ਅਤੇ ਉਸ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਥਾਣਾ ਵੂਮੈਨ ਸੈੱਲ ਦੀ ਪੁਲਸ ਦੇ ਅਫਸਰਾਂ ਵੱਲੋਂ ਜਾਂਚ ਦੇ ਬਾਅਦ ਪੀੜਤਾ ਦੇ ਬਿਆਨ 'ਤੇ ਦੁੱਗਰੀ ਦੇ ਰਹਿਣ ਵਾਲੇ ਨਿਤਿਨ ਤੋਮਰ ਖ?ਿਲਾਫ ਧੋਖਾਦੇਹੀ ਕਰਨ, ਜਬਰ-ਜ?ਿਨਾਹ ਅਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼ ਵਿਚ ਮਾਮਲਾ ਦਰਜ ਕੀਤਾ ਹੈ। ਪੀੜਤਾ ਨੇ ਪੁਲਸ ਨੂੰ ਦੱਸਿਆ ਕਿ 2021 ਵਿਚ ਉਕਤ ਮੁਲਜਮ ਦੇ ਨਾਲ ਉਸ ਦੀ ਜਾਣ-ਪਛਾਣ ਹੋਣ 'ਤੇ ਦੋਸਤੀ ਹੋ ਗਈ ਤੇ ਮੁਲਜ਼ਮ ਉਸ ਨੂੰ ਵਿਆਹ ਦਾ ਝਾਂਸਾ ਦੇ ਕੇ ਉਸ ਦੇ ਨਾਲ ਨਾਜਾਇਜ਼ ਸਬੰਧ ਬਣਾਉਂਦਾ ਰਿਹਾ। ਮੁਲਜ਼ਮ ਮੈਨੂੰ ਬੇਇੱਜਤ ਕਰਨ ਲਈ ਗਲਤ ਸ਼ਬਦਾਵਲੀ ਦਾ ਇਸਤੇਮਾਲ ਕਰ ਕੇ ਉਸ ਨੂੰ ਧਮਕਾਉਂਦਾ ਰਿਹਾ।

## ਥਾਣਾ ਜਲਾਲਾਬਾਦ ਸਿਟੀ 'ਚ ਤਾਇਨਾਤ ਏ. ਐੱਸ. ਆਈ. ਗ੍ਰਿਫਤਾਰ

ਫ?ਿਰੋਜਪੁਰ 22 ਫਰਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਫਾਜ?ਿਲਕਾ ਜ?ਿਲ੍ਹੇ ਦੇ ਥਾਣਾ ਜਲਾਲਾਬਾਦ ਸਿਟੀ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐੱਸ.ਆਈ) ਸਰੂਪ ਸਿੰਘ ਨੂੰ 4,000 ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਫਿਰੋਜਪੁਰ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਏ. ਐੱਸ. ਆਈ. ਨੂੰ ਸੁਰਜੀਤ ਸਿੰਘ ਵਾਸੀ ਜੰਮੂ ਬਸਤੀ, ਜਲਾਲਾਬਾਦ ਵੱਲੋਂ ਦਰਜ ਕਰਵਾਈ ਗਈ ਸ?ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ?ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ ਲਾਇਆ ਕਿ ਉਕਤ ਪੁਲਸ ਮੁਲਾਜਮ ਨੇ ਉਸਦੇ ਖ?ਿਲਾਫ ਦਰਜ ਪੁਲਸ ਕੇਸ ਵਿਚ ਅਦਾਲਤ 'ਚ ਚਾਰਜਸੀਟ ਦਾਖ਼ਲ ਕਰਨ ਬਦਲੇ ਉਸ ਤੋਂ 20,000 ਰੁਪਏ ਰਿਸਵਤ ਮੰਗੀ ਹੈ ਅਤੇ ਸੌਦਾ 17,000 ਰੁਪਏ ਵਿਚ



ਤੈਅ ਹੋਇਆ ਹੈ। ਸ?ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਉਕਤ ਪੁਲਸ ਮੁਲਾਜ਼ਮ ਉਸ ਤੋਂ ਪਹਿਲਾਂ ਵੀ ਤਿੰਨ ਕਿਸਤਾਂ 'ਚ 10,000, 2,000 ਅਤੇ 1,000 ਰੁਪਏ ਲੈ ਚੁੱਕਾ ਹੈ ਅਤੇ ਰਿਸਵਤ ਦੇ ਬਾਕੀ 4,000 ਰੁਪਏ ਮੰਗ ਰਿਹਾ ਹੈ। ਸ?ਿਕਾਇਤਕਰਤਾ ਨੇ ਸਬੂਤ ਵਜੋਂ ਉਕਤ ਮੁਲਜ਼ਮ ਵੱਲੋਂ ਰਿਸਵਤ ਮੰਗਣ ਦੀ ਕਾਲ ਰਿਕਾਰਡ ਵੀ ਵਿਜੀਲੈਂਸ ਨੂੰ ਸੌਂਪੀ। ਬੁਲਾਰੇ ਨੇ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਫਿਰੋਜਪੁਰ ਰੇਂਜ ਨੇ ਸ?ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਜਾਲ ਵਿਛਾਇਆ ਅਤੇ ਉਕਤ ਪੁਲਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ ਸ?ਿਕਾਇਤਕਰਤਾ ਤੋਂ 4,000 ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

## ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਗੁਰਵਿੰਦਰ ਸਿੰਘ ਮੰਮਣਕੇ ਦੀ ਨਾਲ ਵਿਸੇਸ਼ ਮੁਲਾਕਾਤ ਦੇ ਅਹਿਮ ਅੰਸ਼

ਸ੍ਰੀ ਅਨੰਦਪੁਰ ਸਾਹਿਬ 22 ਫਰਵਰੀ। ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਗੁਰਵਿੰਦਰ ਸਿੰਘ ਮੰਮਣਕੇ ਬੀਤੇ ਸਾਢੇ ਤਿੰਨ ਦਹਾਕਿਆਂ ਤੋਂ ਸੂਬੇ ਦੀ ਸਿਆਸਤ 'ਚ ਅਹਿਮ ਅਤੇ ਸਰਗਰਮ ਭੂਮਿਕਾ ਨਿਭਾਉਂਦੇ ਆ ਰਹੇ ਹਨ। ਉਨ੍ਹਾਂ ਵਲੋਂ ਆਪਣੇ ਸਿਆਸੀ ਜੀਵਨ ਦੌਰਾਨ ਕਈ ਅਹਿਮ ਮਸਲੇ ਹੱਲ ਕਰਵਾਏ ਹਨ ਅਤੇ ਰਾਜਨੀਤੀ 'ਚ ਧਾਂਕ ਸਥਾਪਿਤ ਕੀਤੀ ਹੈ। 'ਜਗ ਬਾਣੀ' ਦੇ ਪਾਠਕਾਂ ਲਈ ਉਨ੍ਹਾਂ ਨਾਲ ਕੀਤੀ ਇਕ ਅਹਿਮ ਮੁਲਾਕਾਤ ਦੇ ਅੰਸ਼ ਪੇਸ਼ ਕੀਤੇ ਗਏ ਹਨ ਜਿਨ੍ਹਾਂ 'ਚ ਉਨ੍ਹਾਂ ਕਈ ਕਰੰਟ ਮੁੱਦਿਆਂ 'ਤੇ ਗੰਭੀਰਤਾ ਨਾਲ ਵਿਚਾਰ ਪੇਸ਼ ਕੀਤੇ ਹਨ। ਮੈਂ ਲੰਬੇ ਅਰਸੇ ਤੋਂ ਜਮੀਨੀ ਪੱਧਰ 'ਤੇ ਇਸ ਮਸਲੇ ਦੇ ਹੱਲ ਲਈ ਯਤਨਸ਼ੀਲ ਰਿਹਾ ਹਾਂ ਅਤੇ ਕਈ ਮੁਲਾਕਾਤਾਂ ਵੱਖ-ਵੱਖ ਕੇਂਦਰੀ ਨੇਤਾਵਾਂ ਨਾਲ ਇਸ ਵਿਸੇਸ਼ ਅਧਾਰਿਤ ਕਰ ਚੁੱਕਾ ਹਾਂ। ਮੇਰੀਆਂ ਕੋਸ਼ਿਸ਼ਾਂ ਨੂੰ ਸਫਲਤਾ ਮਿਲਣ 'ਚ ਇੰਤਜਾਰ ਦੀਆਂ ਘੜੀਆਂ ਖਤਮ ਹੋ ਰਹੀਆਂ ਹਨ ਅਤੇ ਕੇਂਦਰ ਸਰਕਾਰ ਪਾਕਿਸਤਾਨ ਨਾਲ ਮੁੜ ਵਪਾਰ ਸ਼ੁਰੂ ਕਰਨ ਦੀ ਤਜਵੀਜ ਨੂੰ ਅਮਲ 'ਚ ਲਿਆ ਰਹੀ ਹੈ। ਪੰਜਾਬ ਦੀ ਖੇਤਰੀ ਪਾਰਟੀ ਹੋਣ ਦੇ ਬਾਵਜੂਦ ਅਕਾਲੀ ਦਲ ਭਾਜਪਾ ਨਾਲ ਗਠਜੋੜ ਟੁੱਟਣ ਤੋਂ ਬਾਅਦ ਕਮਜੋਰ ਹੋ ਕੇ ਰਹਿ ਗਿਆ ਹੈ। ਇਸ 'ਤੇ ਇਕ ਪਰਿਵਾਰਕ ਪਾਰਟੀ ਹੋਣ ਅਤੇ ਬੀਤੇ ਅਰਸੇ 'ਚ ਸਿੱਖ ਸਿਧਾਂਤਾਂ ਨਾਲ ਕੀਤਾ ਖਿਲਵਾੜ ਅਤੇ ਲੋਕ ਵਿਰੋਧੀ ਨੀਤੀਆਂ 'ਚ ਨਿਭਾਈ ਭੂਮਿਕਾ ਦੇ ਦੋਸ਼ ਇਸ ਧਿਰ ਨੂੰ ਅਜੇ ਤੱਕ ਸਟੈਂਡ ਨਹੀਂ ਹੋਣ ਦੇ ਰਹੇ। ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰ ਅਦੰਸ਼ੀ ਸੋਚ ਹੈ ਅਤੇ ਉਹ ਸੂਬੇ ਨਾਲ ਦਿਲੋਂ ਪਿਆਰ ਰੱਖਦੇ ਹਨ। ਇਸ ਲਈ ਉਹ ਇਸ ਪੱਖ ਨੂੰ ਜਰੂਰ ਵਿਚਾਰ ਸਕਦੇ ਹਨ ਪਰ ਇਸ ਦਾ ਅਧਿਕਾਰ ਮਹਿਜ ਹਾਈਕਮਾਂਡ ਦੇ ਹੱਥ ਹੈ। ਐੱਸ.ਵਾਈ.ਐੱਲ. ਨੂੰ ਨਿੱਜੀ ਮੁਫਾਦਾਂ ਲਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਿਆਸੀ ਪੈਂਤੜੇ ਵਜੋਂ ਵਰਤਿਆ ਸੀ ਜੋ ਪੰਜਾਬ ਦਾ ਦੁਖਾਂਤ ਹੋ ਨਿਬੜ?ਿਆ। ਅੱਜ ਪਾਣੀ ਦੀ ਸਮੱਸਿਆ ਪੰਜਾਬ ਲਈ ਵੱਡੀ ਤ੍ਰਾਸਦੀ ਬਣ ਗਈ ਹੈ। ਭਾਜਪਾ ਦੀ ਸੂਬਾ ਇਕਾਈ ਹਾਈਕਮਾਂਡ ਨੂੰ ਇਸ ਹਕੀਕਤ ਪ੍ਰਤੀ ਜਾਣੂ ਕਰਵਾ ਚੁੱਕੀ ਹੈ। ਕੇਂਦਰ ਸਰਕਾਰ ਕਦੇ ਵੀ ਪੰਜਾਬ ਦੇ ਹਿਤਾਂ ਨੂੰ ਅਨਿਆਂ ਦੀ ਤੱਕਡੀ ਨਹੀ ਤੋਲ ਸਕਦੀ ਅਤੇ ਸੂਬੇ ਦੀ ਇਕਾਈ ਨੂੰ ਕੇਂਦਰ ਦੀ ਲੀਡਰਸ਼ਿਪ 'ਤੇ ਇਸਦਾ ਪੂਰਾ ਭਰੋਸਾ ਹੈ ਅਤੇ ਆਸ ਹੈ ਕਿ ਜਲਦ ਹੀ ਇਸ ਮੁੱਦੇ ਦਾ ਸਥਾਈ ਹੱਲ ਮਿਲ ਜਾਵੇਗਾ। ਇਹ ਮਸਲਾ ਤੁਰੰਤ ਕੇਂਦਰ ਸਰਕਾਰ ਅਤੇ ਗ੍ਰਹਿ ਮੰਤਰਾਲੇ ਦੇ ਧਿਆਨ 'ਚ ਲਿਆਂਦਾ ਜਾਵੇਗਾ। ਸੂਬੇ ਦੀ ਸਰਹੱਦੀ ਪੱਟੀ ਦੇ ਕਿਸਾਨਾਂ ਦੀਆਂ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਅਤੇ ਪਾਕਿਸਤਾਨ ਵੱਲੋਂ ਡਰੋਨਾਂ ਰਾਹੀਂ ਕੀਤੀ ਜਾ ਰਹੀ ਨਸ਼ਾ ਸਮਗਲਿੰਗ ਮੁਕੰਮਲ ਰੂਪ 'ਚ ਬੰਦ ਕਰਵਾਉਣ ਹਿਤ ਕੇਂਦਰ ਨੂੰ ਪਹਿਲ ਦੇ ਆਧਾਰਿਤ ਦਖਲ ਦੇਣ ਦੀ ਅਪੀਲ ਕਰਾਂਗੇ। ਇਹ ਇਕ ਸ਼ਲਾਘਾਯੋਗ ਫੈਸਲਾ ਹੈ ਜੋ ਦੇਸ਼ ਨੂੰ ਸਿਆਸੀ ਭ੍ਰਿਸ਼ਟਾਚਾਰੀ ਤੋਂ ਮੁਕਤ ਕਰਵਾਉਣ ਦਾ ਅਹਿਮ ਜਰੀਆ ਬਣੇਗਾ। ਕਾਂਗਰਸ ਦੀ ਸੂਬਾਈ ਲੀਡਰਸ਼ਿਪ ਭ੍ਰਿਸ਼ਟਾਚਾਰ 'ਚ ਲਿਪਤ ਹੈ ਤੇ ਇਸਦੇ ਸਾਬਕਾ ਮੰਤਰੀਆਂ ਦੀਆਂ ਪਰਤਾਂ ਲਗਾਤਾਰ ਖੁੱਲ੍ਹ ਰਹੀਆਂ ਹਨ। ਨਿਰਸੰਦੇਹ ਇਸ ਕਾਰਵਾਈ 'ਚ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਵੀ ਬੇਨਕਾਬ ਹੋਵੇਗੀ। ਹਰਿਆਣੇ ਨੂੰ ਇਹ ਜਿੱਦ ਛੱਡ ਦੇਣੀ ਚਾਹੀਦੀ ਹੈ। ਦੇਸ਼ ਦੇ ਬਟਵਾਰੇ ਮੌਕੇ ਲਾਹੌਰ ਤੋਂ ਚੰਡੀਗੜ੍ਹ ਆਈ ਯੂਨੀਵਰਸਿਟੀ 'ਤੇ ਹੱਕ ਪੰਜਾਬ ਦਾ ਹੈ ਅਤੇ ਇਹ ਸਿਆਸੀ ਪੈਂਤੜੇ ਵਜੋਂ ਵਰਤਿਆ ਸੀ ਜੋ ਪੰਜਾਬ ਦਾ ਦੁਖਾਂਤ ਹੋ ਨਿਬੜ?ਿਆ। ਅੱਜ ਪਾਣੀ ਦੀ ਸਮੱਸਿਆ ਪੰਜਾਬ ਲਈ ਵੱਡੀ ਤ੍ਰਾਸਦੀ ਬਣ ਗਈ ਹੈ। ਭਾਜਪਾ ਦੀ ਸੂਬਾ ਇਕਾਈ ਹਾਈਕਮਾਂਡ ਨੂੰ ਇਸ ਹਕੀਕਤ ਪ੍ਰਤੀ ਜਾਣੂ ਕਰਵਾ ਚੁੱਕੀ ਹੈ। ਕੇਂਦਰ ਸਰਕਾਰ ਕਦੇ ਵੀ ਪੰਜਾਬ ਦੇ ਹਿਤਾਂ ਨੂੰ ਅਨਿਆਂ ਦੀ ਤੱਕਡੀ ਨਹੀ ਤੋਲ ਸਕਦੀ ਅਤੇ ਸੂਬੇ ਦੀ ਇਕਾਈ ਨੂੰ ਕੇਂਦਰ ਦੀ ਲੀਡਰਸ਼ਿਪ 'ਤੇ ਇਸਦਾ ਪੂਰਾ ਭਰੋਸਾ ਹੈ ਅਤੇ ਆਸ ਹੈ ਕਿ ਜਲਦ ਹੀ ਇਸ ਮੁੱਦੇ ਦਾ ਸਥਾਈ ਹੱਲ ਮਿਲ ਜਾਵੇਗਾ। ਇਹ ਮਸਲਾ ਤੁਰੰਤ ਕੇਂਦਰ ਸਰਕਾਰ ਅਤੇ ਗ੍ਰਹਿ ਮੰਤਰਾਲੇ ਦੇ ਧਿਆਨ 'ਚ ਲਿਆਂਦਾ ਜਾਵੇਗਾ। ਸੂਬੇ ਦੀ ਸਰਹੱਦੀ ਪੱਟੀ ਦੇ ਕਿਸਾਨਾਂ ਦੀਆਂ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਅਤੇ ਪਾਕਿਸਤਾਨ ਵੱਲੋਂ ਡਰੋਨਾਂ ਰਾਹੀਂ ਕੀਤੀ ਜਾ ਰਹੀ ਨਸ਼ਾ ਸਮਗਲਿੰਗਰਹੇਗੀ ਵੀ ਪੰਜਾਬ ਦੀ। ਹਰਿਆਣੇ ਕੋਲ ਕਈ ਵਸੀਲੇ ਪੰਜਾਬ ਤੋਂ ਜ?ਿਆਦੇ ਹਨ, ਜਿਸਦੇ ਮੱਦੇਨਜਰ ਇਸ ਅਦਾਰੇ 'ਤੇ ਉਸਨੂੰ ਹੱਕ ਜਤਾਉਣ ਤੋਂ ਗੁਰੇਜ ਕਰਨਾ ਚਾਹੀਦਾ। ਨਿਰਸੰਦੇਹ ਨਵਜੋਤ ਸਿੱਧੂ ਇਮਾਨਦਾਰ ਲੀਡਰ ਹਨ ਅਤੇ ਉਨ੍ਹਾਂ ਨੇ ਵੱਖ-ਵੱਖ ਪਾਰਟੀਆਂ ਦੀਆਂ ਨੀਤੀਆਂ ਅਤੇ ਏਜੰਡਿਆਂ ਨੂੰ ਨੇੜ?ਿਓਂ ਵੇਖ ਲਿਆ ਹੈ। ਉਹ ਪੰਜਾਬ ਭਾਜਪਾ ਦੀ ਟੀਮ 'ਚ ਆਉਂਦੇ ਹਨ ਤਾਂ ਨਿਸ਼ਚਿਤ ਹੀ ਸੂਬਾ ਬਾਡੀ ਮਜਬੂਤ ਹੋਵੇਗੀ ਪਰ ਇਸ ਬਾਰੇ ਅੰਤਿਮ ਨਿਰਣਾ ਪਾਰਟੀ ਦੀ ਕੌਮੀ ਹਾਈ ਕਮਾਂਡ ਨੇ ਹੀ ਲੈਣਾ ਹੈ। ਗਵਰਨਰ ਬਨਵਾਰੀ ਲਾਲ ਪੁਰੋਹਿਤ ਸੂਝਵਾਨ ਅਤੇ ਦੂਰ ਅੰਦੇਸ਼ੀ ਵਿਅਕਤੀ ਹਨ। ਉਨ੍ਹਾਂ ਨੇ ਸਰਹੱਦੀ ਖੇਤਰ 'ਚ ਹੋ ਰਹੀ ਨਸ਼ਾ ਸਮਗਲਿੰਗ ਅਤੇ ਸੂਬੇ ਦੀਆਂ ਬੁਨਿਆਦੀ ਮੰਗਾਂ ਨੂੰ ਜਿੱਥੇ ਗੰਭੀਰਤਾ ਨਾਲ ਵੇਖਿਆ ਹੈ ਉਥੇ ਸੂਬਾ ਸਰਕਾਰ ਵਲੋਂ ਉਨ੍ਹਾਂ ਨੂੰ ਬਣਦਾ ਸਹਿਯੋਗ ਅਤੇ ਸਤਿਕਾਰ ਨਹੀਂ ਦਿੱਤਾ ਗਿਆ। ਮੇਅਰ ਦੀ ਚੋਣ ਨਾਲ ਉਨ੍ਹਾਂ ਦਾ ਸਬੰਧ ਇਨ੍ਹਾਂ ਜ?ਿਆਦੇ ਨਹੀ ਸੀ ਪਰ ਇਸ ਮੁੱਦੇ ਦੌਰਾਨ ਦਿੱਤਾ ਗਿਆ ਅਸਤੀਫਾ ਵਿਰੋਧੀ ਧਿਰਾਂ ਨੂੰ ਬਿਆਨਬਾਜੀ ਕਰਨ ਦਾ ਇਕ ਬਹਾਨਾ ਮਿਲ ਗਿਆ ਜਦਕਿ ਉਨ੍ਹਾਂ ਇਹ ਅਸਤੀਫਾ ਨਿੱਜੀ ਕਾਰਨਾਂ ਕਰ ਕੇ ਦਿੱਤਾ ਹੈ। ਭਾਰਤ ਸਰਕਾਰ ਨੇ ਕਾਲੀ ਸੂਚੀ ਖਤਮ ਕਰ ਕੇ ਪਹਿਲਾਂ ਹੀ ਭਾਈਚਾਰਕ ਸਾਂਝ ਨੂੰ ਮਜਬੂਤ ਕਰਨ ਲਈ ਹੰਭਲਾ ਮਾਰਿਆ ਹੈ। ਕਈ ਵਾਰ ਕਾਨੂੰਨੀ ਹਾਲਾਤ ਅਜਿਹੇ ਮਸਲਿਆਂ 'ਚ ਅੜ?ਿੱਕਾ ਬਣ ਜਾਂਦੀਆਂ ਹਨ ਅਜਿਹੇ ਮੌਕੇ ਜਿੱਥੇ ਕੰਮ ਜੋਖਮ ਭਰਿਆ ਹੋਇਆ ਹੈ ਉਥੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਵੀ ਆਪਣੀ ਜਗ੍ਹਾ ਸੰਵਿਧਾਨਕ ਹੈ ਕਿਉਂਕਿ ਉਕਤ ਸਿੰਘ ਜਿੱਥੇ ਸਜਾਵਾਂ ਭੁਗਤ ਚੁੱਕੇ ਹਨ ਉਥੇ ਉਨ੍ਹਾਂ ਦੀ ਸਿਹਤ ਵੀ ਠੀਕ ਨਹੀ ਹੈ। ਕੇਂਦਰੀ ਜਾਂਚ ਏਜੰਸੀਆਂ ਗੈਰ ਭਾਜਪਾ ਸਰਕਾਰਾਂ ਵੇਲੇ ਵੀ ਭ੍ਰਿਸ਼ਟ ਲੋਕਾਂ ਨੂੰ ਫੜਦੀਆਂ ਰਹੀਆਂ ਹਨ ਅਤੇ ਹੁਣ ਵੀ ਆਪਣਾ ਕੰਮ ਨਿਰਪੱਖਤਾ ਨਾਲ ਕਰਦੀਆਂ ਆ ਰਹੀਆਂ ਹਨ। ਅਜਿਹੀ ਇਲਜਾਮਬਾਜੀ ਉਹ ਲੋਕ ਕਰ ਰਹੇ ਹਨ ਜੋ ਖੁਦ ਭ੍ਰਿਸ਼ਟ ਹਨ। ਬੀਤੇ ਅਰਸੇ 'ਚ ਸੂਬੇ ਅੰਦਰ ਭਾਜਪਾ 'ਚ ਸ਼ਾਮਲ ਹੋਣ ਵਾਲੇ ਭ੍ਰਿਸ਼ਟ ਆਗੂਆਂ ਖਿਲਾਫ ਵੀ ਕਾਰਵਾਈ ਹੋਈ ਹੈ ਤੇ ਕੇਂਦਰ ਸਰਕਾਰ ਵਲੋਂ ਇਸ 'ਚ ਕਿਸੇ ਕਿਸਮ ਦਾ ਦਖਲ ਨਹੀ ਦਿੱਤਾ ਗਿਆ ਜਿਸ ਤੋਂ ਨਿਰਾਸ਼ ਹੋਏ ਆਗੂ ਮੁੜ ਭਾਜਪਾ ਛੱਡ ਕੇ ਆਪਣੀਆਂ ਪਾਰਟੀਆਂ 'ਚ ਵਾਪਸ ਚਲੇ ਗਏ। ਹਰ ਮਸਲੇ ਦਾ ਹੱਲ ਸੰਘਰਸ਼ ਨਹੀ ਬਲਕਿ ਗੱਲਬਾਤ ਹੁੰਦਾ ਹੈ। ਕੇਂਦਰ ਸਰਕਾਰ ਨੇ ਬੀਤੇ ਦੋ ਵਰ੍ਹਿਆਂ 'ਚ ਕਿਸਾਨਾਂ ਨੂੰ ਸਹੂਲਤਾਂ ਦਿੱਤੀਆਂ ਹਨ ਅਤੇ ਐੱਮ.ਐੱਸ.ਪੀ. 'ਚ ਵਾਧਾ ਕੀਤਾ ਹੈ। ਸਰਕਾਰ ਕਿਸਾਨਾਂ ਦੇ ਹਰ ਮਸਲੇ ਨੂੰ ਸੁਲਝਾਉਣ ਲਈ ਯਤਨਸ਼ੀਲ ਹੈ ਅਤੇ ਆਸ ਕੀਤੀ ਜਾ ਰਹੀ ਹੈ ਕਿ ਅਗਲੇ ਦਿਨਾਂ 'ਚ ਗੱਲਬਾਤ ਰਾਹੀਂ ਇਹ ਮਸਲਾ ਵੀ ਹੱਲ ਕਰ ਲਿਆ ਜਾਵੇਗਾ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## 25 ਕਰੋੜ ਰੁਪਏ ਦੇ ਸੋਨੇ ਦੀ ਸਮੱਗਲਿੰਗ ਸਬੰਧੀ ਇਕ ਪੁਲਸ ਮੁਲਾਜਮ ਗ੍ਰਿਫਤਾਰ

ਸੂਰਤ 22 ਫਰਵਰੀ। ਰੈਵੇਨਿਊ ਇੰਟੈਲੀਜੈਂਸ ਡਾਇਰੈਕਟੋਰੇਟ (ਡੀ.ਆਰ.ਆਈ.) ਨੇ ਸੂਰਤ ਦੇ ਅੰਤਰਰਾਸਟਰੀ ਹਵਾਈ ਅੱਡੇ ਤੋਂ ਕਰੀਬ 25 ਕਰੋੜ ਰੁਪਏ ਦੇ ਸੋਨੇ ਦੀ ਸਮੱਗਲਿੰਗ ਸਬੰਧੀ ਇੱਕ ਪੁਲਸ ਮੁਲਾਜਮ



ਨੂੰ ਗ੍ਰਿਫਤਾਰ ਕੀਤਾ ਹੈ। ਡੀ.ਆਰ.ਆਈ. ਦੇ ਸਰਕਾਰੀ ਵਕੀਲ ਨਯਨ ਸੁਖਦਾਵਾਲਾ ਨੇ ਮੰਗਲਵਾਰ ਦੱਸਿਆ ਕਿ ਸਬ-ਇੰਸਪੈਕਟਰ ਪਰਾਗ ਦਵੇ ਜੋ ਸੂਰਤ ਹਵਾਈ ਅੱਡੇ 'ਤੇ ਇਮੀਗ੍ਰੇਸਨ ਦਫਤਰ 'ਚ ਕੰਮ ਕਰਦਾ ਹੈ, ਹਵਾਈ ਅੱਡੇ ਦੀ ਇਕ ਟਾਇਲਟ 'ਚ ਤਿੰਨ ਮੁਸਾਫਰਾਂ ਵਲੋਂ ਲਿਆਂਦੇ ਗਏ 48.2 ਕਿਲੋ ਸੋਨੇ ਦੀ ਸਮੱਗਲਿੰਗ ਦੀ ਕੋਸ਼ਿਸ਼ ਕਰ ਰਿਹਾ ਸੀ। ਸਥਾਨਕ ਅਦਾਲਤ ਨੇ ਦਵੇ ਨੂੰ ਦੋ ਦਿਨਾਂ ਲਈ ਡੀ.ਆਰ.ਆਈ. ਦੀ ਹਿਰਾਸਤ ਵਿਚ ਭੇਜ ਦਿੱਤਾ ਹੈ। ਸਾਰਜਾਹ ਤੋਂ ਆਏ ਉਕਤ ਯਾਤਰੀਆਂ ਨੂੰ 7 ਜੁਲਾਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਜਿਵੇਂ ਹੀ ਦਵੇ ਨੂੰ ਤਿੰਨਾਂ ਦੀ ਗ੍ਰਿਫਤਾਰੀ ਬਾਰੇ ਪਤਾ ਲੱਗਾ ਤਾਂ ਉਹ ਢਿੱਡ ਦਰਦ ਦੀ ਸ਼ਿਕਾਇਤ ਕਰਦਾ ਹੋਇਆ ਏਅਰਪੋਰਟ ਛੱਡ ਕੇ ਚਲਾ ਗਿਆ। ਪੁਲਸ ਨੇ ਉਸ ਦੇ ਘਰ ਛਾਪਾ ਮਾਰ ਕੇ 12 ਲੱਖ ਰੁਪਏ ਦਾ 'ਬਲੈਂਕ ਚੈੱਕ' ਬਰਾਮਦ ਕੀਤਾ।

# ਪਤੀ ਦੇ ਜਖਮੀ ਹੋਣ ਮਗਰੋਂ ਲੁਧਿਆਣਾ ਦੀ ਬਲਵਿੰਦਰ ਨੇ ਨਹੀਂ ਹਾਰੀ ਹਿੰਮਤ, ਮਨਰੇਗਾ ਦਾ ਕੰਮ ਕਰ ਘਰ ਦੀ ਕੀਤੀ ਦੇਖਭਾਲ

ਲੁਧਿਆਣਾ 22 ਫਰਵਰੀ। ਲੁਧਿਆਣਾ ਸ਼ਹਿਰ ਦੇ ਡੇਹਲੋ ਦੀ ਵਾਸੀ ਬਲਵਿੰਦਰ ਕੌਰ ਦੇ ਘਰ ਦੀ ਆਰਥਿਕ ਹਾਲਤ ਖਰਾਬ ਹੋਣ ਦੇ ਬਾਵਜੂਦ ਉਸ ਨੇ ਹਿੰਮਤ ਨਹੀਂ ਹਾਰੀ। ਇਕ ਸੜਕ ਹਾਦਸੇ 'ਚ ਪਤੀ ਦੇ ਗੰਭੀਰ ਜਖਮੀ ਹੋਣ ਤੋਂ ਬਾਅਦ ਬਾਵਜੂਦ ਬਲਵਿੰਦਰ ਆਪਣੀਆਂ ਮਜਬੂਰੀਆਂ ਨਾਲ ਲੜ ਰਹੀ ਹੈ। ਬਲਵਿੰਦਰ ਘਰ ਚਲਾਉਣ ਲਈ ਮਨਰੇਗਾ 'ਚ ਮਜਦੂਰ ਵਜੋਂ ਕੰਮ ਕੀਤਾ ਸੀ। ਕੰਮ ਸਿੱਖਣ ਦੇ ਨਾਲ ਉਹ ਹੁਣ ਮਨਰੇਗਾ ਦੇ ਕੰਮਾਂ ਦੀ ਨਿਗਰਾਨੀ ਕਰਦੀ ਹੈ। ਲੁਧਿਆਣਾ ਮਨਰੇਗਾ ਪ੍ਰਸਾਸਨ ਨੇ ਬਲਵਿੰਦਰ ਕੌਰ ਦੀ ਸਫਲਤਾ ਦੀ ਕਹਾਣੀ ਦੇ ਰੂਪ 'ਚ ਚੋਣ ਕਰਕੇ ਕੇਂਦਰ ਸਰਕਾਰ ਨੂੰ ਰਿਪੋਰਟ ਭੇਜੀ ਹੈ। ਮਨਰੇਗਾ ਜ਼ਿਲ੍ਹਾ ਨੋਡਲ ਅਫਸਰ ਸੋਨੀਆ ਸਰਮਾ ਨੇ ਦੱਸਿਆ ਕਿ 2 ਜਨਵਰੀ 1980 ਨੂੰ ਜਨਮੀ ਬਲਵਿੰਦਰ ਕੌਰ ਨੇ 12ਵੀਂ ਜਮਾਤ ਤੱਕ ਪੜ੍ਹਾਈ ਕੀਤੀ ਸੀ। 2004 'ਚ ਬਲਵਿੰਦਰ ਨੇ ਸਿਲਾਈ, ਕਢਾਈ ਅਤੇ ਪੇਂਟਿੰਗ ਸਿੱਖੀ। 2017-2018 ਉਸ ਦੇ ਪਤੀ ਲਖਵੀਰ ਸਿੰਘ ਇਕ ਹਾਦਸੇ 'ਚ ਜਖਮੀ ਹੋ



ਗਏ। ਉਸ ਦੇ ਇਲਾਜ 'ਚ ਕਾਫੀ ਪੈਸਾ ਖਰਚ ਹੋ ਗਿਆ ਸੀ। ਜਿਸ ਤੋਂ ਬਾਅਦ ਪਰਿਵਾਰ ਦਾ ਗੁਜਾਰਾ ਕਰਨਾ ਔਖਾ ਹੋ ਗਿਆ। ਇਸ ਬਾਰੇ ਬਲਵਿੰਦਰ ਨੇ ਸਰਪੰਚ ਨੂੰ ਸਮੱਸਿਆ ਦੱਸੀ। ਜਿਸ ਤੋਂ ਬਾਅਦ ਮੇਟ ਦੇ ਅਹੁਦੇ 'ਤੇ ਬਲਵਿੰਦਰ ਦੇ ਕੰਮ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਅਤੇ ਬਲਵਿੰਦਰ ਦੀ ਜ਼ਿੰਦਗੀ 'ਚ ਬਦਲਾਅ ਆਇਆ। ਜਦੋਂ ਮਨਰੇਗਾ ਅਧੀਨ ਕੰਮ ਮਨਜੂਰ ਹੁੰਦਾ ਹੈ ਤਾਂ ਉਹ ਨਿਗਰਾਨੀ ਦੇ ਨਾਲ-ਨਾਲ ਸਾਰਾ ਕੰਮ ਸੰਭਾਲਦੀ ਹੈ। ਘਰ ਦੀਆਂ ਚੁਣੌਤੀਆਂ ਦੇ ਵਿਚਕਾਰ ਬਲਵਿੰਦਰ ਨੇ ਮਨਰੇਗਾ ਤਹਿਤ ਕੀਤੇ ਕੰਮਾਂ ਨੂੰ ਪੂਰੀ ਜ਼ਿੰਮੇਵਾਰੀ ਨਾਲ ਕੀਤਾ। ਸਰਕਾਰੀ ਸਕੀਮਾਂ ਅਤੇ ਫੰਡਾਂ ਬਾਰੇ ਜਾਣਕਾਰੀ ਹਾਸਲ ਕੀਤੀ। ਬਲਵਿੰਦਰ ਨੇ ਅਧਿਕਾਰੀਆਂ ਦੇ ਦਿਸਾ-ਨਿਰਦੇਸਾਂ ਤਹਿਤ ਪਾਰਕਾਂ ਦੀ ਉਸਾਰੀ ਅਤੇ ਸੁੰਦਰੀਕਰਨ, ਛੱਪੜਾਂ ਦੀ ਮੁਰੰਮਤ, ਗਲੀਆਂ-ਨਾਲੀਆਂ ਦੇ ਕੰਮ, ਸਿੰਚਾਈ ਆਦਿ ਦੇ ਕੰਮ ਮੁਕੰਮਲ ਕੀਤੇ। ਇਨ੍ਹਾਂ ਕੰਮਾਂ ਲਈ ਅਧਿਕਾਰੀਆਂ ਨੇ ਬਲਵਿੰਦਰ ਦੀ ਕਈ ਵਾਰ ਤਾਰੀਫ ਵੀ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਘਰ ਦੇ ਕੰਮ ਦੌਰਾਨ ਲਖਵੀਰ ਛੱਤ ਤੋਂ ਹੇਠਾਂ ਡਿੱਗ ਗਿਆ ਸੀ, ਜਿਸ ਕਾਰਨ ਉਸ ਨੂੰ ਸੱਟਾਂ ਲੱਗੀਆਂ ਸਨ। ਜਦੋਂ ਲਖਵੀਰ ਜਖਮੀ ਹੋ ਗਿਆ ਤਾਂ ਘਰ ਦੀ ਜ਼ਿੰਮੇਵਾਰੀ ਬਲਵਿੰਦਰ ਦੇ ਮੋਢਿਆਂ 'ਤੇ ਆ ਗਈ। 2022 'ਚ ਬਲਵਿੰਦਰ ਨੂੰ ਇਸ ਜ਼ਿੰਮੇਵਾਰੀ ਨੂੰ ਚੰਗੀ ਤਰ੍ਹਾਂ ਨਿਭਾਉਣ ਲਈ ਚੰਡੀਗੜ੍ਹ 'ਚ ਮਹਿਲਾ ਦਿਵਸ 'ਤੇ ਸਨਮਾਨਿਤ ਕੀਤਾ ਗਿਆ। ਉਸ ਨੂੰ ਸਰਵੋਤਮ ਸਾਥੀ ਦਾ ਪੁਰਸਕਾਰ ਮਿਲਿਆ। ਬਲਵਿੰਦਰ ਦੀ ਧੀ ਪ੍ਰਵਨੀਤ 8ਵੀਂ ਅਤੇ ਪੁੱਤਰ ਜਸਮੀਤ 9ਵੀਂ 'ਚ ਪੜ੍ਹਦਾ ਹੈ। ਬਲਵਿੰਦਰ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਹਾਦਸੇ 'ਚ ਜਖਮੀ ਹੋ ਗਿਆ, ਜਿਸ ਤੋਂ ਬਾਅਦ ਘਰ ਦੀ ਜ਼ਿੰਮੇਵਾਰੀ ਉਸ 'ਤੇ ਆ ਗਈ। ਉਹ ਸਮਾਂ ਬਹੁਤ ਚੁਣੌਤੀਪੂਰਨ ਸੀ। ਉਸ ਨੇ ਦੱਸਿਆ ਕਿ ਪਰਿਵਾਰ ਦਾ ਗੁਜਾਰਾ ਚਲਾਉਣਾ ਮੁਸਕਿਲ ਹੋ ਗਿਆ ਸੀ। ਮੈਂ 12ਵੀਂ ਤੱਕ ਪੜ੍ਹੀ ਸੀ, ਜਿਸ ਦਾ ਮੈਨੂੰ ਫਾਇਦਾ ਹੋਇਆ। ਮੈਂ ਪਿਛਲੇ ਤਿੰਨ ਸਾਲਾਂ ਤੋਂ ਮਨਰੇਗਾ 'ਚ ਕੰਮ ਕਰ ਰਹੀ ਹਾਂ, ਜਿਸ ਨਾਲ ਮੇਰੀ ਜ਼ਿੰਦਗੀ ਵਿੱਚ ਬਹੁਤ ਬਦਲਾਅ ਆਇਆ ਹੈ। ਉਸ ਨੇ ਕਿਹਾ ਹੁਣ ਮੇਰਾ ਬੱਚਿਆਂ ਨੂੰ ਕਾਬਲ ਬਣਾਉਣ ਦਾ ਸੁਫਨਾ ਹੈ।

# 2 ਮਹੀਨੇ ਪਹਿਲਾਂ ਸੜਕ ਹਾਦਸੇ 'ਚ ਪਤੀ ਦੀ ਹੋਈ ਮੌਤ, ਫਿਰ ਵਾਪਰੀ ਚੋਰੀ ਦੀ ਘਟਨਾ, ਨਹੀਂ ਮਿਲ ਰਿਹਾ ਇਨਸਾਫ਼

ਗੜ੍ਹਸ਼ੰਕਰ 22 ਫਰਵਰੀ। ਇਥੋਂ ਦੇ ਪਿੰਡ ਗੜੀ ਮੱਟੋਂ ਦੇ ਇਕ ਵਿਅਕਤੀ ਦੀ ਦੋ ਮਹੀਨੇ ਪਹਿਲਾਂ ਗੜ੍ਹਸ਼ੰਕਰ ਚੰਡੀਗੜ ਰੋਡ 'ਤੇ ਪਿੰਡ ਚੱਕ ਫੁੱਲੂ ਦੇ ਨਜ਼ਦੀਕ ਸੜਕ ਹਾਦਸੇ ਵਿੱਚ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਜਾਣ ਉਪਰੰਤ ਮੌਤ ਹੋ ਗਈ ਸੀ। ਮ੍ਰਿਤਕ ਸੁਖਵਿੰਦਰ ਪਾਲ ਦੀ ਪਤਨੀ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਦਾ ਕਸਬਾ ਸਮੁੰਦੜਾਂ ਦੇ ਨਜ਼ਦੀਕ ਅਕਤੂਬਰ ਮਹੀਨੇ ਦੇ ਅਖੀਰ ਵਿੱਚ ਕਿਸੇ ਅਣਪਛਾਤੇ ਵਾਹਨ ਵੱਲੋਂ ਟੱਕਰ ਮਾਰ ਕੇ ਐਕਸੀਡੈਂਟ ਕਰ ਦਿੱਤਾ ਗਿਆ ਸੀ, ਸੁਖਵਿੰਦਰ ਪਾਲ ਮੋਟਰਸਾਈਕਲ ਅਤੇ ਸਵਾਰ ਸੀ। ਗੁਰਪ੍ਰੀਤ ਨੇ ਦੱਸਿਆ ਕਿ ਜ਼ਖ਼ਮੀ ਹਾਲਤ ਵਿੱਚ ਉਸ ਦੇ ਪਤੀ ਨੇ ਉਸ ਨੂੰ ਫੋਨ ਕਰਕੇ ਹਾਦਸੇ ਸਬੰਧੀ ਜਾਣਕਾਰੀ ਦਿੱਤੀ ਸੀ ਅਤੇ ਉਹ ਆਪਣੇ ਇਕ ਰਿਸ਼ਤੇਦਾਰ ਨੂੰ ਲੈ ਕੇ ਮੌਕੇ 'ਤੇ ਪਹੁੰਚ ਕੇ ਫੱਟੜ ਹੋਏ ਸੁਖਵਿੰਦਰ ਪਾਲ ਨੂੰ ਇਲਾਜ ਲਈ ਹਸਪਤਾਲ ਲੈ ਗਏ ਸਨ। ਉਸ ਨੇ ਦੱਸਿਆ ਕਿ ਦੂਜੇ ਦਿਨ ਸਵੇਰੇ ਜਦ ਉਹ ਮੋਟਰਸਾਈਕਲ ਚੁੱਕਣ ਪਹੁੰਚੇ ਤਾਂ ਉੱਥੇ ਮੋਟਰਸਾਈਕਲ ਨਹੀਂ ਸੀ। ਗੰਭੀਰ ਰੂਪ ਵਿੱਚ ਫੱਟੜ ਹੋਏ ਸੁਖਵਿੰਦਰ ਪਾਲ ਦੀ ਕੁਝ ਦਿਨ ਉਪਰੰਤ ਮੌਤ ਹੋ ਗਈ ਅਤੇ ਜਿਸ ਦਿਨ ਉਹ ਆਪਣੇ ਪਤੀ ਦੇ ਫੁੱਲ ਤਾਰਨ ਲਈ ਗਏ ਤਾਂ ਉਸ ਦੇ ਪਤੀ ਦੀ ਮੋਟਰਸਾਈਕਲ ਰਿਪੇਅਰ ਕਰਨ ਦੀ ਦੁਕਾਨ ਵਿੱਚ ਚੋਰੀ ਹੋ ਜਾਂਦੀ ਹੈ, ਜੋ ਕਿ ਹਾਦਸੇ ਉਪਰੰਤ ਕਈ ਦਿਨ ਤੋਂ ਬੰਦ ਪਈ ਹੋਈ ਸੀ। ਗੁਰਪ੍ਰੀਤ ਕੌਰ ਨੇ ਦੱਸਿਆ ਕਿ ਉਸ ਨੇ ਇਸ ਚੋਰੀ ਸਬੰਧੀ ਪੁਲਸ ਥਾਣਾ ਗੜ੍ਹਸ਼ੰਕਰ ਵਿੱਚ ਲਿਖਤੀ ਤੌਰ 'ਤੇ ਇਤਲਾਹ ਵੀ ਦਿੱਤੀ ਸੀ ਅਤੇ ਹਲਕਾ ਵਿਧਾਇਕ ਦੇ ਦਫ਼ਤਰ



ਵਿੱਚ ਵੀ ਇਸ ਦੀ ਸੂਚਨਾ ਦਿੱਤੀ ਸੀ। ਪਰ ਅੱਜ ਤੱਕ ਨਾ ਤਾਂ ਹੋਏ ਐਕਸੀਡੈਂਟ ਸਬੰਧੀ ਕੋਈ ਕਾਰਵਾਈ ਹੋਈ, ਨਾ ਹੀ ਗੁੰਮ ਹੋਏ ਮੋਟਰਸਾਈਕਲ ਸਬੰਧੀ ਕੋਈ ਰਿਪੋਰਟ ਦਰਜ ਹੋਈ ਅਤੇ ਨਾ ਹੀ ਪੁਲਸ ਹੋਈ ਚੋਰੀ ਸਬੰਧੀ ਕੋਈ ਸੁਰਾਖ ਲਗਾ ਸਕੀ ਹੈ। ਆਰਥਿਕ ਪੱਖ ਤੋਂ ਬੇਹਦ ਕਮਜੋਰ ਇਸ ਪਰਿਵਾਰ ਦੀ ਸੁਣਵਾਈ ਸਰਕਾਰੇ ਦਰਬਾਰੇ ਕਿਧਰੇ ਨਾ ਹੋਣ ਕਾਰਨ ਇਸ ਪਰਿਵਾਰ ਨੂੰ ਹੁਣ ਸਿਰਫ ਉੱਚ ਅਧਿਕਾਰੀਆਂ ਤੋਂ ਹੀ ਇਨਸਾਫ਼ ਦੀ ਉਮੀਦ ਬਚੀ ਹੈ। ਮ੍ਰਿਤਕ ਸੁਖਵਿੰਦਰ ਪਾਲ ਦੇ ਪਰਿਵਾਰ ਵਿੱਚ ਉਨ੍ਹਾਂ ਦੀ ਪਤਨੀ ਗੁਰਪ੍ਰੀਤ ਕੌਰ ਅਤੇ ਦਸਵੀਂ ਜਮਾਤ ਵਿੱਚ ਪੜ੍ਹਦੀ ਲੜਕੀ ਅਤੇ ਛੇਵੀਂ ਜਮਾਤ ਵਿੱਚ ਪੜਦੇ ਲੜਕੇ ਨੂੰ ਸਰਕਾਰੀ ਸਹਾਇਤਾ ਦੀ ਵੱਡੇ ਪੱਧਰ 'ਤੇ ਫ਼ੌਰੀ ਲੋੜ ਹੈ। ਇਨ੍ਹਾਂ ਕੋਲ ਕੋਈ ਵੀ ਆਰਥਿਕ ਵਸੀਲਾ ਨਾ ਹੋਣ ਕਾਰਨ ਜ਼ਿੰਦਗੀ ਦੀ ਗੁਜਰ ਬਸਰ ਮੁਸ਼ਕਿਲ ਵਿੱਚ ਦਿਸ ਰਹੀ ਹੈ, ਆਮ ਲੋਕਾਂ ਦੀ ਮੰਗ ਹੈ ਕਿ ਚੋਰੀ ਹੋਏ ਮੋਟਰਸਾਈਕਲ ਦੀ ਪੁਲਸ ਭਾਲ ਕਰਕੇ ਦੇਵੇ ਅਤੇ ਨਾਲ ਹੀ ਉਨ੍ਹਾਂ ਦੀ ਦੁਕਾਨ ਅਤੇ ਹੋਈ ਚੋਰੀ ਦਾ ਸੁਰਾਗ ਲੱਭ ਕੇ ਪੁਲਸ ਉਨ੍ਹਾਂ ਨੂੰ ਇਨਸਾਫ਼ ਦੇਵੇ ਅਤੇ ਬਿਨਾਂ ਦੇਰੀ ਸੁਖਵਿੰਦਰ ਪਾਲ ਨੂੰ ਟੱਕਰ ਮਾਰ ਕੇ ਹਾਦਸੇ ਨੂੰ ਅੰਜਾਮ ਦੇਣ ਵਾਲੇ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ। ਇਸ ਸਬੰਧੀ ਜਦ ਪੁਲਸ ਥਾਣਾ ਗੜਸੰਕਰ ਤੋਂ ਇੰਚਾਰਜ ਐੱਸ. ਐੱਚ. ਓ. ਜੈਪਾਲ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਇਸ ਸੜਕ ਹਾਦਸੇ ਸਬੰਧੀ ਪੁਲਸ ਚੌਂਕੀ ਸਮੁੰਦੜਾਂ ਨੂੰ ਪੀਜੀਆਈ ਚੰਡੀਗੜ ਤੋਂ ਇਤਲਾਹ ਮਿਲੀ ਸੀ ਅਤੇ ਜਦ ਪੁਲਸ ਪਾਰਟੀ ਬਿਆਨ ਲੈਣ ਲਈ ਉੱਥੇ ਪਹੁੰਚੀ ਤਾਂ ਡਾਕਟਰਾਂ ਵੱਲੋਂ ਉਸ ਨੂੰ ਬਿਆਨ ਦੇਣ ਤੋਂ ਅਨਫਿਟ ਦੱਸਿਆ ਗਿਆ ਅਤੇ ਉਪਰੰਤ ਇਸ ਦੇ ਸੁਖਵਿੰਦਰ ਪਾਲ ਦੀ ਮੌਤ ਹੋ ਜਾਂਦੀ ਹੈ ਅਤੇ ਪਰਿਵਾਰ ਵੱਲੋਂ ਬਿਨਾਂ ਪੋਸਟਮਾਰਟਮ ਅਤੇ ਪੁਲਸ ਨੂੰ ਇਤਲਾਅ ਦਿੱਤੇ ਬਿਨਾਂ ਹੀ ਅੰਤਿਮ ਸੰਸਕਾਰ ਕਰ ਦਿੱਤਾ ਗਿਆ, ਜਿਸ ਕਾਰਨ ਬਣਦੀ ਕਾਰਵਾਈ ਨਹੀਂ ਹੋ ਸਕੀ। ਉਸ ਨੇ ਦੱਸਿਆ ਕਿ ਹੁਣ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆ ਚੁੱਕਾ ਹੈ ਅਤੇ ਉਹ ਪੀੜਤ ਨੂੰ ਇਨਸਾਫ਼ ਦੇਣ ਲਈ ਬਣਦੀ ਕਾਰਵਾਈ ਕਰਨਗੇ।

## ਸ਼ਹੀਦ ਊਧਮ ਸਿੰਘ ਜੀ ਦੇ ਬੁੱਤ ਨਾਲ ਛੇੜਛਾੜ ਕਰਨ ਵਾਲੇ ਦੋਸ਼ੀ ਪੁਲਸ ਵੱਲੋਂ ਗ੍ਰਿ੍ਫ਼ਤਾਰ

ਅਬੋਹਰ 22 ਫਰਵਰੀ। ਅਬੋਹਰ ਵਿਖੇ ਨਵੇਂ ਸਥਾਪਿਤ ਕੀਤੇ ਸ਼ਹੀਦ ਊਧਮ ਸਿੰਘ ਜੀ ਦੇ ਬੁੱਤ ਨਾਲ ਛੇੜਛਾੜ ਕਰਨ ਵਾਲੇ ਲੋਕਾਂ ਖ਼ਿਲਾਫ਼ ਥਾਣਾ ਸਿਟੀ 1 ਅਬੋਹਰ ਵਿਖੇ ਐੱਫ.ਆਈ.ਆਰ ਨੰਬਰ 252 ਮਿਤੀ 30 ਦਸੰਬਰ 2023 ਅਧੀਨ ਧਾਰਾ 379, 426, 427 ਭਾਰਤੀ ਦੰਡ ਸੰਹਿਤਾ ਅਤੇ ਧਾਰਾ 3 ਪਬਲਿਕ ਪ੍ਰੋਪਰਟੀ ਐਕਟ ਤਹਿਤ ਦਰਜ ਕੀਤੀ ਗਈ।ਪੁਲਸ ਵੱਲੋਂ ਦੋਸ਼ੀਆਂ ਦੀ ਭਾਲ ਲਈ ਲਗਾਤਾਰ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਸਨ ਅਤੇ ਇਲਾਕੇ ਦੇ ਸੀ.ਸੀ.ਟੀ.ਵੀ ਕੈਮਰੇ ਖੰਗਾਲੇ ਜਾ ਰਹੇ ਸਨ। ਪ੍ਰੈਸ ਕਾਨਫਰੰਸ ਦੌਰਾਨ ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪੁਲਸ ਮੁਖੀ ਮਨਜੀਤ ਸਿੰਘ ਢੇਸੀ ਨੇ ਦੱਸਿਆ ਕਿ ਫਾਜ਼ਿਲਕਾ ਪੁਲਸ ਵੱਲੋਂ ਇਸ ਕੇਸ ਦੀ ਤੈਹ ਤੱਕ ਪਹੁੰਚ ਕੇ ਇਸ ਅੰਨੀ ਵਾਰਦਾਤ ਦੀ ਗੁੱਥੀ ਨੂੰ 24 ਘੰਟਿਆਂ ਸੁਲਝਾਉਣ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਇਸ ਕੇਸ ਵਿੱਚ ਦੋ ਦੋਸ਼ੀਆਂ ਦਵਿੰਦਰ ਸਿੰਘ ਉਰਫ਼ ਭਿੰਦਰ ਪੁੱਤਰ ਚਮਕੌਰ ਸਿੰਘ ਵਾਸੀ ਗਲੀ ਨੰਬਰ 7 ਪੰਜ ਪੀਰ ਨਗਰ ਅਬੋਹਰ ਅਤੇ ਜੈਜੀ ਪੁੱਤਰ ਹਰਪਾਲ ਸਿੰਘ ਵਾਸੀ ਗਲੀ ਨੰਬਰ 9 ਪੰਜਪੀਰ ਨਗਰ ਅਬੋਹਰ ਨੂੰ ਨਾਮਜ਼ਦ ਕੀਤਾ ਗਿਆ ਸੀ। ਜਿਹਨਾਂ



ਵਿੱਚੋਂ ਦਵਿੰਦਰ ਸਿੰਘ ਉਰਫ਼ ਭਿੰਦਰ ਪੁੱਤਰ ਚਮਕੌਰ ਸਿੰਘ ਪੁੱਤਰ ਗੋਰਾ ਸਿੰਘ ਵਾਸੀ ਗਲੀ ਨੰਬਰ 7 ਪੰਜ ਪੀਰ ਨਗਰ ਅਬੋਹਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦਕਿ ਦੂਸਰੇ ਦੋਸ਼ੀ ਦੀ ਗ੍ਰਿਫ਼ਤਾਰੀ ਅਜੇ ਬਾਕੀ ਹੈ, ਜਿਸਨੂੰ ਵੀ ਬਹੁਤ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਗ੍ਰਿਫ਼ਤਾਰ ਕੀਤੇ ਦੋਸ਼ੀ ਕੋਲੋਂ ਸ਼ਹੀਦ ਊਧਮ ਸਿੰਘ ਜੀ ਦੇ ਬੁੱਤ ਨਾਲੋਂ ਤੋੜਿਆ ਗਿਆ ਸੱਜਾ ਹੱਥ ਅਤੇ ਵਾਰਦਾਤ ਸਮੇਂ ਵਰਤਿਆ ਗਿਆ ਮੋਟਸਾਈਕਲ ਐੱਚ.ਐੱਫ ਡੀਲਕਸ ਵੀ ਬਰਾਮਦ ਕਰ ਲਿਆ ਗਿਆ ਹੈ। ਇਸ ਮੌਕੇ ਡੀ.ਐੱਸ.ਪੀ ਅਵਤਾਰ ਸਿੰਘ ਅਤੇ ਐੱਸ.ਐੱਚ.ਓ ਸੁਨੀਲ ਕੁਮਾਰ ਵੀ ਹਾਜ਼ਰ ਸਨ।

### ਵਿਆਹੁਤਾ ਨੂੰ ਅਗਵਾ ਕਰਨ ਦੇ ਦੋਸ਼ 'ਚ 2 ਲੋਕਾਂ ਖ਼ਿਲਾਫ ਮਾਮਲਾ ਦਰਜ

ਭਵਾਨੀਗੜ੍ਹ 22 ਫਰਵਰੀ। ਸਥਾਨਕ ਸ਼ਹਿਰ ਦੀ ਇਕ ਵਿਆਹੁਤਾ ਨੂੰ ਅਗਵਾ ਕਰਨ ਦੇ ਦੋਸ਼ ਹੇਠ ਕੁੜੀ ਦੇ ਭਰਾ ਦੀ ਸ਼ਿਕਾਇਤ 'ਤੇ ਪੁਲਸ ਵੱਲੋਂ 2 ਲੋਕਾਂ ਖ਼ਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਕੁੜੀ ਦੇ ਭਰਾ ਨੇ ਦੱਸਿਆ ਕਿ ਉਸ ਦੀ ਭੈਣ ਵਿਆਹੀ ਹੋਈ ਹੈ ਅਤੇ ਉਸ ਦਾ ਕਰੀਬ 2 ਸਾਲ ਦਾ ਬੱਚਾ ਹੈ। ਉਹ ਵਿਦੇਸ਼ ਜਾਣਾ ਚਾਹੁੰਦੀ ਸੀ, ਜੋ 4 ਮਹੀਨਿਆਂ ਤੋਂ ਆਪਣੇ ਸਹੁਰੇ ਪਰਿਵਾਰ ਦੀ ਮਰਜੀ ਨਾਲ ਪੇਕੇ ਘਰ ਰਹਿ ਕੇ ਆਈਲੈਂਟਸ ਦੀ ਪੜ੍ਹਾਈ ਕਰ ਰਹੀ ਸੀ। ਕੁੜੀ ਦੇ ਭਰਾ ਨੇ ਦੱਸਿਆ ਕਿ ਬੀਤੀ 13 ਫਰਵਰੀ ਨੂੰ ਸਾਰਾ ਪਰਿਵਾਰ ਰੋਟੀ ਖਾ ਕੇ ਸੁੱਤਾ ਸੀ ਅਤੇ ਜਦੋਂ ਅਗਲੀ ਸਵੇਰ ਉਨ੍ਹਾਂ ਦੇਖਿਆ ਤਾਂ ਉਸ ਦੀ ਭੈਣ ਘਰੋਂ ਗਾਇਬ ਸੀ

## ਢਾਈ ਲੱਖ ਦੀ ਠੱਗੀ ਮਾਰਨ ਵਾਲੇ ਥਾਣੇਦਾਰ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ


ਮੋਗਾ 22 ਫਰਵਰੀ। ਮੋਗਾ ਜ਼ਿਲ੍ਹੇ ਦੇ ਪਿੰਡ ਕੋਕਰੀ ਫੂਲਾ ਸਿੰਘ ਵਾਲਾ ਨਿਵਾਸੀ ਮਨਪ੍ਰੀਤ ਸਿੰਘ ਨੇ ਪੰਜਾਬ ਪੁਲਸ ਵਿਚ ਤਾਇਨਾਤ ਆਪਣੇ ਦੋਸਤ 'ਤੇ ਉਸ ਨਾਲ ਢਾਈ ਲੱਖ ਰੁਪਏ ਦੀ ਠੱਗੀ ਕੀਤੇ ਜਾਣ ਦਾ ਦੋਸ਼ ਲਗਾਇਆ ਹੈ। ਇਸ ਸਬੰਧ ਵਿਚ ਪੁਲਸ ਵੱਲੋਂ ਜਾਂਚ ਤੋਂ ਬਾਅਦ ਪਰਮਜੀਤ ਸਿੰਘ ਨਿਵਾਸੀ ਨਵਾਂ ਸ਼ਹਿਰ ਖ਼ਿਲਾਫ਼ ਥਾਣਾ ਅਜੀਤਵਾਲ ਵਿਚ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਥਾਣੇਦਾਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਮਨਪ੍ਰੀਤ ਸਿੰਘ ਨੇ ਕਿਹਾ ਕਿ ਕਥਿਤ ਦੋਸ਼ੀ ਪਰਮਜੀਤ ਸਿੰਘ ਉਸਦਾ ਦੋਸਤ ਹੈ ਉਸਨੇ ਕਰੀਬ 3 ਸਾਲ ਪਹਿਲਾਂ ਉਸ ਨੇ ਆਪਣੇ ਲੜਕੇ ਨੂੰ ਵਿਦੇਸ਼



ਭੇਜਣਾ ਹੈ, ਇਸ ਲਈ ਮੈਨੂੰ ਪੈਸਿਆਂ ਦੀ ਲੋੜ ਹੈ। ਮੈਂ ਉਸ 'ਤੇ ਭਰੋਸਾ ਕਰ ਕੇ ਉਸ ਨੂੰ ਪੰਜ ਲੱਖ ਰੁਪਏ ਦੇ ਦਿੱਤੇ, ਜਦੋਂ ਮੈਂ ਪੈਸੇ ਵਾਪਸ ਮੰਗੇ ਤਾਂ ਉਹ ਟਾਲ-ਮਟੋਲ ਕਰਨ ਲੱਗਾ। ਸਾਡੇ ਵੱਲੋਂ ਜ਼ਿਆਦਾ ਕਹਿਣ 'ਤੇ ਉਸ ਨੇ ਢਾਈ ਲੱਖ ਰੁਪਏ ਵਾਪਸ ਕਰ ਦਿੱਤੇ ਅਤੇ ਬਾਕੀ ਪੈਸੇ ਵਾਪਸ ਨਹੀਂ ਕੀਤੇ। ਇਸ ਤਰ੍ਹਾਂ ਮੇਰੇ ਨਾਲ ਧੋਖਾਦੇਹੀ ਕੀਤੀ ਹੈ। ਜ਼ਿਲ੍ਹਾ ਪੁਲਸ ਮੁਖੀ ਮੋਗਾ ਦੇ ਹੁਕਮਾਂ 'ਤੇ ਇਸ ਦੀ ਜਾਂਚ ਡੀ. ਐੱਸ. ਪੀ. ਨਿਹਾਲ ਸਿੰਘ ਵਾਲਾ ਵੱਲੋਂ ਕੀਤੀ ਗਈ। ਜਾਂਚ ਅਧਿਕਾਰੀ ਨੇ ਦੋਹਾਂ ਧਿਰਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਬੁਲਾਇਆ। ਜਾਂਚ ਤੋਂ ਬਾਅਦ ਸ਼ਿਕਾਇਤਕਰਤਾ ਦੇ ਦੋਸ਼ ਸਹੀ ਪਾਏ ਜਾਣ 'ਤੇ ਕਥਿਤ ਦੋਸ਼ੀ ਖ਼ਿਲਾਫ ਉਕਤ ਮਾਮਲਾ ਦਰਜ ਕੀਤਾ ਗਿਆ, ਗ੍ਰਿਫ਼ਤਾਰੀ ਬਾਕੀ ਹੈ।

## ਵਿਜੀਲੈਂਸ ਵੱਲੋਂ 5000 ਰੁਪਏ ਰਿਸਵਤ ਲੈਣ ਦੇ ਦੋਸ਼ ਹੇਠ ਏ. ਐੱਸ. ਆਈ. ਗ੍ਰਿ੍ਫ਼ਤਾਰ

ਚੰਡੀਗੜ੍ਹ/ਬਰਨਾਲਾ 22 ਫਰਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਬਰਨਾਲਾ ਜ਼ਿਲ੍ਹੇ ਦੀ ਪੁਲਸ ਚੌਂਕੀ ਹੰਡਿਆਇਆ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐੱਸ.ਆਈ/ਐੱਲ.ਆਰ.) ਮੱਖਣ ਸਾਹ ਨੂੰ 5000 ਰੁਪਏ ਰਿਸਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਸ ਮੁਲਾਜ਼ਮ ਨੂੰ ਬਰਨਾਲਾ ਜ਼ਿਲ੍ਹੇ ਦੇ ਪਿੰਡ ਖੁੱਡੀ ਕਲਾਂ ਦੇ ਰਹਿਣ ਵਾਲੇ ਸਤਗੁਰ ਸਿੰਘ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਥਾਣਾ ਵਿਜੀਲੈਂਸ ਬਿਊਰੋ, ਪਟਿਆਲਾ ਰੇਂਜ ਵਿਖੇ ਸ਼ਿਕਾਇਤ ਦਰਜ ਕਰਵਾਈ ਕਿ ਸਿੰਚਾਈ ਲਈ ਪਾਣੀ ਦੀ ਬਰਾਬਰ ਵੰਡ ਵਾਸਤੇ ਸਾਂਝੇ ਖੇਤੀ ਟਿਊਬਵੈੱਲ ਸਬੰਧੀ ਅਦਾਲਤੀ ਹੁਕਮਾਂ ਨੂੰ



ਲਾਗੂ ਕਰਵਾਉਣ ਬਦਲੇ ਉਕਤ ਏ.ਐੱਸ.ਆਈ ਨੇ ਉਸ ਤੋਂ 5000 ਰੁਪਏ ਰਿਸਵਤ ਮੰਗੀ ਸੀ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਟਰੈਪ ਲਗਾ ਕੇ ਮੁਲਜਮ ਏ.ਐੱਸ.ਆਈ. ਨੂੰ ਸਰਕਾਰੀ ਗਵਾਹ ਦੀ ਹਾਜਰੀ ਵਿੱਚ ਸ਼ਿਕਾਇਤਕਰਤਾ ਤੋਂ 5000 ਰੁਪਏ ਰਿਸਵਤ ਲੈਂਦਿਆਂ ਮੌਕੇ 'ਤੇ ਕਾਬੂ ਕਰ ਲਿਆ। ਇਸ ਸਬੰਧੀ ਥਾਣਾ ਵਿਜੀਲੈਂਸ ਬਿਊਰੋ, ਪਟਿਆਲਾ ਰੇਂਜ ਵਿਖੇ ਉਕਤ ਏ.ਐੱਸ.ਆਈ ਖ਼ਿਲਾਫ ਭ੍ਰਿਸਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਕੀਤਾ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਅਫੀਮ ਸਣੇ 1 ਕੁਇੰਟਲ ਡੋਡੇ ਚੂਰਾ ਪੋਸਤ ਸਮੇਤ 1 ਨਸ਼ਾ ਸਮੱਗਲਰ ਗ੍ਰਿਫਤਾਰ

ਸੁਲਤਾਨਪੁਰ ਲੋਧੀ 22 ਫਰਵਰੀ। ਥਾਣਾ ਤਲਵੰਡੀ ਚੌਧਰੀਆਂ ਦੀ ਪੁਲਸ ਵੱਲੋਂ 1 ਨਸ਼ਾ ਸਮਗਲਰ ਨੂੰ 100 ਗ੍ਰਾਮ ਅਫੀਮ ਅਤੇ 1 ਕੁਇੰਟਲ ਡੋਡੇ ਚੂਰਾ-ਪੋਸਤ ਸਮੇਤ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ । ਇਸ ਸਬੰਧੀ ਖੁਲਾਸਾ ਅੱਜ ਸਬ ਡਿਵੀਜਨ ਸੁਲਤਾਨਪੁਰ ਲੋਧੀ ਦੇ ਡੀ. ਐੱਸ. ਪੀ. ਸ੍ਰੀ ਬਬਨਦੀਪ ਸਿੰਘ ਲੁਬਾਣਾ ਵੱਲੋਂ ਉਚੇਚੇ ਤੌਰ 'ਤੇ ਪੁੱਜੇ ਐੱਸ. ਪੀ. ਸੁਰਿੰਦਰ ਕੁਮਾਰ ਅਤੇ ਥਾਣਾ ਤਲਵੰਡੀ ਚੌਧਰੀਆਂ ਦੇ ਐੱਸ. ਐੱਚ. ਓ. ਜਸਪਾਲ ਸਿੰਘ ਦੀ ਮੌਜੂਦਗੀ ਵਿਚ ਕੀਤਾ। ਉਨ੍ਹਾਂ ਦੱਸਿਆ ਕਿ ਸ੍ਰੀ ਰਾਜਪਾਲ ਸਿੰਘ ਸੰਧੂ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਨਸ਼ਿਆਂ ਖ਼ਿਲਾਫ ਚਲਾਈ ਗਈ ਮੁਹਿਮ ਤਹਿਤ ਰਮਨਿੰਦਰ ਸਿੰਘ ਪੀ. ਪੀ. ਐੱਸ. ਪੁਲਸ ਕਪਤਾਨ ਇਨਵੈਸਟੀਗੇਸ਼ਨ ਕਪੂਰਥਲਾ ਦੀ ਰਹਿਨੁਮਾਈ ਹੇਠ ਥਾਣਾ ਤਲਵੰਡੀ ਚੋਧਰੀਆਂ ਪੁਲਸ ਪਾਰਟੀ ਐੱਸ. ਆਈ. ਜਸਬੀਰ ਸਿੰਘ ਨੂੰ ਉਸ ਸਮੇਂ ਵੱਡੀ ਪਾਲ ਸਿੰਘ ਦੀ ਮੌਜੂਦਗੀ ਵਿਚ ਕੀਤਾ। ਉਨ੍ਹਾਂ ਦੱਸਿਆ ਕਿ ਸ੍ਰੀ ਰਾਜਪਾਲ ਸਿੰਘ ਸੰਧੂ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਨਸ਼ਿਆਂ ਖ਼ਿਲਾਫ ਚਲਾਈ ਗਈ ਮੁਹਿਮ ਤਹਿਤ ਰਮਨਿੰਦਰ ਸਿੰਘ ਪੀ. ਪੀ. ਐੱਸ. ਪੁਲਸ ਕਪਤਾਨ ਇਨਵੈਸਟੀਗੇਸ਼ਨ ਸਫਲਤਾ ਹਾਸਲ ਹੋਈ ਜਦੋਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਰਾਕੇਸ਼ ਕੁਮਾਰ ਪੁੱਤਰ ਪਿਆਰਾ ਵਾਸੀ ਉੱਚਾ ਬੋਹੜ ਵਾਲਾ ਥਾਣਾ ਕਬੀਰਪੁਰ ਜ਼ਿਲ੍ਹਾ ਕਪੂਰਥਲਾ ਜੋ ਅਫੀਮ ਅਤੇ ਡੋਡੇ ਚੂਰਾ-ਪੋਸਤ ਵੇਚਣ ਦਾ ਧੰਦਾ ਕਰਦਾ ਹੈ। ਪੁਲਸ ਪਾਰਟੀ ਵੱਲੋਂ ਸਪੈਸ਼ਲ ਨਾਕਾਬੰਦੀ ਟੀ ਪੁਆਇੰਟ ਦਾਣਾ ਮੰਡੀ ਤਲਵੰਡੀ ਚੌਧਰੀਆ ਨਜਦੀਕ ਕਰਕੇ ਉਕਤ ਟਰੱਕ ਰੋਕਿਆ ਗਿਆ। ਇਸ ਨੂੰ ਰਾਕੇਸ਼ ਕੁਮਾਰ ਪੁੱਤਰ ਪਿਆਰਾ ਵਾਸੀ ਉੱਚਾ ਬੋਹੜ ਵਾਲਾ ਥਾਣਾ ਕਬੀਰਪੁਰ ਜ਼ਿਲ੍ਹਾ ਕਪੂਰਥਲਾ ਹੀ ਚਲਾ ਰਿਹਾ ਸੀ, ਜਿਸ 'ਤੇ ਟਰੱਕ ਦੀ ਚੈਕਿੰਗ ਕਰਨ ਪਰ ਟਰੱਕ ਦੇ ਡੇਸ਼ ਬੋਰਡ ਵਿੱਚੋ 100 ਗ੍ਰਾਮ ਅਫੀਮ ਅਤੇ ਟਰੱਕ ਦੇ ਟਰਾਲਾ ਵਿੱਚ ਲੱਦੇ ਹੋਏ ਕੋਲਿਆ ਵਿੱਚੋ 4 ਬੋਰੇ ਪਲਾਸਟਿਕ ਵਜਨੀ 25/25 ਕਿਲੋਗ੍ਰਾਮ ਡੋਡੇ ਚੂਰਾ ਪੋਸਤ ਬਰਾਮਦ ਹੋਏ। ਡੀ. ਐੱਸ. ਪੀ. ਬਬਨਦੀਪ ਸਿੰਘ ਨੇ ਦੱਸਿਆ ਕਿ ਮੁਲਜਮ ਖ਼ਿਲਾਫ ਮੁਕੱਦਮਾ ਦਰਜ ਕਰਕੇ ਰਾਕੇਸ਼ ਕੁਮਾਰ ਪੁੱਤਰ ਪਿਆਰਾ ਵਾਸੀ ਉੱਚਾ ਬੋਹੜ ਵਾਲਾ ਥਾਣਾ ਕਬੀਰਪੁਰ ਜ਼ਿਲ੍ਹਾ ਕਪੂਰਥਲਾ ਨੂੰ ਉਕਤ ਮੁਕੱਦਮਾ ਵਿੱਚ ਗ੍ਰਿਫਤਾਰ ਕੀਤਾ ਗਿਆ, ਮੁਕੱਦਮਾ ਦੀ ਤਫਤੀਸ਼ ਜਾਰੀ ਹੈ। ਉਨ੍ਹਾਂ ਦੱਸਿਆ ਕਿ ਦੌਰਾਨੇ ਪੁੱਛਗਿੱਛ ਪਤਾ ਲਗਾਇਆ ਜਾਵੇਗਾ ਕਿ ਇਹ ਕਿਸ ਪਾਸੋ ਨਸ਼ਾ ਖਰੀਦ ਕਰਦਾ ਸੀ ਅਤੇ ਅੱਗੇ ਕਿਸ ਨੂੰ ਸਪਲਾਈ ਕਰਦਾ ਸੀ।

### ਤੀਹਰੇ ਕਤਲਕਾਂਡ ਨਾਲ ਕੰਬਿਆ ਪੰਜਾਬ, ਭਰਾ-ਭਰਜਾਈ ਦਾ ਕਤਲ ਕਰ ਜਿੰਦਾ ਭਤੀਜੇ ਨਾਲ ਕੀਤਾ ਵੱਡਾ ਕਾਰਾ

ਖਰੜ 22 ਫਰਵਰੀ। ਮੋਹਾਲੀ ਦੇ ਖਰੜ 'ਚ ਰੂਹ ਕੰਬਾਊ ਵਾਰਦਾਤ ਸਾਹਮਣੇ ਆਈ ਹੈ। ਇੱਥੇ ਭਰਾ ਨੇ ਹੀ ਆਪਣੇ ਭਰਾ-ਭਰਜਾਈ ਅਤੇ ਮਾਸੂਮ ਭਤੀਜੇ ਦਾ ਕਤਲ ਕਰ ਦਿੱਤਾ। ਫਿਲਹਾਲ ਪੁਲਸ ਨੇ ਦੋਸ਼ੀ ਵਿਅਕਤੀ 'ਤੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਕਤਲ ਕਰਨ ਵਾਲੇ ਵਿਅਕਤੀ ਦਾ ਨਾਂ ਲਖਬੀਰ ਸਿੰਘ ਦੱਸਿਆ ਜਾ ਰਿਹਾ ਹੈ। ਇਹ ਮਾਮਲਾ ਪਿੰਡ ਹਰਲਾਲਪੁਰ ਦੇ ਝੂੰਗੀਆਂ ਰੋਡ ਖਰੜ ਦਾ ਹੈ। ਇੱਥੇ ਦੋਸ਼ੀ ਲਖਬੀਰ ਸਿੰਘ ਨੇ ਆਪਣੇ ਭਰਾ ਸਤਬੀਰ ਸਿੰਘ (35) ਦਾ ਤੇਜਧਾਰ ਹਥਿਆਰ ਨਾਲ ਕਤਲ ਕਰ ਦਿੱਤਾ, ਜਦੋਂ ਕਿ ਭਰਜਾਈ ਅਮਨਦੀਪ ਕੌਰ (33) ਨੂੰ ਗਲਾ ਘੁੱਟ ਕੇ ਮਾਰ ਦਿੱਤਾ। ਇਸ ਤੋਂ ਬਾਅਦ ਛੋਟੇ ਭਤੀਜੇ ਅਨਹਦ ਨੂੰ ਜ਼ਿੰਦਾ ਹੀ ਨਹਿਰ 'ਚ ਸੁੱਟ ਦਿੱਤਾ। ਪੁਲਸ ਨੂੰ ਸ਼ੱਕ ਹੈ ਕਿ ਪਰਿਵਾਰਕ ਝਗੜੇ ਕਾਰਨ ਦੋਸ਼ੀ ਨੇ ਤੀਹਰੇ ਕਤਲਕਾਂਡ ਨੂੰ ਅੰਜਾਮ ਦਿੱਤਾ।

## ਪੁਰਾਣੇ ਝਗੜੇ ਦੀ ਰੰਜਿਸ਼ ਦੇ ਚੱਲਦਿਆਂ ਵਿਅਕਤੀ ਦੀ ਕੁੱਟਮਾਰ, 4 ਨਾਮਜ਼ਦ

ਫਿਰੋਜ਼ਪੁਰ 2 ਜਨਵਰੀ। ਥਾਣਾ ਮਮਦੋਟ ਦੇ ਅਧੀਨ ਆਉਂਦੇ ਪਿੰਡ ਛਾਂਗਾ ਖੁਰਦ ਵਿਖੇ ਪੁਰਾਣੇ ਝਗੜੇ ਦੇ ਚੱਲਦਿਆ ਇਕ ਵਿਅਕਤੀ ਦੀ ਕੁੱਟਮਾਰ ਕਰਕੇ ਜ਼ਖਮੀ ਕਰਨ ਦੇ ਦੋਸ਼ ਵਿਚ ਪੁਲਸ ਨੇ 4 ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਰਮੀਤ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਛਾਂਗਾ ਖੁਰਦ ਨੇ ਦੱਸਿਆ ਕਿ ਉਹ ਘਰੇਲੂ ਸਮਾਨ ਖਰੀਦ ਕੇ



ਆਪਣੇ ਮੋਟਰਸਾਈਕਲ 'ਤੇ ਜਾਣ ਲੱਗਾ ਸੀ। ਇਸੇ ਝਗੜੇ ਦੇ ਚੱਲਦਿਆਂ ਦੋਸ਼ੀਆਨ ਗੁਰਪ੍ਰੀਤ ਸਿੰਘ ਪੁੱਤਰ ਹਰਨੇਕ ਸਿੰਘ, ਕੁਲਦੀਪ ਸਿੰਘ ਪੁੱਤਰ ਰਾਜ ਸਿੰਘ, ਰਮਨ ਸਿੰਘ ਪੁੱਤਰ ਬਗੀਚਾ ਸਿੰਘ, ਵਿਕਰਮ ਸਿੰਘ ਪੁੱਤਰ ਬਗੀਚਾ ਸਿੰਘ ਵਾਸੀਅਨ ਪਿੰਡ ਛਾਂਗਾ ਖੁਰਦ (ਚੱਕ ਘੁਬਾਈ ਤਰਾਂ ਵਾਲੀ) ਉੱਥੇ ਆਏ। ਉਨ੍ਹਾਂ ਨੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਗੁਰਮੀਤ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਓਮ ਪ੍ਰਕਾਸ਼ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀਅਨ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।


**PUBLIC NOTICE**

Information is given to general public at large that our client Mohd. Aalam S/o Mr. Abdul Rasid is the owner of Freehold Residential Plot no. 22 land area 25 sq. yds, part of Khasra no. 11/3, in Prashant Vihar, Khoda colony, Pargna Loni, Tehsil & Dist. Ghaziabad, U.P. Vide Sale Deed dated 27.08.2020 as Doc. No. 6072, Book No. I, vol. no. 17045, pages 87-122, SR-II- GZB & Regd. Self-Declaration dated 07.06.2023 as Doc. No. 244, Book No. I, vol. no. 1931, pages 85-100, SR-I-GZB, Initially Mr. Pardeshi and Mr. Jagmohan both S/o Mr. Shyam Lal were the jointly owner from regd. GPA dated 06.09.1996, thereafter, Mr. Jagmohan executed Sale Deed dated 27.08.2020 in favour of Mohd. Aalam S/o Mr. Abdul Rasid, our client is declaring that that any other Person does not have any right over the said property, which is to be financed by Ujjivan Small Finance Bank Ltd. Branch: Noida Uttar Pradesh. If any person(s) have any objection(s) or claim(s) with respect to the right, title or interest in the Said Property then contact us within 14 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

It is for general information that I, TULSHIRAM CHAUDHARI S/O BHONDUJI CHAUDHARI, Residing at C-154, JVTS Gardan, Chhattarpur Extn., Chattarpur, Delhi-110074 declare that name of mine and my father has been wrongly written as TULSHI RAM S/O BHONDUJI CHOUDHARY in my Service Book. The actual name of mine and my father is TULSHI-RAM CHAUDHARI and BHONDUJI CHAUDHARI respectively which may be amended accordingly

**NAME CHANGE**

I Santosh Kumar S/o Suraj Bhan Sharma R/o West Sant Nagar,Near Hanuman Mandir,H.No-48-49,Gali No-4,A-2 Block,Bhagat Colony, Burari, North Delhi,Delhi-110084, Have Changed My Name To Santosh Kumar Sharma For All Future Purpose

**NAME CHANGE**

I, NEELAM JHA W/O SAJJAN KUMAR JHA residing at 148, 2ND FLOOR, SURYA NAGAR PHASE-2, SECTOR-91, FARIDABAD, HARYANA-121003 have changed my minor daughter name from PRAGATI KUMARI to PRAGATI KUMARI JHA for all future purpose.

**NAME CHANGE**

I, Upendra Kumar S/o Jahanvi Prasad Singh R/o A-148 Street No-21 Shyam Vihar Phase-1 Dindar pur Delhi -110043 have changed my name to Upendra Kumar Singh for all purpose

**NAME CHANGE**

I ,Zaitoon Begum alias Jatun Begum W/o Mohd.Jamil H. No. 33 Gali Kababiyan Chitli Kabar Jama Masjid Delhi 110006 have changed my name from Jatun Begum to Zaitoon Begum for all future purposes both same and one person

**NAME CHANGE**

I RACHITA KAPOOR WIFE OF SHRI PARAS KAPOOR, RESIDENT OF 20 ARAM PARK RAM NAGAR, KRISHNA NAGAR, EAST DELHI, DELHI-110051 HAVE CHANGED MY NAME FROM RACHITA SAWHNEY TO RACHITA KAPOOR FOR ALL FUTURE PURPOSES.

**NAME CHANGE**

It is for general information that I MEENAKSHI D/O RAM SARUP, EX. W/O LATE PRADEEP KUMAR residing at R/O A-1720, A BLOCK, JHANGIR PURI, DELHI-110033 Further I remarried with GURMEET SINGH S/O LATE PYARA SINGH R/O 379, DDA TENAMENTS VISHAL ENCLAVE TAGORE GARDEN DELHI-110027, vide Marriage Registration No. 90730000173535 dated 5-7-2023 further I declare that the name of the Father of my minor daughter HARSHITA aged 17 years may be known as GURMEET SINGH in future for all purposes.

**NAME CHANGE**

I, Kunwar Sen S/o Kamal Singh R/O I-70, Gurudwara South City -1, Gurgaon Haryana -122001 have changed my name from Kunwar Sen to Kanwar sain for all future purpose.

**NAME CHANGE**

I, NO-12984517N RANK-L/NK TUNDUP DORJAY S/O SONAM PUNCHOK R/O KHACHAY, DISTT-KARGIL A/P LEH UT LADAKH-194109, have changed my minor son's name from MAFAN NAMGAM to MIPHAM NAMGYAL for all future purposes and in my service records his date of birth wrongly mentioned as 07/12/2004 instead of his correct date of birth as 07/12/2005.

**NAME CHANGE**

It is for general information that I, YUVRAJ CHAUDHARY S/o AJAY CHAUDHARY residing at Quarter No.-101, Type-2, Police Colony, Near Jhulelal Mandir , Shalimar Bagh, North West Delhi, Delhi - 110088 declare that the name of mine has been wrongly written as YUVRAJ CHAUHDHARY in my Driving Licence No. DL8-20220000529. The actual name of mine is YUVRAJ CHAUDHARY which may be amended accordingly.

**NAME CHANGE**

It is for general information that I, NAND KISHORE SHARMA S/o H.L SHARMA R/o A-5 B-77, Shanti Kunj, SFS Flats, Paschim Vihar, West Delhi, Delhi-110063 declare that name of mine and my minor Daughter KAUSHIKI SHARMA aged 9 Years have been wrongly written as N K SHARMA and KUHU SHARMA in her School Records and name of my minor Daughter has been wrongly written as KUHU in her Birth Certificate. The actual name of mine and my minor Daughter are NAND KISHORE SHARMA and KAUSHIKI SHARMA respectively, which may be amended accordingly.

**NAME CHANGE**

It is for general information that I, NAND KISHORE SHARMA S/o H.L SHARMA R/o A-5 B-77, Shanti Kunj, SFS Flats, Paschim Vihar, West Delhi, Delhi-110063 declare that name of mine and my minor Daughter PUNYAA SHARMA aged 7 years have been wrongly written as N K SHARMA and PIHU SHARMA in her School Records and name of my minor Daughter have been wrongly written as PIHU in her Birth Certificate. The actual name of mine and my minor Daughter are NAND KISHORE SHARMA and PUNYAA SHARMA respectively, which may be amended accordingly.

**PUBLIC NOTICE**
**TO WHOMSOEVER IT MAY CONCERN**

This is to inform all concern that my client Mohd Rafeeque s/o of Haji Nazir Ali and Rehana Rafeeque w/o of Mohd Rafeeque, both R/O 1830, Aziz ganj, Hathi khana, bahadur garh road, Sardar bazar, DELHI-110006, having disowned his/ her son Mohd Zeeshan and daughter-in-law Iram Usman from all their property (both movable and immovable), Will, Bank balance, Cash, Jewellery, etc. and they are no more their legal heir. They have no rights in my client's existing and future property.

**Mohammad Daniyal Advocate**
Office: 2778, Gali Chandi Wali,
Pahari Bhojia, Turkman Gate,
Delhi-06

**NAME CHANGE**

I, MUSKAN D/O ANIL MALIK residing at DDA MIG FLAT NO-192 MADIPUR DELHI-110064 have changed my name to MUSKAN MALIK for all purpose.

**NAME CHANGE**

I, RAJESH D/O KARAN SINGH residing at FLAT-278, METRO VIEW APARTMENT, SECTOR-13 B, DWARKA, DELHI-110078 have changed my name to RAJESHWARI for all future purpose.

**PUBLIC NOTICE**

Information is given to general public at large that our client Sh. Ravinder Kumar is the owner of Freehold Residential Plot no. T-676, built on Plot No. 113/A, area measuring 183 sq. yds., out of Khasra No. 1/178, situated at Mouza Ghonda, Chauhan Khadar, abadi known as Gautam Puri, Shahdara, Delhi. Vide Will dated 23.12.2020, in the Chain Document probate order of will dated 23.12.2020 is not available Our client is declaring that that any other Person does not have any right over the said property, and Flat / Unit No. 3A on Third Floor sold to be Sh. Asif Qureshi which is to be financed by Piramal Capital & Housing Finance Ltd. Branch: Aggarwal Station Box at Dilshad Garden Metro Station, New Delhi 110095. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

It is for general information that I, SANT DARSHAN SINGH S/o JAGDISH HARI, R/o Rajgarh via Pakhowal, Virkat Kutia, Rajgarh, Ludhiana, Punjab-141108, declare that name of my father has been wrongly written as SWAMI GYANDEV SINGH in my Passport No. R2491488. The actual name of my father is JAGDISH HARI.

**NAME CHANGE**

I hitherto known as AZEEM AHMED S/o MOHD AFZAL R/o House No. A884, 3rd Floor Left Side, A-Block, Near Hanuman Mandir, Shastri Nagar, North West Delhi, Delhi-110052, have changed my name and shall hereafter be known as AMAN KUMAR.

**PUBLIC NOTICE**

Information is given to general public at large that our client Smt. Kamla Rani (GPA Holder) & Sh. Harbhajan Lal (ATS Holder).is the owner of Freehold Residential Plot No. A-103, bearing Municipal No. WZ-141, area measuring 150 sq. yds., situated in the colony known as Janta Colony, New Delhi. Vide General Power of Attorney (Regd.), Agreement to Sell & Will (Notarized) dated property, and Rights Hand Side, Land area measuring 75 sq. yds. sold to be Sh. Gulshan Kumar Saini which is to be financed by Piramal Capital & Housing Finance Ltd. Branch: Dwarka, New Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)


# ਜਿਲ੍ਹਾ ਪੰਚਕੂਲਾ ਵਿਚ ਝੁੱਗੀ-ਝੋਪੜੀਆਂ ਵਿਚ ਰਹਿਣ ਵਾਲੇ ਗਰੀਬ ਲੋਕਾਂ ਦੇ ਪੁਨਰਵਾਸ ਦੇ ਲਈ ਜਲਦੀ ਤਿਆਰ ਕੀਤੀ ਜਾਵੇਗੀ ਯੋਜਨਾ: ਖੱਟੜ

**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਜਿਲ੍ਹਾ ਪੰਚਕੂਲਾ ਦੇ ਪਿੰਡ ਖੜਕ ਮੰਗੋਲੀ ਅਤੇ ਰਾਜੀਵ ਤੇ ਇੰਦਰਾ ਕਲੋਨੀ ਵਿਚ ਝੁੱਗੀ ਝੋਪੜੀਆਂ ਵਿਚ ਰਹਿ ਰਹੇ ਗਰੀਬ ਲੋਕਾਂ ਦੇ ਪੁਨਰਵਾਸ ਦੇ ਲਈ ਜਲਦੀ ਹੀ ਇਕ ਵਿਆਪਕ ਯੋਜਨਾ ਤਿਆਰ ਕੀਤੀ ਜਾਵੇਗੀ। ਇਸ ਦੇ ਲਈ ਲਗਭਗ 7500 ਝੁੱਗੀਆਂ ਨੂੰ ਚੋਣ ਕੀਤਾ ਗਿਆ ਹੈ, ਜਿਨ੍ਹਾਂ ਨੂੰ ਇਸ ਯੋਜਨਾ ਦਾ ਲਾਭ ਮਿਲੇਗਾ।

ਮੁੱਖ ਮੰਤਰੀ ਅੱਜ ਜਿਲ੍ਹਾ ਪੰਚਕੂਲਾ ਵਿਚ ਪਿੰਡ ਖੜਕ ਮੰਗੋਲੀ ਵਿਚ ਲੋਕਾਂ ਦੇ ਪੁਨਰਵਾਸ ਲਈ ਚੋਣ ਕੀਤੀ ਗਈ ਭੂਮੀ ਦਾ ਨਿਰੀਖਣ ਕਰਨ ਬਾਅਦ ਪੱਤਰਕਾਰਾਂ ਨਾਲ ਗਲਬਾਤ ਕਰ ਰਹੇ ਸਨ। ਇਸ ਮੌਕੇ ਹਰਿਆਣਾ ਦੇ ਵਿਧਾਨਸਭਾ ਸਪੀਕਰ ਸ੍ਰੀ ਗਿਆਨਚੰਦ ਗੁਪਤਾ ਵੀ ਮੌਜੂਦ ਸਨ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਪੰਚਕੂਲਾ ਦੇ ਪਿੰਡ ਖੜਕ ਮੰਗੋਲੀ, ਰਾਜੀਵ ਤੇ ਇੰਦਰਾ ਕਲੋਨੀ ਵਿਚ ਲੋਕ ਸਾਲਾਂ ਤੋਂ ਅਵੈਧ ਝੁੱਗੀਆਂ ਬਣਾ ਕੇ ਰਹਿ ਰਹੇ ਹਨ। ਅਵੈਧ ਕਬਜੇ ਨੂੰ ਹਟਾਉਣ ਅਤੇ ਲੋਕਾਂ ਦਾ ਪੁਨਰਵਾਸ ਕਰਨ ਲਈ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਵੱਲੋਂ ਪਿੰਡ ਖੜਕ ਮੰਗੋਲੀ ਵਿਚ 59.12 ਏਕੜ ਭੂਮੀ ਚੋਣ ਕੀਤੀ ਗਈ ਹੈ। ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਨੂੰ ਵਨ ਵਿਭਾਗ, ਲੋਕ ਨਿਰਮਾਣ ਵਿਭਾਗ, ਸਿੰਚਾਈ ਅਤੇ ਜਲ ਸੰਸਾਧਨ ਵਿਪਾਗ ਤੇ ਮਾਲ ਵਿਭਾਗ ਦੇ ਨਾਲ ਜਲਦੀ ਹੀ ਇਕ ਮੀਟਿੰਗ ਕਰ ਉਪਰੋਕਤ ਭੂਮੀ ਦੇ ਸਬੰਧ ਵਿਚ ਸਾਰੀ ਪਹਿਲੂਆਂ 'ਤੇ ਵਿਚਾਰ-ਵਟਾਂਦਰਾਂ ਕਰਨ ਬਾਅਦ ਇਕ ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।



ਮੁੱਖ ਮੰਤਰੀ ਨੇ ਕਿਹਾ ਕਿ ਖੜਕ ਮੰਗੋਲੀ, ਰਾਜੀਵ ਤੇ ਇੰਦਰਾ ਕਲੋਨੀ ਦੀ ਝੁੱਗੀਆਂ ਵਿਚ ਰਹਿ ਰਹੇ ਲੋਕਾਂ ਦੇ ਪੁਨਰਵਾਸ ਨੂੰ ਯੋਜਨਾ ਤਿਆਰ ਕਰਨ ਦੇ ਲਈ ਅੱਜ ਹੀ ਉਨ੍ਹਾਂ ਨੇ ਵਿਧਾਨਸਭਾ ਸਪੀਕਰ ਸ੍ਰੀ ਗਿਆਨਚੰਦ ਗੁਪਤਾ ਦੇ ਨਾਲ ਚੰਡੀਗੜ੍ਹ ਦੇ ਧਨਾਸ ਅਤੇ ਮੁਲੋਇਆ ਖੇਤਰ ਦਾ ਦੌਰਾ ਕਰ, ਉੱਥੇ ਰਹਿ ਰਹੇ ਲੋਕਾਂ ਦੇ ਨਾਲ-ਨਾਲ ਪ੍ਰਸਾਸ਼ਨ ਦੇ ਅਧਿਕਾਰੀਆਂ ਦੇ ਨਾਲ ਵੀ ਗਲਬਾਤ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਯੋਜਨਾ ਤਿਆਰ ਕਰਨ ਤੋਂ ਪਹਿਲਾਂ ਸਾਰੇ ਹਿੱਤਧਾਰਕਾਂ ਨਾਲ ਗਲਬਾਤ ਕਰ ਵੱਖ-ਵੱਖ ਮਾਡਲਾਂ 'ਤੇ ਚਰਚਾ ਕੀਤੀ ਜਾਵੇਗੀ। ਜਰੂਰਤ ਪੈਣ 'ਤੇ ਸਰਕਾਰ ਵੱਲੋਂ ਲਾਭਕਾਰਾਂ ਨੂੰ ਬੈਂਕ ਤੋਂ ਲੋਨ ਵੀ ਮਹੁਇਆ ਕਰਵਾਇਆ ਜਾਵੇਗਾ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਘੱਗਰ ਨਦੀ ਦੇ ਨਾਲ ਲਗਦੇ ਖੇਤਰ ਵਿਚ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਦੀ ਕੁੱਝ ਜਮੀਨ ਹੈ, ਜੋ ਨੀਚਾਈ ਵਿਚ ਹੋਣ ਦੇ ਕਾਰਣ ਉਪਯੋਗੀ ਨਹੀਂ ਹੈ। ਉਨ੍ਹਾਂ ਨੇ ਐਚਐਸਵੀਪੀ ਨੂੰ ਨਿਰਦੇਸ਼ ਦਿੱਤੇ ਹਨ ਕਿ ਘੱਗਰ ਨਦੀਂ ਵਿਚ ਪਾਣੀ ਦੇ ਸਰੱਖਿਅਤ ਬਹਾਵ ਨੂੰ ਦੇਖਦੇ ਹੋਏ ਇਸ ਜਮੀਨ ਦੇ ਵਰਤੋ ਦੀ ਇਕ ਯੋਜਨਾ ਤਿਆਰ ਕੀਤੀ ਜਾਵੇ ਤਾਂ ਜੋ ਖੇਤਰ ਦਾ ਸਮਾਨ ਵਿਕਾਸ ਹੋ ਸਕੇ।

ਗੁਰੂਗ੍ਰਾਮ, ਫਰੀਦਾਬਾਦ ਅਤੇ ਹੋਰ ਵੱਡੇ ਸ਼ਹਿਰਾਂ ਨੂੰ ਸਲੱਮ ਮੁਕਤ ਬਨਾਉਣ ਲਈ ਸਰਕਾਰ ਦੀ ਕਾਰਜ ਯੋਜਨਾ ਦੇ ਸਬੰਧ ਵਿਚ ਪੁੱਛੇ ਗਏ ਇਕ ਸੁਆਲ ਦੇ ਜਵਾਬ ਵਿਚ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਭੂਮੀ ਦੀ ਉਪਲਬਧਤਾ ਅਤੇ ਕਬਜਾ ਦੇ ਆਧਾਰ 'ਤੇ ਹਰੇਕ ਸ਼ਹਿਰ ਦੀ ਵੱਖ-ਵੱਖ ਯੋਜਨਾ ਤਿਆਰ ਕੀਤੀਆਂ ਜਾਣਗੀਆਂ।

**ਅੰਤੋਂਦੇਯ ਅਤੇ ਲੋਕਹਿਤ ਦਾ ਹੋਵੇਗਾ ਹਰਿਆਣਾ ਬਜਟ**

ਬਜਟ ਸੈਸ਼ਨ ਦੇ ਸਬੰਧ ਵਿਚ ਪੁੱਛੇ ਗਏ ਸੁਆਲ ਦੇ ਜਵਾਬ ਵਿਚ ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਦੇ ਬਜਟ ਵਿਚ ਅੰਤੋਂਦੇਯ ਅਤੇ ਲੋਕਹਿਤ ਦੀ ਝਲਕ ਸਾਫ ਦਿਖਾਈ ਦਵੇਗੀ। ਕਿਸਾਨਾਂ ਵੱਲੋਂ ਐਮਐਸਪੀ ਦੀ ਮੰਗ ਦੇ ਸਬੰਧ ਵਿਚ ਪੁੱਛੇ ਗਏ ਸੁਆਲ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਆਪਸੀ ਸਹਿਮਤੀ ਨਾਲ ਕਿਸੇ ਵੀ ਸਮਸਿਆ ਦਾ ਹੱਲ ਕੱਢਿਆ ਜਾ ਸਕਦਾ ਹੈ। ਇਕ ਹੋਰ ਸੁਆਲ ਦੇ ਜਵਾਬ ਵਿਚ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਲੋਕਸਭਾ ਚੋਣਾਂ ਵਿਚ ਬੀਜੇਪੀ 370 ਪਾਰ ਅਤੇ ਐਨਡੀਏ 400 ਪਾਰ ਦੇ ਟੀਚੇ ਨੂੰ ਪੂਰਾ ਰਕੇਗੀ। ਹਰਿਆਣਾ ਵਿਚ ਬੀਜੇਪੀ 10 ਦੀ 10 ਸੀਟਾਂ 'ਤੇ ਪਰਚਮ ਲਹਿਰਾਏਗੀ।

ਇਸ ਮੌਕੇ 'ਤੇ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਦੇ ਮੁੱਖ ਪ੍ਰਸਾਸ਼ਕ ਟੀਐਲ ਸਤਅਪ੍ਰਕਾਸ਼, ਡਿਪਟੀ ਕਮਿਸ਼ਨਰ ਸੁਸ਼ੀਲ ਸਾਰਵਾਨ, ਪੁਲਿਸ ਡਿਪਟੀ ਕਮਿਸ਼ਨਰ ਸੁਮੇਰ ਪ੍ਰਤਾਪ ਸਿੰਘ, ਨਗਰ ਨਿਗਮ ਕਮਿਸ਼ਨਰ ਸਚਿਨ ਗੁਪਤਾ, ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਪੰਚਕੂਲਾ ਦੀ ਪ੍ਰਸਾਸ਼ਕ ਸ੍ਰੀਮਤੀ ਵਰਸ਼ਾ ਖੰਗਵਾਲ ਸਮੇਤ ਹੋਰ ਸਬੰਧਿਤ ਅਧਿਕਾਰੀ ਮੌਜੂਦ ਸਨ.

# ਨਹਿਰ ਦੀ ਉਸਾਰੀ ਲਈ ਕਿਸਾਨਾਂ ਦਾ ਮਿੰਨੀ ਸਕੱਤਰੇਤ ਅੱਗੇ ਪੱਕਾ ਮੋਰਚਾ



**ਸਿਰਸਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਓਟੂ ਤੋਂ ਧਿੰਗਤਾਣੀਆਂ, ਸਲਾਰਪੁਰ ਫਲੱਡੀ ਨਹਿਰ ਦੀ ਉਸਾਰੀ ਲਈ ਕੇ ਕਰੀਬ ਪੰਦਰਾਂ ਪਿੰਡਾਂ ਦੇ ਕਿਸਾਨਾਂ ਦਾ ਮਿੰਨੀ ਸਕੱਤਰੇਤ ਦੇ ਬਾਹਰ ਪੱਕਾ ਮੋਰਚਾ ਤਹਿਤ ਧਰਨਾ ਜਾਰੀ ਹੈ। ਕਿਸਾਨਾਂ ਨੇ ਐਲਾਨ ਕੀਤਾ ਹੈ ਕਿ ਜਦੋਂ ਤੱਕ ਨਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਨਹੀਂ ਹੁੰਦਾ, ਉਦੋਂ ਤੱਕ ਉਨ੍ਹਾਂ ਦਾ ਇਹ ਪੱਕਾ ਮੋਰਚਾ ਜਾਰੀ ਰਹੇਗਾ। ਇਸ ਮੌਕੇ 'ਤੇ ਵੱਡੀ ਗਿਣਤੀ 'ਚ ਕਿਸਾਨ ਮੌਜੂਦ ਸਨ। ਕਿਸਾਨ ਸਭਾ ਦੇ ਆਗੂ ਜਗਰੂਪ ਸਿੰਘ ਚੌਬੁਰਜਾ ਨੇ ਕਿਹਾ ਕਿ ਇਲਾਕੇ ਦੇ ਦਰਜਨਾਂ ਪਿੰਡਾਂ 'ਚ ਧਰਤੀ ਹੇਠਲਾ ਪਾਣੀ ਮਾੜਾ ਹੈ। ਇਹ ਪਾਣੀ ਨਾ ਤਾਂ ਪੀਣ ਯੋਗ ਹੈ ਤੇ ਨਾ ਹੀ ਸਿੰਜਾਈ ਲਈ ਵਰਤਿਆ ਜਾ ਸਕਦਾ ਹੈ। ਟਿਊਬਵੈੱਲਾਂ ਦੇ ਮਾੜੇ ਪਾਣੀ ਨਾਲ ਉਨ੍ਹਾਂ ਦੀਆਂ ਜ਼ਮੀਨਾਂ ਬੰਜਰ ਹੋ ਰਹੀਆਂ ਹਨ। ਪਾਣੀ ਦੀ ਘਾਟ ਕਾਰਨ ਉਨ੍ਹਾਂ ਦੇ ਖਾਣ ਜੋਗੇ ਦੀ ਦਾਣੇ ਨਹੀਂ ਹੁੰਦੇ। ਕਿਸਾਨ ਲੰਮੇ ਸਮੇਂ ਤੋਂ ਓਟੂ ਹੈੱਡ ਤੋਂ ਫਲੱਡ ਨਹਿਰਾਂ ਦੇ ਨਿਰਮਾਣ ਦੀ ਮੰਗ ਕਰ ਰਹੇ ਹਨ ਪਰ ਉਨ੍ਹਾਂ ਦੀ ਮੰਗ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਕ ਪਾਸੇ ਤਾਂ ਘੱਗਰ ਦਰਿਆ ਦੇ ਹੜ੍ਹਾਂ ਕਾਰਨ ਭਾਰੀ ਨੁਕਸਾਨ ਹੁੰਦਾ ਹੈ ਦੂਜੇ ਪਾਸੇ ਇਸੇ ਦੌਰਾਨ ਦਰਜਨਾਂ ਪਿੰਡਾਂ 'ਚ ਸੋਕਾ ਪਿਆ ਹੁੰਦਾ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਨਹਿਰਾਂ ਦੇ ਨਿਰਮਾਣ ਦਾ ਕੰਮ ਸ਼ੁਰੂ ਨਹੀਂ ਕੀਤਾ ਜਾਂਦਾ, ਉਦੋਂ ਤੱਕ ਕਿਸਾਨਾਂ ਦਾ ਪੱਕਾ ਮੋਰਚਾ ਤਹਿਤ ਧਰਨਾ ਜਾਰੀ ਰਹੇਗਾ। ਇਸ ਮੌਕੇ 'ਤੇ ਵੱਡੀ ਗਿਣਤੀ 'ਚ ਪਿੰਡਾਂ ਦੇ ਕਿਸਾਨ ਮੌਜੂਦ ਸਨ।

# ਕੌਮੀ ਵਿਗਿਆਨ ਪੁਰਸਕਾਰ 2024 ਲਈ ਬਿਨੈ ਦੀ ਆਖ਼ਰੀ ਮਿਤੀ 28 ਫਰਵਰੀ

**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਨੇ ਵਿਗਿਆਨ, ਤਕਨਾਲੋਜੀ ਅਤੇ ਇਨੋਵੇਸ਼ਨ ਦੇ ਖੇਤਰ ਵਿਚ ਕੌਮੀ ਵਿਗਿਆਨ ਪੁਰਸਕਾਰ, 2024 ਦਾ ਐਲਾਨ ਕੀਤਾ ਹੈ। ਕੌਮੀ ਵਿਗਿਆਨ ਪੁਰਸਕਾਰ ਖੋਜਕਾਰਾਂ, ਟੈਕਲੋਲੋਜਿਸਟਸ ਤੇ ਇਨੋਵੇਟਰਸ ਦੇ ਐਕਸੀਲੈਂਸ ਅਤੇ ਪ੍ਰੇਰਕ ਵਿਗਿਆਨਕ, ਤਕਨੀਕੀ ਅਤੇ ਇਨੋਵੇਸ਼ ਯੋਗਦਾਨ ਨੂੰ ਮਾਨਤਾ ਪ੍ਰਦਾਨ ਕਰਦਾ ਹੈ।

ਇਕ ਸਰਕਾਰੀ ਬੁਲਾਰੇ ਨੇ ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਵਿਗਿਆਨ, ਤਕਨਾਲੋਜੀ ਅਤੇ ਤਕਨਾਲੋਜੀ ਅਧਾਰਿਤ ਇਨੋਵੇਸ਼ਨ ਦੇ ਵੱਖ-ਵੱਖ ਖੇਤਰਾਂ ਵਿਚ ਵਿਅਕਤੀਆਂ ਜਾਂ ਟੀਮ ਤੋਂ ਕੌਮੀ ਵਿਗਿਆਨ ਪੁਰਸਕਾਰ (ਆਰਵੀਪੀ) ਲਈ ਨਾਮਜਦਗੀ/ਬਿਨੈ ਮੰਗੇ ਹਨ। ਬਿਨੈ ਦੀ ਆਖੀਰੀ ਮਿੱਤੀ 28 ਫਰਵਰੀ ਹੈ।

ਉਨ੍ਹਾਂ ਨੇ ਕਿਹਾ ਕਿ ਇਹ ਪੁਰਸਕਾਰ ਚਾਰ ਗਰੁੱਪਸ ਵਿਚ ਪ੍ਰਦਾਨ ਕੀਤੇ ਜਾਣਗੇ। ਇਸ ਵਿਚ ਵਿਗਿਆਨ ਰਤਨ (ਵੀਆਰ) ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਜੀਵਨਕਾਲ ਦੀ ਉਪਲਬਧੀਆਂ ਅਤੇ ਯੋਗਦਾਨ ਨੂੰ ਮਾਨਤਾ ਦੇਣ ਲਈ ਵੱਧ ਤੋਂ ਵੱਧ ਤਿੰਨ ਪੁਰਸਕਾਰ ਪ੍ਰਦਾਨ ਕੀਤੇ ਜਾਣਗੇ। ਇਸੀ ਤਰ੍ਹਾ ਵਿਗਿਆਨ ਸ੍ਰੀ (ਵੀਐਸ) ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਨੂੰ ਮਾਨਤਾ ਦੇਣ ਲਈ ਵੱਧ ਤੋਂ ਵੱਧ 25 ਪੁਰਸਕਾਰ ਪ੍ਰਦਾਨ ਕੀਤੇ ਜਾਣਗੇ। ਉੱਥੇ ਹੀ ਵਿਗਿਆਨ ਯੁਵਾ ਸ਼ਾਂਤੀ ਸਵਰੂਪ ਭਟਨਾਗਰ ਪੁਰਸਕਾਰ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਅਸਾਧਾਰਣ ਯੋਗਦਾਨ ਦੇਣ ਵਾਲੇ ਯੂਵਾ ਵਿਗਿਆਨਕਾਂ ਦੀ ਪ੍ਰਤਿਭਾ ਨੂੰ ਪਹਿਚਾਣ ਦਿਵਾਉਣ ਅਤੇ ਉਨ੍ਹਾਂ ਨੂੰ ਪ੍ਰੋਤਸਾਹਿਤ ਕਰਨ ਲਈ ਵੱਧ ਤੋਂ ਵੱਧ 25 ਪੁਰਸਕਾਰ ਪ੍ਰਦਾਨ ਕੀਤੇ ਜਾਣਗੇ। ਪੁਰਸਕਾਰ ਦੀ ਆਖੀਰੀ ਸ਼੍ਰੇਣੀ ਵਿਚ ਵਿਗਿਆਨ ਟੀਮ ਪੁਰਸਕਾਰ: ਤਿੰਨ ਜਾਂ ਵੱਧ ਵਿਗਿਆਨਕ/ਖੋਰਕਾਰਾਂ/ਇਨੋਵੇਟਰਾਂ ਦੀ ਇਕ ਟੀਮ ਨੂੰ ਵੱਧ ਤੋਂ ਵੱਧ ਤਿੰਨ ਪੁਰਸਕਾਰ ਪ੍ਰਦਾਨ ਕੀਤੇ ਜਾ ਸਕਦੇ ਹਨ, ਜਿਨ੍ਹਾਂ ਨੇ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਇਕ ਟੀਮ ਵਿਚ ਕੰਮ ਕਰਦੇ ਹੋਏ ਅਸਾਧਾਰਣ ਯੋਗਦਾਨ ਦਿੱਤਾ ਹੋਵੇ।

**ਕੌਮੀ ਸਪੇਸ ਡੇ 'ਤੇ ਪ੍ਰਬੰਧਿਤ ਹੋਵੇਗਾ ਪੁਰਸਕਾਰ ਵੰਡ ਸਮਾਰੋਹ**

ਉਨ੍ਹਾਂ ਦਸਿਆ ਕਿ ਕੌਮੀ ਵਿਗਿਆਨ ਪੁਰਸਕਾਰ ਹੇਠਾਂ ਲਿਖੇ 13 ਖੇਤਰ ਵਿਚ ਦਿੱਤੇ ਜਾਣਗੇ, ਜਿਨ੍ਹਾਂ ਵਿਚ ਭੌਤਿਕ, ਰਸਾਇਣ ਵਿਗਿਆਨ, ਜੈਵਿਕ ਵਿਗਿਆਨ, ਗਣਿਤ ਅਤੇ ਕੰਪਿਊਟਰ ਵਿਗਿਆਨ, ਪ੍ਰਿਥਵੀ ਵਿਗਿਆਨ, ਮੈਡੀਕਲ, ਇੰਜੀਨੀਅਰਿੰਗ ਵਿਗਿਆਨ, ਖੇਤੀਬਾੜੀ ਵਿਗਿਆਨ, ਵਾਤਾਵਰਣ ਵਿਗਿਆਨ, ਤਕਨਾਲੋਜੀ ਅਤੇ ਇਨੋਵੇਸ਼ਨ, ਪਰਮਾਣੂ ਉਰਜਾ, ਸਪੇਸ ਵਿਗਿਆਨ ਅਤੇ ਤਕਨਾਲੋਜੀ ਅਤੇ ਹੋਰ ਸ਼ਾਮਿਲ ਹੈ। ਪੁਰਸਕਾਰਾਂ ਦੇ ਲਈ ਗ੍ਰਹਿ ਮੰਤਰਾਲੇ ਦੇ ਪੁਰਸਕਾਰ ਪੋਰਟਲ awards.gov.in) 'ਤੇ 28 ਫਰਵਰੀ, 2024 ਤਕ ਨਾਮਜਦਗੀ ਮੰਗੀ ਗਈਆਂ ਹਨ। ਆਮ ਦਿਸ਼ਾ ਨਿਰਦੇਸ਼ ਅਤੇ ਕੌਮੀ ਵਿਗਿਆਨ ਪੁਰਸਕਾਰ ਦਾ ਵੇਰਵਾ, ਪੁਰਸਕਾਰ ਪੋਰਟਲ 'ਤੇ ਉਪਲਬਧ ਹੈ। ਇਸ ਸਾਲ ਪੁਰਸਕਾਰਾਂ ਦਾ ਸੰਚਾਲਨ ਵਿਗਿਆਨ ਅਤੇ ਤਕਨਾਲੋਜੀ ਮੰਤਰਾਲੇ ਦੇ ਤਹਿਤ ਵਿਗਿਆਨਕ ਅਤੇ ਉਦਯੋਗਿਕ ਖੋਜ ਪਰਿਸ਼ਦ ਵੱਲੋਂ ਕੀਤਾ ਜਾ ਰਿਹਾ ਹੈ। ਪੁਰਸਕਾਰਾਂ ਦਾ ਐਲਾਲ 11 ਮਈ, 2024 ਨੂੰ ਕੌਮੀ ਤਕਨਾਲੋਜੀ ਦਿਵਸ ਦੇ ਮੌਕੇ 'ਤੇ ਕੀਤੀ ਜਾਣਗੀਆਂ। ਸਾਰੀ ਸ਼੍ਰੇਣੀਆਂ ਦੇ ਪੁਰਸਕਾਰਾਂ ਦੇ ਲਈ ਪੁਰਸਕਾਰ ਵੰਡ ਸਮਾਰੋਹ 23 ਅਗਸਤ, 2024 ਨੂੰ ਕੌਮੀ ਸਪੇਸ ਡੇ ਦੇ ਮੌਕੇ 'ਤੇ ਪ੍ਰਬੰਧਿਤ ਕੀਤੇ ਜਾਣਗੇ।

# ਕਿਸਾਨ ਸੰਘਰਸ਼: ਗੂਹਲਾ ਚੀਕਾ ਪ੍ਰਸ਼ਾਸਨ ਮੁੜ ਚੌਕਸ ਹੋਇਆ




**ਗੂਹਲਾ ਚੀਕਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਦੇ ਨੁਮਾਇੰਦਿਆਂ ਅਤੇ ਕਿਸਾਨ ਆਗੂਆਂ ਵਿਚਾਲੇ ਬੀਤੀ ਰਾਤ ਹੋਈ ਚੌਥੇ ਗੇੜ ਦੀ ਗੱਲਬਾਤ ਦਾ ਕੋਈ ਠੋਸ ਨਤੀਜਾ ਨਾ ਨਿਕਲਣ ਮਗਰੋਂ ਸਰਕਾਰ ਅਤੇ ਪ੍ਰਸ਼ਾਸਨ ਇੱਕ ਵਾਰ ਮੁੜ ਚੌਕਸ ਹੋ ਗਿਆ ਹੈ। ਇਸ ਤਹਿਤ ਅੱਜ ਗੂਹਲਾ ਪ੍ਰਸ਼ਾਸਨ ਨੇ ਟਟਿਆਣਾ ਬਾਰਡਰ 'ਤੇ ਲੱਗੇ ਅਸਥਾਈ ਨਾਕੇ ਦੀ ਕਿਲ੍ਹਾਬੰਦੀ ਕਰ ਕੇ ਉਸ ਨੂੰ ਹੋਰ ਮਜ਼ਬੂਤ ਕਰ ਦਿੱਤਾ ਹੈ। ਸੂਤਰਾਂ ਅਨੁਸਾਰ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ 24 ਘੰਟੇ ਚੌਕਸ ਰਹਿਣ ਦਾ ਹੁਕਮ ਦਿੱਤਾ ਹੈ। ਇਸ ਦੌਰਾਨ ਅੱਜ ਵੀ ਬਾਰਡਰ ਤੋਂ ਲੰਘਣ ਵਾਲੇ ਰਾਹਗੀਰਾਂ ਨੂੰ ਭਾਰੀ ਮੁਸ਼ੱਕਤ ਦਾ ਸਾਮਣਾ ਕਰਨਾ ਪਿਆ। ਗੂਹਲਾ ਚੀਕਾ ਵਿੱਚ ਪੰਜਾਬ ਵੱਲ 13 ਨਾਕੇ ਲਾਏ ਗਏ ਹਨ। ਹਾਲਾਂਕਿ ਇੱਕ-ਦੋ ਨਾਕਿਆਂ 'ਤੇ ਪੈਦਲ ਅਤੇ ਹਲਕੇ ਵਾਹਨ ਨਿਕਲਣ ਲਈ ਅਸਥਾਈ ਤੌਰ 'ਤੇ ਰਸਤੇ ਖੋਲ੍ਹ ਦਿੱਤੇ ਗਏ ਹਨ ਪਰ ਲੋਕ ਕਾਫੀ ਗੁੱਸੇ ਵਿੱਚ ਹਨ। ਉੱਧਰ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਦੇ ਧੜੇ ਨੇ ਵੀ ਕਿਸਾਨ ਅੰਦੋਲਨ ਦੇ ਸਮਰਥਨ ਦਾ ਐਲਾਨ ਕਰ ਦਿੱਤਾ ਹੈ।

ਸੀਨੀਅਰ ਕਿਸਾਨ ਆਗੂ ਲਖਵਿੰਦਰ ਸਿੰਘ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬੀਤੀ ਰਾਤ ਹੋਈ ਬੈਠਕ ਵਿੱਚ ਕੋਈ ਸਮਝੌਤਾ ਨਾ ਹੋਣ ਤੋਂ ਇੱਕ ਵਾਰ ਫਿਰ ਇਹ ਸਾਫ਼ ਹੋ ਗਿਆ ਹੈ ਕਿ ਸਰਕਾਰ ਦੇ ਮਨ ਵਿੱਚ ਖੋਟ ਹੈ। ਉਹ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਕਰਨ ਦੇ ਮੂਡ ਵਿੱਚ ਨਹੀਂ ਹੈ, ਜਿਸ ਦੇ ਚੱਲਦਿਆਂ ਕਿਸਾਨਾਂ ਨੇ ਵੀ ਅੰਦਰਖਾਤੇ ਦਿੱਲੀ ਕੂਚ ਲਈ ਵੱਡੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਜੇ 22 ਫਰਵਰੀ ਨੂੰ ਵੀ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਕਿਸਾਨ ਦਿੱਲੀ ਕੂਚ ਕਰ ਕੇ ਹੀ ਦਮ ਲੈਣਗੇ।

ਸ਼ਾਹਬਾਦ ਮਾਰਕੰਡਾ (ਪੱਤਰ ਪ੍ਰੇਰਕ): ਲਾਡਵਾ ਦੇ ਵਿਧਾਇਕ ਮੇਵਾ ਸਿੰਘ ਨੇ ਕਿਹਾ ਹੈ ਕਿ ਖੱਟਰ ਸਰਕਾਰ ਕਿਸਾਨਾਂ ਨੂੰ ਬਦਨਾਮ ਕਰਨ ਲਈ ਖੁਦ ਇਟਰਨੈਟ ਬੰਦ ਕਰ ਕੇ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ। ਉਨਾਂ ਕਿਸਾਨਾਂ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਜਾਇਜ਼ ਹਨ ਤੇ ਸਰਕਾਰ ਨੂੰ ਬਿਨਾਂ ਕਿਸੇ ਦੇਰੀ ਦੇ ਇਨ੍ਹਾਂ ਨੂੰ ਮੰਨਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਆਪਣੀਆਂ ਮੰਗਾਂ ਮਨਵਾਉਣ ਲਈ ਸੜਕਾਂ 'ਤੇ ਹਨ ਅਤੇ ਸਰਕਾਰ ਉਨ੍ਹਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਪੂਰੀ ਤਰ੍ਹਾਂ ਅਸੰਵਿਧਾਨਕ ਤੇ ਗੈਰ ਕਾਨੂੰਨੀ ਢੰਗ ਅਪਨਾ ਰਹੀ ਹੈ। ਕਿਸਾਨ ਹਿਤੈਸ਼ੀ ਹੋਣ ਦਾ ਦਮ ਭਰਨ ਵਾਲੀ ਸੂਬੇ ਦੀ ਭਾਜਪਾ ਤੇ ਜਜਪਾ ਸਰਕਾਰ ਨੇ ਕਿਸਾਨਾਂ ਨੂੰ ਰੋਕਣ ਲਈ ਸੜਕਾਂ ਰੋਕਣ ਤੋਂ ਇਲਾਵਾ ਕੰਕਰੀਟ ਦੀਆਂ ਕੰਧਾਂ ਉਸਾਰਨ ਜਿਹੇ ਅਸੰਵਿਧਾਨਕ ਕੰਮ ਕੀਤੇ ਹਨ ਜਿਸ ਦੀ ਉਹ ਨਿਖੇਧੀ ਕਰਦੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਰੋਕਣ ਲਈ ਅਥਰੂ ਗੈਸ ਦੇ ਗੋਲੇ ਸੁੱਟਣੇ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹਨ। ਇਸ ਨਾਲ ਅੱਖਾਂ ਦਾ ਨੁਕਸਾਨ ਹੋ ਸਕਦਾ ਹੈ।

# ਦੁਕਾਨ 'ਚੋਂ ਬੈਟਰੀਆਂ ਤੇ ਹੋਰ ਸਾਮਾਨ ਚੋਰੀ

**ਰਤੀਆ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਬੀਤੀ ਰਾਤ ਚੋਰ ਸ਼ਹਿਰ ਦੇ ਟੋਹਾਣਾ ਰੋਡ 'ਤੇ ਸਥਿਤ ਬਾਲਾ ਜੀ ਕਾਰ ਬਾਜ਼ਾਰ ਦੀ ਦੁਕਾਨ ਦੇ ਤਾਲੇ ਤੋੜ ਕੇ ਦੁਕਾਨ ਅੰਦਰ ਖੜ੍ਹੀਆਂ ਗੱਡੀਆਂ ਦੀਆਂ ਬੈਟਰੀਆਂ ਤੋਂ ਇਲਾਵਾ ਕਮਰੇ ਵਿਚ ਰੱਖਿਆ ਹੋਰ ਸਮਾਨ ਚੋਰੀ ਕਰ ਕੇ ਲੈ ਗਏ। ਪੁਲੀਸ ਨੇ ਦੁਕਾਨ ਮਾਲਕ ਸਤਪਾਲ ਨਿਵਾਸੀ ਕਰੰਡੀ ਦੀ ਸ਼ਿਕਾਇਤ ਦੇ ਆਧਾਰ 'ਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੁਕਾਨ ਮਾਲਕ ਨੇ ਦੱਸਿਆ ਕਿ ਉਹ ਗੱਡੀਆਂ ਖਰੀਦਣ-ਵੇਚਣ ਦਾ ਕੰਮ ਕਰਦਾ ਹੈ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਅਣਪਛਾਤੇ ਵਿਅਕਤੀ ਦੁਕਾਨ ਦਾ ਤਾਲਾ ਤੋੜ ਕੇ ਅੰਦਰ ਵੜ ਗਏ ਅਤੇ ਦੁਕਾਨ ਵਿਚ ਖੜ੍ਹੀਆਂ ਕਈ ਗੱਡੀਆਂ ਦੀਆਂ ਬੈਟਰੀਆਂ ਚੋਰੀ ਕਰਨ ਦੇ ਨਾਲ ਨਾਲ ਕਮਰੇ ਵਿਚ ਰੱਖੇ ਇਨਵਰਟਰ ਦੀ ਬੈਟਰੀ, ਸੀਸੀਟੀਵੀ ਕੈਮਰੇ ਦਾ ਡੀਵੀਆਰ ਵੀ ਚੋਰੀ ਕਰ ਕੇ ਲੈ ਗਏ।

# ਸਰਹੱਦਾਂ 'ਤੇ ਸੱਤਵੇਂ ਦਿਨ ਅਮਨ-ਸ਼ਾਂਤੀ ਵਾਲਾ ਮਾਹੌਲ



**ਸੰਗਰੂਰ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਅੱਜ ਸੱਤਵੇਂ ਦਿਨ ਮਾਹੌਲ ਭਾਵੇਂ ਅਮਨ ਸ਼ਾਂਤੀ ਵਾਲਾ ਬਣਿਆ ਰਿਹਾ ਪਰ ਕਿਸਾਨਾਂ 'ਚ ਦਿੱਲੀ ਕੂਚ ਕਰਨ ਲਈ ਜੋਸ਼ ਤੇ ਉਤਸ਼ਾਹ ਲਗਾਤਾਰ ਬਰਕਰਾਰ ਹੈ। ਕਿਸਾਨ ਖਨੌਰੀ ਬਾਰਡਰ 'ਤੇ ਪੂਰੇ ਬੁਲੰਦ ਹੌਸਲੇ 'ਚ ਹਨ ਅਤੇ ਖਾਸ ਕਰਕੇ ਨੌਜਵਾਨ ਕਿਸਾਨ ਪੰਜਾਬ-ਹਰਿਆਣਾ ਬਾਰਡਰ 'ਤੇ ਹਰਿਆਣਾ ਪੁਲੀਸ ਤੇ ਕੇਂਦਰੀ ਸੁਰੱਖਿਆ ਬਲਾਂ ਦੀਆਂ ਗਤੀਵਿਧੀਆਂ ਉਪਰ ਤਿੱਖੀ ਨਜ਼ਰ ਰੱਖ ਰਹੇ ਹਨ। ਬੀਤੀ ਰਾਤ ਖਨੌਰੀ ਬਾਰਡਰ 'ਤੇ ਕਿਸਾਨ ਮਨਜੀਤ ਸਿੰਘ ਵਾਸੀ ਕਾਂਗਥਲਾ ਦੀ ਸ਼ਹਾਦਤ ਨੇ ਕਿਸਾਨੀ ਸੰਘਰਸ਼ 'ਚ ਜੋਸ਼ ਭਰ ਦਿੱਤਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਸੂਬਾ ਕਮੇਟੀ ਵਲੋਂ ਜੋ ਵੀ ਫੈਸਲਾ ਲਿਆ ਜਾਵੇਗਾ, ਉਸ ਉਪਰ ਡਟ ਕੇ ਪਹਿਰਾ ਦਿਆਂਗੇ। ਖਨੌਰੀ ਬਾਰਡਰ 'ਤੇ ਅੱਜ ਵੀ ਕਾਫ਼ੀ ਚਹਿਲ ਪਹਿਲ ਰਹੀ। ਵਗਦੀਆਂ ਤੇਜ਼ ਹਵਾਵਾਂ ਕਾਰਨ ਕਈ ਕਿਸਾਨ ਆਪਣੇ ਰੈਣ ਬਸੇਰੇ ਟਰਾਲੀਆਂ ਉਪਰ ਤਰਪਾਲਾਂ ਨੂੰ ਮਜ਼ਬੂਤੀ ਨਾਲ ਬੰਨ੍ਹਣ 'ਚ ਜੁਟੇ ਨਜ਼ਰ ਆਏ। ਇੱਥੇ ਵਿਦੇਸ਼ੀ ਜੋੜੇ ਨੇ ਵੀ ਖਨੌਰੀ ਬਾਰਡਰ 'ਤੇ ਪੁੱਜ ਕੇ ਕਿਸਾਨਾਂ ਦੇ ਸੰਘਰਸ਼ ਨੂੰ ਗਹੁ ਨਾਲ ਵੇਖਿਆ। ਹਰਿਆਣਾ ਦੇ ਕਿਸਾਨ ਵੀ ਖਨੌਰੀ ਬਾਰਡਰ 'ਤੇ ਪੰਜਾਬ ਦੇ ਕਿਸਾਨਾਂ ਦੀ ਹਮਾਇਤ ਵਿਚ ਜੁਟੇ ਹੋਏ ਹਨ ਜੋ ਕਿ ਮੌਜੂਦਾ ਹਾਲਾਤ ਬਾਰੇ ਚਰਚਾ ਕਰਨ ਦੇ ਨਾਲ ਨਾਲ 'ਹੁੱਕਾ' ਦਾ ਆਨੰਦ ਵੀ ਲੈਂਦੇ ਨਜ਼ਰ ਆਏ।

ਉਧਰ, ਅੱਜ ਸੱਤਵੇਂ ਦਿਨ ਵੀ ਕਿਸਾਨ ਸ਼ੰਭੂ ਬੈਰੀਅਰ 'ਤੇ ਡਟੇ ਰਹੇ। ਮੌਸਮ ਵਿਭਾਗ ਵੱਲੋਂ ਕੀਤੀ ਮੀਂਹ ਦੀ ਪੇਸ਼ੀਨਗੋਈ ਦੇ ਬਾਵਜੂਦ ਅੱਜ ਇੱਥੇ ਕਾਫ਼ੀ ਇਕੱਠ ਸੀ। ਪਹਿਲੇ ਕੁਝ ਦਿਨ ਭਾਰੀ ਤਣਾਅ ਵਿੱਚੋਂ ਨਿਕਲਣ ਉਪਰੰਤ 'ਸਰਹੱਦ' ਉੱਤੇ ਅੱਜ ਮਾਹੌਲ ਸ਼ਾਂਤਮਈ ਬਣਿਆ ਰਿਹਾ। ਉਧਰ, ਐਤਵਾਰ ਨੂੰ ਹੋਈ ਚੌਥੇ ਗੇੜ ਦੀ ਮੀਟਿੰਗ ਦੌਰਾਨ ਕੇਂਦਰ ਸਰਕਾਰ ਵੱਲੋਂ ਪੰਜ ਫਸਲਾਂ 'ਤੇ ਐੱਮਐੱਸਪੀ ਦੀ ਕੀਤੀ ਗਈ ਪੇਸ਼ਕਸ਼ ਸਬੰਧੀ ਕਿਸਾਨ ਆਗੂ ਅੱਜ ਦਿਨ ਭਰ ਵਿਚਾਰਾਂ ਕਰਦੇ ਰਹੇ। ਇਸ ਸਬੰਧੀ ਦੂਜੇ ਰਾਜਾਂ ਦੇ ਉਨ੍ਹਾਂ ਕਿਸਾਨਾਂ ਨਾਲ ਰਾਬਤਾ ਕੀਤਾ ਜਾ ਰਿਹਾ ਹੈ, ਜੋ ਕਿਸਾਨ ਅੰਦੋਲ਼ਨ ਦੌਰਾਨ ਅਹਿਮ ਭੂਮਿਕਾ ਨਿਭਾਉਂਦੇ ਰਹੇ ਹਨ। ਇੱਥੇ ਸ਼੍ਰੋਮਣੀ ਕਮੇਟੀ ਵੱਲੋਂ ਵੀ ਇਲਾਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਜਸਮੇਰ ਲਾਛੜੂ ਦੀ ਅਗਵਾਈ ਹੇਠ ਪਿਛਲੇ ਦਿਨਾਂ ਤੋਂ ਲੰਗਰ ਲਾਏ ਹੋਏ ਹਨ। ਕਮੇਟੀ ਵੱਲੋਂ ਦਵਾਈਆਂ ਆਦਿ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ। ਅਕਾਲੀ ਦਲ ਘਨੌਰ ਦੇ ਹਲਕਾ ਇੰਚਾਰਜ ਭੂਪਿੰਦਰ ਸਿੰਘ ਸ਼ੇਖੂਪੁਰ ਅਤੇ ਅਕਾਲੀ ਆਗੂ ਸੁਖਜੀਤ ਬਘੌਰਾ ਵੀ ਸੇਵਾਵਾਂ ਨਿਭਾ ਰਹੇ ਹਨ।

ਇਸੇ ਦੌਰਾਨ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਪ੍ਰਮੁੱਖ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਦੇਰ ਸ਼ਾਮ ਖਨੌਰੀ ਬਾਰਡਰ 'ਤੇ ਪ੍ਰੈਸ ਕਾਨਫਰੰਸ ਵੀ ਕੀਤੀ। ਉਨ੍ਹਾਂ ਨਾਲ ਕਿਸਾਨ ਆਗੂ ਸਤਨਾਮ ਸਿੰਘ ਬਹਿਰੂ ਅਤੇ ਹਰਿਆਣਾ ਦੇ ਕਿਸਾਨ ਆਗੂ ਲਖਵਿੰਦਰ ਸਿੰਘ ਔਲਖ ਆਦਿ ਮੌਜੂਦ ਸਨ। ਸੰਯੁਕਤ ਕਿਸਾਨ ਮੋਰਚਾ ਵਲੋਂ ਭਾਜਪਾ ਆਗੂਆਂ ਦੇ ਘਰਾਂ ਅੱਗੇ ਧਰਨੇ ਅਤੇ ਟੋਲ ਫ੍ਰੀ ਕਰਨ ਦੇ ਸੰਘਰਸ਼ ਬਾਰੇ ਪੁੱਛੇ ਸਵਾਲ 'ਤੇ ਸ੍ਰੀ ਡੱਲੇਵਾਲ ਨੇ ਕਿਹਾ ਕਿ ਕੋਈ ਵੀ ਸਾਡੇ ਵਿਚ ਆ ਸਕਦਾ ਹੈ ਜਾਂ ਜੇਕਰ ਬਾਹਰੋਂ ਵੀ ਆਪਣੇ ਪੱਧਰ 'ਤੇ ਹਮਾਇਤ ਕਰਦਾ ਹੈ ਤਾਂ ਉਸਦਾ ਧੰਨਵਾਦ ਕਰਦੇ ਹਾਂ।

# ਉੱਤਰ ਪ੍ਰਦੇਸ਼ ਦੇ ਕਲਾਕਾਰਾਂ ਨੇ ਢੇਡੀਆ ਨਾਚ ਰਾਹੀਂ ਦਿਖਾਈ ਖੇਤਰੀ ਝਲਕ



**ਸ਼ਾਹਬਾਦ ਮਾਰਕੰਡਾ,22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਕਲਾ ਪਰਿਸ਼ਦ ਵੱਲੋਂ ਕਲਾ ਕਿਰਤੀ ਭਵਨ ਵਿੱਚ ਕਰਵਾਏ ਜਾ ਰਹੇ ਬਸੰਤ ਉਤਸਵ ਦੇ ਸਤਵੇਂ ਦਿਨ ਅੱਜ ਉੱਤਰ ਪ੍ਰਦੇਸ਼ ਦੇ ਢੇਡੀਆ ਡਾਂਸ ਦੀ ਝਲਕ ਦੇਖਣ ਨੂੰ ਮਿਲੀ। ਹਰਿਆਣਾ ਕਲਾ ਪਰਿਸ਼ਦ ਵੱਲੋਂ ਹਰਿਆਣਾ ਸਮੇਤ ਵੱਖ ਵੱਖ ਸੂਬਿਆਂ ਦੇ ਕਲਾਕਾਰਾਂ ਨੂੰ ਬੁਲਾ ਕੇ ਬਸੰਤ ਉਤਸਵ ਮਨਾਇਆ ਜਾ ਰਿਹਾ ਹੈ। ਇਸੇ ਲੜੀ ਦਾ ਸਤਵਾਂ ਦਿਨ ਉੱਤਰ ਪ੍ਰਦੇਸ਼ ਦੇ ਨਾਂ ਰਿਹਾ। ਇਸ ਵਿੱਚ ਆਨੰਦ ਕਿਸ਼ੋਰ ਦੀ ਮੰਡਲੀ ਵੱਲੋਂ ਉੱਤਰ ਪ੍ਰਦੇਸ਼ ਦੇ ਲੋਕ ਨਾਚ ਪੇਸ਼ ਕੀਤੇ ਗਏ। ਇਸ ਮੌਕੇ ਸੰਸਾਰ ਭਾਰਤੀ ਕੁਰੂਕਸ਼ੇਤਰ ਇਕਾਈ ਦੇ ਪ੍ਰਧਾਨ ਡਾਕਟਰ ਅਸ਼ੋਕ ਸ਼ਰਮਾ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਉਦਘਾਟਨ ਮੁੱਖ ਮਹਿਮਾਨ ਅਸ਼ੋਕ ਸ਼ਰਮਾ ਤੇ ਹਰਿਆਣਾ ਕਲਾ ਪ੍ਰੀਸ਼ਦ ਦੇ ਡਾਇਰੈਕਟਰ ਨਗਿੰਦਰ ਸ਼ਰਮਾ ਨੇ ਕੀਤਾ।

ਮੁੱਖ ਮਹਿਮਾਨ ਤੇ ਹਾਜ਼ਰੀਨ ਲੋਕਾਂ ਦਾ ਸੁਆਗਤ ਕਰਦਿਆਂ ਨਗੇਂਦਰ ਸ਼ਰਮਾ ਨੇ ਕਿਹਾ ਕਿ ਹਰਿਆਣਾ ਕਲਾ ਪਰਿਸ਼ਦ ਦਾ ਮੁੱਖ ਉਦੇਸ਼ ਰਾਜ ਦੀ ਕਲਾ ਤੇ ਸੰਸਕ੍ਰਿਤੀ ਦਾ ਵਿਸਥਾਰ ਕਰਨਾ ਹੈ, ਜਿਸ ਨੂੰ ਪੂਰਾ ਕਰਨ ਲਈ ਕਲਾ ਪਰਿਸ਼ਦ ਵੱਲੋਂ ਕਲਾਕਾਰਾਂ ਨੂੰ ਮੌਕੇ ਦਿੱਤੇ ਜਾ ਰਹੇ ਹਨ। ਡਾਕਟਰ ਅਸ਼ੋਕ ਸ਼ਰਮਾ ਨੇ ਕਿਹਾ ਕਿ ਕਲਾਕਾਰਾਂ ਦੀ ਸੁਰੱਖਿਆ ਤੇ ਉੱਨਤੀ ਬਹੁਤ ਜ਼ਰੂਰੀ ਹੈ। ਕਲਾਕਾਰ ਹੀ ਆਪਣੇ ਹੁਨਰ ਰਾਹੀਂ ਸੂਬੇ ਦੇ ਸਭਿਆਚਾਰ ਨੂੰ ਲੋਕਾਂ ਤਕ ਪਹੁੰਚਾਉਂਦੇ ਹਨ।

ਪ੍ਰੋਗਰਾਮ ਦੀ ਪਹਿਲੀ ਪੇਸ਼ਕਾਰੀ ਹਰਿਆਣਾ ਤੋਂ ਸੀ ਜਿਸ ਵਿਚ ਪਲਵਲ ਤੋਂ ਮਨੋਜ ਠਾਕੁਰ ਗਰੁੱਪ ਦੇ ਕਲਾਕਾਰ ਨੀਰਜ ਤੇ ਇਸ਼ਿਤਾ ਨੇ ਦਿਓਰ ਤੇ ਭਾਬੀ ਦੀ ਗੱਲਬਾਤ 'ਤੇ ਆਧਾਰਿਤ ਗੀਤ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ। ਉੱਤਰ ਪ੍ਰਦੇਸ਼ ਦੇ ਕਲਾਕਾਰਾਂ ਨੇ ਢੇਡੀਆ ਨਾਚ ਦੀ ਸ਼ਾਨਦਾਰ ਪੇਸ਼ਕਾਰੀ ਦਿੱਤੀ। ਕਲਾਕਾਰਾਂ ਨੇ ਆਪਣੇ ਨ੍ਰਿਤ ਰਾਹੀਂ ਭਗਵਾਨ ਰਾਮ ਦੀ ਜਲਾਵਤਨੀ ਤੋਂ ਵਾਪਸ ਪਰਤਣ 'ਤੇ ਆਪਣੀਆਂ ਨਜ਼ਰਾਂ ਨੂੰ ਦੂਰ ਕਰਨ ਦੇ ਦ੍ਰਿਸ਼ ਪੇਸ਼ ਕੀਤਾ। ਇਸ ਤੋਂ ਬਾਅਦ ਹਰਿਆਣਾ ਦੇ ਕਲਾਕਾਰਾਂ ਨੇ ਹਰਿਆਣਵੀ ਪਨਿਹਾਰੀ ਨਾਚ ਪੇਸ਼ ਕੀਤਾ। ਉਤਰ ਪ੍ਰਦੇਸ਼ ਦੇ ਪੂਰਬੀ ਨ੍ਰਿਤ ਰਾਹੀਂ ਕਲਾਕਾਰਾਂ ਨੇ ਵਾਢੀ ਦੇ ਸਮੇਂ ਕਿਸਾਨਾਂ ਦਾ ਮਨੋਰੰਜਨ ਤੇ ਥਕਾਵਟ ਦੂਰ ਕਰਨ ਲਈ ਕੀਤਾ ਜਾਂਦਾ ਨਾਚ ਕੀਤਾ। ਅੰਤ ਵਿੱਚ ਅਸੋਕ ਸ਼ਰਮਾ ਨੇ ਕਲਾਕਾਰਾਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ। ਮੰਚ ਦਾ ਸੰਚਾਲਨ ਵਿਕਾਸ ਸ਼ਰਮਾ ਨੇ ਕੀਤਾ।

# ਬਾਇਡਨ ਨੂੰ ਰਾਸ਼ਟਰਪਤੀ ਅਹੁਦੇ ਤੋਂ ਹਟਾਉਣ ਲਈ ਅਟਰਨੀ ਜਨਰਲ ਨੇ ਲਿਖਿਆ ਪੱਤਰ

**ਵਾਸ਼ਿੰਗਟਨ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜੋਅ ਬਾਇਡਨ ਨੂੰ ਸੰਯੁਕਤ ਰਾਜ ਦੇ ਰਾਸ਼ਟਰਪਤੀ ਦੇ ਅਹੁਦੇ ਤੋਂ ਹਟਾਉਣ ਬਾਰੇ ਵੈੱਸਟ ਵਰਜੀਨੀਆ ਸੂਬੇ ਦੇ ਅਟਰਨੀ ਜਨਰਲ ਪੈਟਰਿਕ ਮੋਰੀਸੀ ਨੇ ਇੱਕ ਪੱਤਰ ਲਿਖਿਆ ਹੈ। ਅਮਰੀਕੀ ਰਾਸ਼ਟਰਪਤੀ ਬਾਇਡਨ (81) ਨੂੰ ਉਨ੍ਹਾਂ ਦੀ ਉਮਰ ਅਤੇ ਯਾਦਦਾਸ਼ਤ ਦੀ ਆਲੋਚਨਾ ਕਾਰਨ ਅਹੁਦੇ ਤੋਂ ਹਟਾਉਣ ਲਈ ਅਟਰਨੀ ਜਨਰਲ ਨੇ ਇਹ ਪੱਤਰ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੂੰ ਲਿਖਿਆ।ਪੱਤਰ 'ਚ ਰਾਸ਼ਟਰਪਤੀ ਬਾਇਡਨ ਨੂੰ ਅਹੁਦੇ ਤੋਂ ਹਟਾਉਣ ਲਈ ਕਿਹਾ ਗਿਆ ਹੈ। ਇਸੇ ਲਏ ਉਨ੍ਹਾਂ ਨੇ ਬੀਤੇ ਦਿਨੀਂ ਹੈਰਿਸ ਨੂੰ ਇੱਕ ਪੱਤਰ ਲਿਖ ਕੇ 25ਵੇਂ ਸੰਵਿਧਾਨਕ ਸੋਧ ਨੂੰ ਲਾਗੂ ਕਰਨ ਦੀ ਅਪੀਲ ਵੀ ਕੀਤੀ। ਪੱਤਰ 'ਚ US ਦੇ ਵਿਸ਼ੇਸ਼ ਵਕੀਲ ਰੌਬਰਟ ਹਰ ਨੇ ਪਿਛਲੇ ਹਫ਼ਤੇ ਇੱਕ ਰਿਪੋਰਟ ਵੀ ਜਾਰੀ ਕੀਤੀ ਸੀ ਜਿਸ 'ਚ ਰਾਸ਼ਟਰਪਤੀ ਬਾਇਡਨ ਦੀ ਯਾਦਦਾਸ਼ਤ 'ਚ ਕਈ ਤਰੁੱਟੀਆਂ ਪਾਈਆਂ ਗਈਆਂ ਸਨ। ਉਨ੍ਹਾਂ ਨੇ ਕਿਹਾ ਕਿ ਅਮਰੀਕੀ ਲੰਬੇ ਸਮੇਂ ਤੋਂ ਬਾਇਡਨ ਦੀ ਯਾਦਦਾਸ਼ਤ 'ਚ ਬਦਲਾਅ ਨੂੰ ਦੇਖ ਰਹੇ ਹਨ ਅਤੇ ਰਾਸ਼ਟਰਪਤੀ ਦੀ ਯਾਦਦਾਸਸ਼ਤ 'ਚ ਦਿਨੋ- ਦਿਨ ਕਮੀਆਂ ਸਪੱਸ਼ਟ ਹੋ ਗਈਆਂ ਹਨ।

# ਚੋਣ ਕਮਿਸ਼ਨ ਨੇ ਸ਼ੁਭਮਨ ਗਿੱਲ ਤੇ ਤਰਸੇਮ ਜੱਸੜ ਨੂੰ ਸਟੇਟ ਆਈਕੌਨ ਬਣਾਇਆ



**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਫ਼ਸਰ ਲੋਕ ਸਭਾ ਚੋਣਾਂ ਦੌਰਾਨ ਵੋਟਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ ਲਈ ਜਾਗਰੂਕ ਕਰਨ ਲਈ ਭਾਰਤੀ ਕ੍ਰਿਕਟਰ ਤੇ ਪੰਜਾਬੀ ਗਾਇਕ ਦੀ ਮਦਦ ਲਈ ਜਾਵੇਗੀ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਕੀਤਾ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ 'ਇਸ ਵਾਰ 70 ਪਾਰ' ਦਾ ਟੀਚਾ ਰੱਖਿਆ ਗਿਆ ਹੈ ਤੇ ਇਸ ਟੀਚੇ ਨੂੰ ਪੂਰਾ ਕਰਨ ਲਈ ਚੋਣ ਕਮਿਸ਼ਨ ਨੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਭਾਰਤੀ ਕ੍ਰਿਕਟਰ ਸ਼ੁਭਮਨ ਗਿੱਲ ਨੂੰ 'ਸਟੇਟ ਆਈਕੌਨ' ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਪੰਜਾਬੀ ਗਾਇਕ ਤਰਸੇਮ ਜੱਸੜ ਨੂੰ ਵੀ 'ਸਟੇਟ ਆਈਕੌਨ' ਨਿਯੁਕਤ ਕੀਤਾ ਜਾ ਚੁੱਕਾ ਹੈ। ਸਿਬਿਨ ਸੀ ਨੇ ਕਿਹਾ ਕਿ ਸ਼ੁਭਮਨ ਗਿੱਲ ਰਾਹੀਂ ਵੋਟਰ ਜਾਗਰੂਕਤਾ ਲਈ ਵੱਖ-ਵੱਖ ਮੁਹਿੰਮਾਂ ਚਲਾਈਆਂ ਜਾਣਗੀਆਂ ਤਾਂ ਜੋ ਇਸ ਵਾਰ 70 ਪਾਰ ਦਾ ਟੀਚਾ ਪ੍ਰਾਪਤ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਨਾਲ ਕੀਤੀ ਮੀਟਿੰਗ ਵਿਚ ਉਨ੍ਹਾਂ ਨੂੰ ਅਜਿਹੇ ਇਲਾਕਿਆਂ ਦੀ ਨਿਸ਼ਾਨਦੇਹੀ ਕਰਨ ਲਈ ਕਿਹਾ ਗਿਆ ਸੀ, ਜਿੱਥੇ ਪਿਛਲੀਆਂ ਚੋਣਾਂ ਦੌਰਾਨ ਵੋਟ ਪ੍ਰਤੀਸ਼ਤ ਘੱਟ ਰਹੀ ਸੀ। ਅਜਿਹੇ ਖੇਤਰਾਂ 'ਚ ਜਾਗਰੂਕਤਾ ਮੁਹਿੰਮਾਂ ਚਲਾ ਕੇ ਤੇ ਸ਼ੁਭਮਨ ਗਿੱਲ ਤੇ ਤਰਸੇਮ ਜੱਸੜ ਰਾਹੀਂ ਅਪੀਲ ਕਰਵਾ ਕੇ ਵੋਟਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਵਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ। ਮੁੱਖ ਚੋਣ ਅਧਿਕਾਰੀ ਨੇ ਇਸ ਵਾਰ ਵੋਟ ਪ੍ਰਤੀਸ਼ਤ ਵਧਣ ਦੀ ਉਮੀਦ ਜਤਾਈ ਹੈ।

# ਪੰਧੇਰ ਨੇ ਸਰਕਾਰ ਨੂੰ ਮੰਗਾਂ ਮੰਨਣ ਲਈ ਕਿਹਾ



**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਜਥੇਬੰਦੀਆਂ ਦੇ 22 ਫਰਵਰੀ ਦੇ ਦਿੱਲੀ ਚੱਲੋ ਸੱਦੇ ਤਹਿਤ ਵੱਡੀ ਗਿਣਤੀ 'ਚ ਕਿਸਾਨ ਪੰਜਾਬ ਤੇ ਹਰਿਆਣਾ ਦੀਆਂ ਸਰਹੱਦਾਂ 'ਤੇ ਜੁੜ ਰਹੇ ਹਨ। ਇਸ ਦੌਰਾਨ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਅੱਜ ਕੇਂਦਰ ਸਰਕਾਰ ਤੋਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) 'ਤੇ ਕਾਨੂੰਨੀ ਗਾਰੰਟੀ ਅਤੇ ਕਿਸਾਨ ਕਰਜ਼ਾ ਮੁਆਫੀ ਸਮੇਤ ਉਨ੍ਹਾਂ ਦੀਆਂ ਮੰਗਾਂ ਨੂੰ ਪ੍ਰਵਾਨ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਅਜਿਹਾ ਨਾ ਹੋਣ 'ਤੇ ਉਹ 22 ਫਰਵਰੀ ਨੂੰ ਦਿੱਲੀ ਜਾਣਗੇ। ਅੱਜ ਪੰਜਾਬ ਅਤੇ ਹਰਿਆਣਾ ਦੇ ਬਾਰਡਰ ਸ਼ੰਭੂ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਮਜ਼ਦੂਰ ਮੋਰਚਾ ਦੀ ਨੁਮਾਇੰਦਗੀ ਕਰਨ ਵਾਲੇ ਸ੍ਰੀ ਪੰਧੇਰ ਨੇ ਕਿਹਾ ਕਿ ਕਿਸਾਨਾਂ ਦੀਆਂ ਤਿੰਨ ਵੱਡੀਆਂ ਮੰਗਾਂ ਹਨ ਕਿ ਸਾਰੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨੀ ਗਾਰੰਟੀ ਦਿੱਤੀ ਜਾਵੇ, ਸਵਾਮੀਨਾਥਨ ਕਮਿਸ਼ਨ ਵੱਲੋਂ ਸਿਫ਼ਾਰਸ਼ ਨੂੰ ਮੰਨਣਾ ਤੇ ਕਰਜ਼ਾ ਮੁਆਫੀ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀਆਂ ਨਾਲ ਮੀਟਿੰਗ ਦੌਰਾਨ ਕਿਸਾਨਾਂ ਨੇ ਪ੍ਰਸਤਾਵ ਦਿੱਤਾ ਕਿ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਘੱਟੋ-ਘੱਟ ਸਮਰਥਨ ਮੁੱਲ ਬਾਰੇ ਕਾਨੂੰਨ ਬਣਾਇਆ ਜਾਵੇ। ਕਰਜ਼ਾ ਮੁਆਫੀ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਸਰਕਾਰੀ ਰਿਪੋਰਟਾਂ ਮੁਤਾਬਕ ਕਿਸਾਨਾਂ ਸਿਰ 18.5 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੇਨਤੀ ਕੀਤੀ ਕਿ ਉਹ ਇਹ ਐਲਾਨ ਕਰਨ ਕਿ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣਗੇ, ਜਦੋਂ ਕਿ ਇਸ ਲਈ ਇੱਕ ਵਿਧੀ ਬਾਅਦ ਵਿੱਚ ਤਿਆਰ ਕੀਤੀ ਜਾ ਸਕਦੀ ਹੈ। ਕਿਸਾਨ ਆਗੂ ਨੇ ਕਿਹਾ,'ਅਸੀਂ ਆਪਣੇ ਅਨਾਨ ਦਿੱਲੀ ਚੱਲੋ 'ਤੇ ਕਾਇਮ ਹਾਂ।'

# ਸੌ ਗ੍ਰਾਮ ਅਫੀਮ ਸਮੇਤ ਨੌਜਵਾਨ ਗ੍ਰਿਫਤਾਰ

**ਰਤੀਆ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਟੀ ਪੁਲੀਸ ਨੇ ਗਸ਼ਤ ਦੌਰਾਨ ਭੂਨਾ ਰੋਡ ਸਥਿਤ ਹਿਸਾਰ-ਸਿਰਸਾ ਬਾਈਪਾਸ ਪੁਲ ਕੋਲੋਂ ਇਕ ਨੌਜਵਾਨ ਨੂੰ ਅਫੀਮ ਸਮੇਤ ਗ੍ਰਿਫਤਾਰ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਏਐੱਸਆਈ ਮਹਿੰਦਰ ਸਿੰਘ ਦੀ ਅਗਵਾਈ ਹੇਠ ਪੁਲੀਸ ਟੀਮ ਹਿਸਾਰ-ਸਿਰਸਾ ਬਾਈਪਾਸ ਭੂਨਾ ਰੋਡ 'ਤੇ ਗਸ਼ਤ ਕਰ ਰਹੀ ਸੀ ਤਾਂ ਇਲੈਕਟ੍ਰਿਕ ਸਕੂਟਰੀ 'ਤੇ ਇਕ ਨੌਜਵਾਨ ਆਉਂਦਾ ਦਿਖਾਈ ਦਿੱਤਾ। ਸ਼ੱਕ ਪੈਣ 'ਤੇ ਪੁਲੀਸ ਨੇ ਨੌਜਵਾਨ ਨੂੰ ਅਫੀਮ ਸਮੇਤ ਗ੍ਰਿਫਤਾਰ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਏਐੱਸਆਈ ਮਹਿੰਦਰ ਸਿੰਘ ਦੀ ਅਗਵਾਈ ਹੇਠ ਪੁਲੀਸ ਟੀਮ ਹਿਸਾਰ-ਸਿਰਸਾ ਬਾਈਪਾਸ ਭੂਨਾ ਰੋਡ 'ਤੇ ਗਸ਼ਤ ਕਰ ਜਦੋਂ ਉਸ ਦੀ ਤਲਾਸ਼ੀ ਲਈ ਤਾਂ ਨੌਜਵਾਨ ਕੋਲੋਂ 100 ਗ੍ਰਾਮ ਅਫੀਮ ਬਰਾਮਦ ਹੋਈ। ਉਸ ਨੇ ਆਪਣੀ ਪਛਾਣ ਭਗਵਾਨ ਦਾਸ ਨਿਵਾਸੀ ਬਿਸਲਾ ਰੋਡ ਪਿੰਡ ਧਾਂਗੜ ਦੱਸੀ।

# ਅੰਗਰੇਜ਼ੀ ਰਾਜ ਵੇਲੇ ਦੀਆਂ ਨਹਿਰੀ ਕੋਠੀਆਂ ਦੀ ਹੋਵੇਗੀ ਕਾਇਆ ਕਲਪ

**ਬਠਿੰਡਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਗਰੇਜ਼ਾਂ ਦੇ ਰਾਜ ਦੌਰਾਨ ਬਣੀਆਂ ਨਹਿਰੀ ਕੋਠੀਆਂ ਦੇ ਦਿਨ ਫਿਰਨ ਲੱਗੇ ਹਨ। ਜਲ ਸਰੋਤ ਵਿਭਾਗ ਵੱਲੋਂ ਨਹਿਰੀ ਕੋਠੀਆਂ ਦੀ ਕਾਇਆ ਕਲਪ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ। ਨਹਿਰੀ ਵਿਭਾਗ ਤੋਂ ਮਿਲੀ ਰਿਪੋਰਟ ਮੁਤਾਬਕ ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਫੂਲ ਦੇ ਰੈਸਟ ਹਾਊਸ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਆਉਣ ਵਾਲੇ ਵਿੱਤੀ ਵਰ੍ਹੇ ਦੇ ਮਾਰਚ ਮਹੀਨੇ ਦੌਰਾਨ ਵਿਰਕ ਕਲਾਂ ਦੇ ਖੰਡਰ ਬਣ ਰਹੇ ਰੈਸਟ ਹੈ



ਨਹਿਰ ਵਿਭਾਗ ਦੇ ਸੂਤਰਾਂ ਅਨੁਸਾਰ ਬਠਿੰਡਾ ਦੀ ਸਰਹੰਦ ਨਹਿਰ ਅਧੀਨ ਆਉਂਦੇ ਦੱਦਾਹੂਰ ਰਾਏਕੋਟ ਰੈਸਟ ਹਾਊਸ ਤੋਂ ਇਲਾਵਾ ਗੋਨਿਆਣਾ, ਨੰਦਗੜ੍ਹ, ਤਿਉਣਾ, ਬੀਬੀ ਵਾਲਾ, ਰਾਏਕੇ ਕਲਾਂ ਵਿਚ ਬਣੇ ਰੈਸਟ ਹਾਊਸ ਤੇ ਕੋਠੀਆਂ ਦੇ ਪਖਾਨਿਆਂ ਦਾ ਵੀ ਨਵੀਨੀਕਰਨ ਕੀਤਾ ਜਾ ਰਿਹਾ ਹੈ। ਤਰਕਸ਼ੀਲ ਲਹਿਰ ਦੇ ਸੂਬਾਈ ਆਗੂ ਭੂਰਾ ਸਿੰਘ ਮਹਿਮਾ ਸਰਜਾ ਨੇ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਬਠਿੰਡਾ-ਸਰਹੰਦ ਕੈਨਾਲ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਇਹ ਨਹਿਰ ਸਾਲ 1883 ਤੋਂ 1886 ਤੱਕ ਮੁਕੰਮਲ ਹੋਈ ਸੀ। ਅੰਗਰੇਜ਼ੀ ਰਾਜ ਦੌਰਾਨ ਸੂਬੇ ਅੰਦਰ ਖੇਤੀ ਸੈਕਟਰ ਨੂੰ ਪਾਣੀ ਦੇਣ ਲਈ ਅੰਗਰੇਜ਼ ਅਫਸਰ ਰੌਬਰਟ ਸਮਿੱਥ ਦੀ ਅਗਵਾਈ ਹੇਠ ਕਮੇਟੀ ਗਠਿਤ ਕੀਤੀ ਗਈ ਸੀ।

ਇਸ ਦੌਰਾਨ ਨਹਿਰਾਂ ਲਈ ਸਰਵੇ ਕੀਤੇ ਗਏ ਤੇ ਨਹਿਰਾਂ ਉੱਪਰ ਬਾਕਾਇਦਾ ਕੈਨਾਲ ਕਲੋਨੀਆਂ ਤੇ ਰੈਸਟ ਹਾਊਸ ਕੱਟੇ ਗਏ ਸਨ। ਗੌਰਤਲਬ ਹੈ ਕਿ ਬਠਿੰਡਾ ਵਿੱਚ ਖੰਡਰ ਬਣ ਰਹੀਆਂ ਇਮਾਰਤਾਂ ਦੀ ਸੰਭਾਲ ਲਈ ਪੰਜਾਬ ਸਰਕਾਰ ਤੋਂ ਲੰਮੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਸਰਕਾਰ ਖੇਤੀ ਨਾਲ ਸਬੰਧਤ ਮਸਲਿਆਂ ਨੂੰ ਹੱਲ ਕਰਨ ਲਈ ਇਨ੍ਹਾਂ ਕੋਠੀਆਂ ਦੀ ਕਾਇਆ ਕਲਪ ਕਰਕੇ ਨਹਿਰੀ ਅਤੇ ਮਾਲ ਤੇ ਪਟਵਾਰੀਆਂ ਨੂੰ ਪੱਕੇ ਤੌਰ 'ਤੇ ਇਨ੍ਹਾਂ ਵਿੱਚ ਦਫਤਰ ਸਥਾਪਤ ਕਰੇ ਤਾਂ ਕਿਸਾਨ ਇਸ ਦਾ ਸਵਾਗਤ ਕਰਨਗੇ। ਉਨ੍ਹਾਂ ਕੋਠੀਆਂ ਵਿੱਚ ਸਾਂਭ ਸੰਭਾਲ ਲਈ ਚੌਕੀਦਾਰ ਤੇ ਮਾਲੀ ਤਾਇਨਾਤ ਕਰਨ ਦੀ ਮੰਗ ਕੀਤੀ।

ਬਠਿੰਡਾ ਨਹਿਰੀ ਵਿਭਾਗ ਦੇ ਐਕਸੀਅਨ ਸੁਖਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਖੰਡਰ ਹੋ ਰਹੀਆਂ ਨਹਿਰੀ ਕੋਠੀਆਂ ਦੀ ਕਾਇਆ ਕਲਪ ਕੀਤੀ ਜਾ ਰਹੀ ਹੈ। ਚੰਗੀ ਹਾਲਤ ਵਾਲੀਆਂ ਕੋਠੀਆਂ ਦੇ ਨਵੇਂ ਪਖਾਨੇ ਵਗੈਰਾ ਤਿਆਰ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਰਾਮਪੁਰਾ ਫੂਲ ਦੇ ਰੈਸਟ ਹਾਊਸ ਦਾ 22 ਲੱਖ ਰੁਪਏ ਦੀ ਲਾਗਤ ਨਾਲ ਕੰਮ ਚੱਲ ਰਿਹਾ ਹੈ। ਇਸ ਤੋਂ ਇਲਾਵਾ ਮਾਰਚ ਮਹੀਨੇ ਦੌਰਾਨ ਵਿਰਕ ਕਲਾਂ ਦੇ ਰੈਸਟ ਹਾਊਸ ਦੀ 30 ਲੱਖ ਰੁਪਏ ਦੀ ਗਰਾਂਟ ਨਾਲ ਕਾਇਆ ਕਲਪ ਕੀਤੀ ਜਾਵੇਗੀ।

# ਮਨੀ ਟਰਾਂਸਫਰ ਦੀ ਦੁਕਾਨ ਤੋਂ 1.15 ਲੱਖ ਰੁਪਏ ਦੀ ਲੁੱਟ

**ਲੁਧਿਆਣਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿਆਸਪੁਰਾ 'ਚ ਅੱਜ ਸਵੇਰੇ ਦਿਨ ਦਿਹਾੜੇ ਤਿੰਨ ਲੁਟੇਰਿਆਂ ਨੇ ਪਿਸਤੌਲ ਦਿਖਾ ਕੇ ਮਨੀ ਟਰਾਂਸਫਰ ਦੀ ਦੁਕਾਨ 'ਚੋਂ 1.15 ਲੱਖ ਰੁਪਏ ਦੀ ਲੁੱਟ ਕੀਤੀ। ਇਸ ਦੀ ਜਾਣਕਾਰੀ ਪੁਲੀਸ ਨੂੰ ਦਿੱਤੀ ਗਈ। ਸੂਚਨਾ ਮਿਲਣ ਤੋਂ ਬਾਅਦ ਪੁਲੀਸ ਦੇ ਉਚ ਅਧਿਕਾਰੀ ਅਤੇ ਥਾਣਾ ਸਾਹਨੇਵਾਲ ਦੀ ਪੁਲੀਸ ਮੌਕੇ 'ਤੇ ਪੁੱਜੀ। ਪੁਲੀਸ ਨੇ ਫੁਟੇਜ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਗਿਆਸਪੁਰਾ ਦੀ ਮੱਕੜ ਕਲੋਨੀ ਇਲਾਕੇ 'ਚ ਰਹਿਣ ਵਾਲੇ ਵਿਕਾਸ ਟੈਲੀਕਾਮ ਦੇ ਮਾਲਕ ਵਿਕਾਸ ਨੇ ਦੱਸਿਆ ਕਿ ਉਸ ਦੀ ਘਰ ਕੋਲ ਹੀ ਦੁਕਾਨ ਹੈ। ਉਹ ਮਨੀ ਟਰਾਂਸਫਰ ਦਾ ਕਾਰੋਬਾਰ ਜ਼ਿਆਦਾ ਕਰਦਾ ਹੈ। ਸਵੇਰ ਵੇਲੇ ਦੋ ਜਣੇ ਆਏ ਅਤੇ ਉਨ੍ਹਾਂ ਆਉਂਦੇ ਹੀ ਗਾਹਕਾਂ ਨੂੰ ਧੱਕਾ ਦਿੱਤਾ ਤੇ ਗੱਲੇ ਵੱਲ ਵਧੇ।

**ਮਨੁੱਖ ਨੂੰ ਪਸ਼ੂਆਂ ਦੇ ਉਤਪਾਦਾਂ ਤੇ ਉਨ੍ਹਾਂ ਦੇ ਸਰੀਰਕ ਬਲ ਦੀ ਲੋੜ ਪੈਂਦੀ ਸੀ ਇਸ ਲਈ ਉਨ੍ਹਾਂ ਦੀ ਚੰਗੀ ਦੇਖ ਰੇਖ ਲਈ ਕਈ ਨਵੇਂ ਰਾਹ ਕੱਢੇ। ਪਸ਼ੂਆਂ ਦੀ ਸਿਹਤ ਸੰਭਾਲ ਲਈ ਜਿੱਥੇ ਪਹਿਲਾਂ ਦੇਸੀ ਜੜੀ ਬੂਟੀਆਂ ਤੇ ਕੁਦਰਤੀ ਪਦਾਰਥਾਂ ਦੀ ਵਰਤੋਂ ਕੀਤੀ ਜਾਂਦਾ ਸੀ ਉੱਥੇ ਹੁਣ ਰਸਾਇਣਕ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ...**

## ABBREVIATIONS

| | | |
|---|---|---|
| AP | : | Associated Press. |
| APA | : | American Psychoanalytic Association. |
| APA | : | American Psychiatric Association. |
| APA | : | American Pharmaceutical Association. |
| APA | : | American Psychological Association. |
| APC | : | American Parents Committee. |
| APCW | : | Adolescent Pregnancy Childwatch Project. |
| APEC | : | Asia Pacific Economic Cooperation. |
| APHA | : | American Public Health Association. |
| APHA | : | American Protestant Hospital Association. |
| APL | : | Adopted People for Life. |



# ਵੈਟਰਨਰੀ ਸਾਇੰਸ 'ਚ ਨੌਕਰੀ ਦੇ ਮੌਕੇ

• ਹਰਪ੍ਰੀਤ ਸਿੰਘ ਹੀਰੋ

ਪਸ਼ੂਆਂ ਅਤੇ ਮਨੁੱਖਾਂ ਦੀ ਸਾਂਝ ਯੁਗਾਂ ਪੁਰਾਣੀ ਹੈ। ਸੱਭਿਅਤਾ ਦੇ ਵਿਕਾਸ ਵਿਚ ਪਸ਼ੂ ਹੀ ਮਨੁੱਖ ਦਾ ਸਭ ਤੋਂ ਨੇੜੇ ਦਾ ਸਾਥੀ ਬਣਿਆ। ਜੰਗਲੀ ਜੀਵਨ ਤੋਂ ਹੀ ਪਸ਼ੂ ਮਨੁੱਖ ਦੇ ਭੋਜਨ ਦਾ ਆਸਰਾ ਸੀ ਪਰ ਜਿਉਂ ਜਿਉਂ ਮਨੁੱਖ ਸਭਿਅਕ ਹੋਇਆ ਉਸਨੇ ਪਸ਼ੂਆਂ ਨੂੰ ਪਾਲਤੂ ਬਣਾਉਣਾ ਸ਼ੁਰੂ ਕੀਤਾ। ਪਸ਼ੂਆਂ ਦੇ ਸਾਥ ਨਾਲ ਮਨੁੱਖ ਦੀ ਤਾਕਤ ਕਈ ਗੁਣਾ ਵੱਧ ਗਈ। ਇਸ ਵਧੀ ਤਾਕਤ ਨੇ ਮਨੁੱਖ ਨੂੰ ਭੂਮੀ ਸਵਾਰਨ, ਉਪਜਾਊ ਬਣਾਉਣ ਅਤੇ ਉਸ ਵਿਚ ਲਹਿਲਹਾਉਂਦੀਆਂ ਫਸਲਾਂ ਖੜੀਆਂ ਕਰਨ ਵਿਚ ਮਦਦ ਕੀਤੀ। ਕਈ ਪਸ਼ੂਆਂ 'ਤੇ ਤਾਂ ਮਨੁੱਖ ਇਨਾਂ ਨਿਰਭਰ ਹੋ ਗਿਆ ਕਿ ਅੱਜ 21ਵੀਂ ਸਦੀ ਵਿਚ ਵੀ ਉਨ੍ਹਾਂ ਤੋਂ ਬਗੈਰ ਜਿਊਣਾ ਮਨੁੱਖ ਸੋਚ ਹੀ ਨਹੀਂ ਸਕਦਾ।

ਮਨੁੱਖ ਦੇ ਨਾਲ ਵੱਸਣ ਵਾਲੇ ਪਸ਼ੂ ਜੀਵਾਂ ਵਿਚ ਵੀ ਕਈ ਸਮੱਸਿਆਵਾਂ ਆ ਜੁੜਦੀਆਂ ਹਨ। ਪਸ਼ੂਆਂ ਦੀ ਸਿਹਤ ਸੰਭਾਲ ਲਈ ਜਿੱਥੇ ਪਹਿਲਾਂ ਦੇਸੀ ਜੜੀ ਬੂਟੀਆਂ ਅਤੇ ਕੁਦਰਤੀ ਪਦਾਰਥਾਂ ਦਾ ਉਪਯੋਗ ਕੀਤਾ ਜਾਂਦਾ ਸੀ ਉੱਥੇ ਵਿਗਿਆਨ ਦੇ ਪਸਾਰ ਨਾਲ ਇਨ੍ਹਾਂ ਲਈ ਵੀ ਕਈ ਤਰ੍ਹਾਂ ਦੇ ਰਸਾਇਣ ਅਤੇ ਖਣਿਜ ਲੂਣ ਆਦਿ ਦੇ ਪ੍ਰਯੋਗ ਨਾਲ ਨਵੀਆਂ ਰਸਾਇਣਕ ਦਵਾਈਆਂ ਤਿਆਰ ਕੀਤੀਆਂ ਜਾਣ ਲੱਗੀਆਂ।

ਪਸ਼ੂ ਇਲਾਜ ਦੇ ਖੇਤਰ 'ਚ ਪਸ਼ੂਆਂ ਦੀ ਸਰੀਰਕ ਰਚਨਾ, ਉਨ੍ਹਾਂ ਦੀ ਸਿਹਤ, ਦਵਾਈਆਂ ਉਤਪਾਦ, ਖ਼ੁਰਾਕ, ਸੰਭਾਲ ਦੀਆਂ ਉਤਮ ਤਕਨੀਕਾਂ, ਆਪਰੇਸ਼ਨਾਂ ਰਾਹੀਂ ਇਲਾਜ, ਪਸ਼ੂਆਂ ਦਾ ਮਨੋਵਿਗਿਆਨ, ਪਸ਼ੂ ਅਤੇ ਜਨਤਕ ਸਿਹਤ ਦਾ ਸਬੰਧ ਆਦਿ ਕਈ ਵਿਸ਼ਿਆਂ 'ਤੇ ਵਿਦਿਆ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਖੇਤਰ ਵਿਚ ਪੂਰਨ ਡਿਗਰੀ ਕੋਰਸ ਕਰਵਾਏ ਜਾਂਦੇ ਹਨ ਜਿਨ੍ਹਾਂ ਵਿਚ ਅੰਡਰ ਗ੍ਰੈਜੂਏਟ, ਪੋਸਟ ਗ੍ਰੈਜੂਏਟ ਤੇ ਪੀਐੱਚਡੀ ਪੱਧਰ ਦੀ ਵਿਦਿਆ ਦਿੱਤੀ ਜਾਂਦੀ ਹੈ।

### ਕੋਰਸ

ਪਸ਼ੂ ਇਲਾਜ ਦੇ ਡਾਕਟਰ ਬਣਨ ਲਈ ਬੀਵੀਐੱਸਸੀ ਐਂਡ ਏ.ਐੱਚ ਭਾਵ ਬੈਚੂਲਰ ਆਫ਼ ਵੈਟਨਰੀ ਸਾਇੰਸ ਐਂਡ ਐਨੀਮਲ ਹਸਬੈਂਡਰੀ ਦੀ ਡਿਗਰੀ ਹੋਣੀ ਲਾਜ਼ਮੀ ਹੈ। ਇਹ ਡਿਗਰੀ ਭਾਰਤ ਦੀ ਵੈਟਨਰੀ ਕਾਊਂਸਲ ਵੱਲੋਂ ਮਾਨਤਾ ਪ੍ਰਾਪਤ ਕਾਲਜਾਂ ਵਿਚ ਕਰਵਾਈ ਜਾਂਦੀ ਹੈ। ਇਸ ਡਿਗਰੀ ਨੂੰ ਕਈ ਖੇਤਰਾਂ ਵਿਚ ਵਰਗੀਕ੍ਰਿਤ ਕੀਤਾ ਗਿਆ ਹੈ ਜਿਵੇਂ ਮੈਡੀਸਨ, ਸਰਜਰੀ, ਜੈਨੇਟਿਕਸ ਐਂਡ ਬਰੀਡਿੰਗ, ਪਥਾਲੋਜੀ, ਨਿਊਟਰੀਸ਼ਨ, ਫਾਰਮਾਕੋਲੋਜੀ, ਲਾਈਵਸਟਾਕ ਪ੍ਰੋਡਕਸ਼ਨ ਮੈਨੇਜਮੈਂਟ ਆਦਿ। ਇਸ ਡਿਗਰੀ ਤੋਂ ਬਾਅਦ ਵਿਦਿਆਰਥੀ ਖੋਜ ਦੀ ਉੱਚ ਪੱਧਰੀ ਡਿਗਰੀ ਪੀਐੱਚਡੀ ਵੀ ਕਰ ਸਕਦੇ ਹਨ।

### ਡੇਅਰੀ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਸਿੱਖਿਆ ਕੋਰਸ

ਦੁੱਧ ਅਤੇ ਦੁੱਧ ਉਤਪਾਦਾਂ ਨੂੰ ਸੰਭਾਲਣ ਅਤੇ ਉਨ੍ਹਾਂ ਦੀ ਮੰਡੀਕਾਰੀ ਦੇ ਖੇਤਰ ਵਿਚ ਮਾਹਿਰ ਮਨੁੱਖੀ ਸਾਧਨਾਂ ਦੀ ਪ੍ਰਾਪਤੀ ਲਈ ਇਸ ਵਿਸ਼ੇ ਵਿਚ ਵੀ ਡਿਗਰੀ ਕੋਰਸ ਕਰਵਾਇਆ ਜਾਂਦਾ ਹੈ। ਚਾਰ ਸਾਲ ਦੇ ਇਸ ਕੋਰਸ ਲਈ ਬਾਰ੍ਹਵੀਂ ਫ਼ਿਜ਼ੀਕਸ, ਕੈਮਿਸਟਰੀ, ਗਣਿਤ ਅਤੇ ਅੰਗਰੇਜ਼ੀ ਨਾਲ ਕੀਤੀ ਹੋਣੀ ਚਾਹੀਦੀ ਹੈ।

### ਮੱਛੀ ਵਿਗਿਆਨ ਦੇ ਵਿਸ਼ੇ ਵਿਚ ਸਿੱਖਿਆ ਕੋਰਸ

ਮੱਛੀ ਪਾਲਣਾ ਵੀ ਇਸ ਵਕਤ ਇਕ ਬੜਾ ਪ੍ਰਫੁਲਿਤ ਕਿੱਤਾ ਹੈ। ਇਸ ਵਿਸ਼ੇ 'ਤੇ ਵੀ ਚਾਰ ਸਾਲ ਦਾ ਅੰਡਰ ਗ੍ਰੈਜੂਏਟ ਡਿਗਰੀ ਕੋਰਸ ਕਰਵਾਇਆ ਜਾਂਦਾ ਹੈ। ਮੱਛੀ ਉਤਪਾਦਨ ਅਤੇ ਮੱਛੀ ਦੀ ਪ੍ਰੋਸੈਸਿੰਗ ਇਕ ਵੱਡੇ ਉਦਯੋਗ ਦਾ ਰੂਪ ਲੈ ਰਹੀ ਹੈ। ਇਸ ਕੋਰਸ ਲਈ ਬਾਰ੍ਹਵੀਂ ਫ਼ਿਜ਼ੀਕਸ, ਕੈਮਿਸਟਰੀ, ਬਾਇਓਲੋਜੀ ਅਤੇ ਅੰਗਰੇਜ਼ੀ ਨਾਲ ਕੀਤੀ ਹੋਣੀ ਚਾਹੀਦੀ ਹੈ।

### ਸੰਸਥਾਵਾਂ

*ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸਾਂ (ਵਿਦਿਅਕ ਵਰ੍ਹੇ 2018-19) ਲਈ ਦਾਖ਼ਲੇ ਸਬੰਧੀ ਅੰਡਰ ਗ੍ਰੈਜੂਏਟ ਕੋਰਸਾਂ ਲਈ 21 ਜੂਨ 2018 ਨੂੰ ਸਾਂਝੀ ਦਾਖ਼ਲਾ ਪ੍ਰੀਖਿਆ ਯੂਨੀਵਰਸਿਟੀ ਵੱਲੋਂ ਲਈ ਜਾਏਗੀ ਜਦਕਿ ਪੋਸਟ ਗ੍ਰੈਜੂਏਟ ਕੋਰਸਾਂ ਦਾ ਦਾਖ਼ਲਾ ਮੈਰਿਟ ਅਤੇ ਇੰਟਰਵਿਊ ਦੇ ਪ੍ਰਦਰਸ਼ਨ ਮੁਤਾਬਿਕ ਹੋਵੇਗਾ। ਆਨਲਾਈਨ ਪ੍ਰਾਸਪੈਕਟਸ ਯੂਨੀਵਰਸਿਟੀ ਦੀ ਵੈਬਸਾਈਟ www.gadvasu.in 'ਤੇ ਵੇਖੇ ਜਾ ਸਕਦੇ ਹਨ ਅਤੇ ਉਥੇ ਹੀ ਦਾਖ਼ਲਾ ਫਾਰਮ ਭਰੇ ਜਾ ਸਕਦੇ ਹਨ।*

### ਯੋਗਤਾ

*ਇਸ ਖੇਤਰ ਵਿਚ ਉੱਚ ਵਿਦਿਆ ਹਾਸਲ ਕਰਨ ਲਈ ਦੱਸਵੀਂ ਤੋਂ ਬਾਅਦ ਮੈਡੀਕਲ ਵਿਸ਼ਿਆਂ ਵਿਚ 10+2 ਫ਼ਿਜ਼ੀਕਸ, ਕੈਮਿਸਟਰੀ, ਬਾਇਓਲੋਜੀ ਅਤੇ ਅੰਗਰੇਜ਼ੀ ਨਾਲ ਕੀਤੀ ਹੋਣੀ ਜ਼ਰੂਰੀ ਹੈ। ਦਾਖ਼ਲਾ ਦੇਣ ਲਈ ਵੈਟਨਰੀ ਕਾਲਜ ਜਾਂ ਯੂਨੀਵਰਸਿਟੀਆਂ ਦਾਖ਼ਲਾ ਪ੍ਰੀਖਿਆਵਾਂ ਵੀ ਲੈਂਦੀਆਂ ਹਨ। ਇਨ੍ਹਾਂ ਪ੍ਰੀਖਿਆਵਾਂ ਵਿਚ ਉਸ ਸੰਸਥਾ ਦੀਆਂ ਸੀਟਾਂ ਦੇ ਮੁਤਾਬਿਕ ਉਪਰਲੀ ਮੈਰਿਟ ਵਾਲੇ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਂਦਾ ਹੈ। ਬੀਵੀਐੱਸਸੀ ਐਂਡ ਏਐੱਚ ਦਾ ਡਿਗਰੀ ਕੋਰਸ ਸਾਢੇ ਪੰਜ ਸਾਲ ਵਿਚ ਮੁਕੰਮਲ ਹੁੰਦਾ ਹੈ, ਜਦਕਿ ਐੱਮਵੀਐੱਸਸੀ ਦਾ ਕੋਰਸ ਦੋ ਸਾਲ ਵਿਚ ਪੂਰਾ ਹੁੰਦਾ ਹੈ। ਪੀਐੱਚਡੀ ਦੀ ਡਿਗਰੀ ਤੁਹਾਡੀ ਖੋਜ ਦੇ ਸਮੇਂ 'ਤੇ ਨਿਰਭਰ ਕਰਦੀ ਹੈ।*

### ਸਕੂਲ ਆਫ਼ ਬਾਇਓਟੈਕਨਾਲੋਜੀ

ਸਮੇਂ ਦੀ ਮੰਗ ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਵਿਚ 2008 'ਚ ਐਨੀਮਲ ਬਾਇਓਟੈਕਨਾਲੋਜੀ ਵਿਭਾਗ ਦੀ ਸਥਾਪਨਾ ਕੀਤੀ ਗਈ। ਜਿਸਦਾ ਦਰਜਾ ਵਧਾ ਕੇ 2010 ਵਿਚ ਸਕੂਲ ਆਫ਼ ਐਨੀਮਲ ਬਾਇਓਟੈਕਨਾਲੋਜੀ ਬਣਾ ਦਿੱਤਾ ਗਿਆ। ਇਸਦਾ ਮੁੱਖ ਮੰਤਵ ਐਨੀਮਲ ਜੀਨੋਮਿਕਸ, ਬਿਮਾਰੀ ਨਿਰੀਖਣ ਅਤੇ ਟੀਕਿਆਂ ਸਬੰਧੀ ਖੋਜ ਕਰਨਾ ਹੈ। ਇੱਥੇ ਐੱਮਵੀਐੱਸਸੀ/ਐੱਮਐੱਸਸੀ ਅਤੇ ਪੀਐੱਚਡੀ ਐਨੀਮਲ ਬਾਇਓਟੈਕਨਾਲੋਜੀ ਦਾ ਕੋਰਸ ਕਰਵਾਇਆ ਜਾਂਦਾ ਹੈ। ਦਾਖ਼ਲਾ ਰਾਸ਼ਟਰੀ ਪ੍ਰਵੇਸ਼ ਪ੍ਰੀਖਿਆ ਦੇ ਆਧਾਰ 'ਤੇ ਹੁੰਦਾ ਹੈ।

### ਰੁਜ਼ਗਾਰ ਦੇ ਮੌਕੇ

*ਵਿਦਿਆ ਦੀ ਪੂਰਨਤਾ ਤੋਂ ਬਾਅਦ ਇਨ੍ਹਾਂ ਪੇਸ਼ੇਵਰਾਂ ਲਈ ਕਿੱਤਾ ਕਰਨ ਦੇ ਕਈ ਰਾਹ ਖੁੱਲ੍ਹ ਜਾਂਦੇ ਹਨ। ਸਰਕਾਰੀ ਸੰਸਥਾਵਾਂ ਵਿਚ ਜਿੱਥੇ ਖੋਜ, ਅਧਿਆਪਨ ਅਤੇ ਪਸਾਰ ਸਿੱਖਿਆ ਵਿਚ ਜੁੜਿਆ ਜਾ ਸਕਦਾ ਹੈ ਉੱਥੇ ਨਿੱਜੀ ਖੇਤਰ ਵਿਚ ਵੀ ਅਥਾਹ ਮੌਕੇ ਹਨ। ਵੱਡੀਆਂ ਬਹੁ-ਕੌਮੀ ਕੰਪਨੀਆਂ, ਫੌਜ, ਬੈਂਕ, ਰਾਜ ਸਰਕਾਰਾਂ ਦੇ ਵਿਭਾਗ, ਕੇਂਦਰ ਸਰਕਾਰ ਦੀਆਂ ਸੰਸਥਾਵਾਂ, ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ, ਸਲਾਹਕਾਰ, ਨਿੱਜੀ ਪ੍ਰੈਕਟਿਸ ਅਤੇ ਵਿਦੇਸ਼ਾਂ ਵਿਚ ਕਈ ਤਰ੍ਹਾਂ ਦੇ ਰੋਜ਼ਗਾਰ ਉਪਲਬਧ ਹਨ।*



### ਕਾਰਜ ਖੇਤਰ

*ਪਸ਼ੂ ਇਲਾਜ ਦੇ ਖੇਤਰ ਵਿਚ ਵਿਦਿਆ ਹਾਸਲ ਕਰਨ ਵਾਲੇ ਡਾਕਟਰ ਹਰ ਤਰ੍ਹਾਂ ਦੇ ਪਸ਼ੂਆਂ ਅਤੇ ਜਾਨਵਰਾਂ ਦਾ ਇਲਾਜ ਕਰਦੇ ਹਨ। ਪਸ਼ੂ ਇਲਾਜ ਦੇ ਖੇਤਰ ਵਿਚ ਜੰਗਲੀ ਜਾਨਵਰ, ਚਿੜੀਆ ਘਰਾਂ ਵਿਚ ਰਹਿਣ ਵਾਲੇ ਜਾਨਵਰ, ਪਾਲਤੂ ਜਾਨਵਰ, ਘਰੇਲੂ ਜਾਨਵਰ, ਦੁਧਾਰੂ ਪਸ਼ੂ, ਪੰਛੀਆਂ ਦੀਆਂ ਕਿਸਮਾਂ ਅਤੇ ਸਮੁੰਦਰ ਵਿਚ ਰਹਿਣ ਵਾਲੇ ਜਾਨਵਰ ਵਿਚਾਰੇ ਜਾਂਦੇ ਹਨ। ਇਸ ਤੋਂ ਅੱਗੇ ਵਧੇਰੇ ਮੁਹਾਰਤ ਲਈ ਡਾਕਟਰ ਆਪਣੇ ਪੇਸ਼ੇ ਨੂੰ ਕਿਸੇ ਵੀ ਇਕ ਇਕਾਈ ਉਪਰ ਕੇਂਦਰਿਤ ਕਰ ਸਕਦਾ ਹੈ ਜਿਵੇਂ ਦਵਾਈਆਂ, ਸਰਜਰੀ, ਪਸ਼ੂ ਇਲਾਜ, ਪਸ਼ੂ ਪ੍ਰਜਨਣ ਪ੍ਰਬੰਧ, ਪਸ਼ੂ ਖੁਰਾਕ, ਪਸ਼ੂ ਉਤਪਾਦ, ਰਸਾਇਣ ਵਿਗਿਆਨ, ਪਸ਼ੂ ਪ੍ਰਬੰਧਨ ਤੇ ਦੇਖ ਰੇਖ, ਪਸ਼ੂ ਦੀ ਸਰੀਰਕ ਰਚਨਾ ਅਤੇ ਪਸਾਰ ਸਿੱਖਿਆ ਆਦਿ। ਇਨ੍ਹਾਂ ਖੇਤਰਾਂ ਵਿੱਚੋਂ ਕਿਸੇ ਇਕ ਖੇਤਰ ਵਿਚ ਡਾਕਟਰ ਆਪਣੀ ਪਸੰਦ ਦੇ ਅਨੁਸਾਰ ਮੁਹਾਰਤ ਦਰਜ ਕਰ ਸਕਦਾ ਹੈ।*

### ਵੈਟਨਰੀ ਪੌਲੀਟੈਕਨਿਕ ਕਾਲਜ

ਯੂਨੀਵਰਸਿਟੀ ਵੱਲੋਂ ਸਥਾਪਤ ਵੈਟਨਰੀ ਪੌਲੀਟੈਨਿਕ ਕਾਲਜ, ਕਾਲਝਰਾਣੀ (ਬਠਿੰਡਾ) ਵਿਖੇ ਵੈਟਨਰੀ ਇੰਸਪੈਕਟਰ/ਫਾਰਮਾਸਿਸਟ/ਕੰਪਾਊਂਡਰ ਦਾ 2 ਸਾਲਾ (4 ਸਮੈਸਟਰ) ਕੋਰਸ ਕਰਵਾਇਆ ਜਾਂਦਾ ਹੈ। ਕੋਰਸ ਕਰਨ ਉਪਰੰਤ ਵਿਦਿਆਰਥੀ ਪੰਜਾਬ ਸਰਕਾਰ ਦੇ ਪਸ਼ੂ ਪਾਲਣ ਵਿਭਾਗ ਵਿਚ ਕੰਮ ਕਰ ਸਕਦੇ ਹਨ।

### ਸਿੱਖਿਆ ਦੇ ਰਹੀਆਂ ਸੰਸਥਾਵਾਂ

ਭਾਰਤ ਵਿਚ 10 ਤੋਂ ਵਧੇਰੇ ਯੂਨੀਵਰਸਿਟੀਆਂ ਸਿਰਫ਼ ਪਸ਼ੂ ਪਾਲਣ ਦੇ ਖੇਤਰ 'ਚ ਹੀ ਵਿਦਿਆ ਦੇਣ ਲਈ ਕਾਰਜ ਕਰ ਰਹੀਆਂ ਹਨ। ਇਨ੍ਹਾਂ ਤੋਂ ਇਲਾਵਾ ਬਹੁਤੇ ਰਾਜਾਂ ਵਿਚ ਖੇਤੀਬਾੜੀ ਯੂਨੀਵਰਸਿਟੀਆਂ ਵੀ ਬਣੀਆਂ ਹੋਈਆਂ ਹਨ ਜਿਨ੍ਹਾਂ ਵਿਚ ਵੈਟਰਨਰੀ ਸਾਇੰਸ ਦੇ ਕਾਲਜ ਹਨ ਜੋ ਕਿ ਇਸੇ ਤਰ੍ਹਾਂ ਦੀ ਮਿਆਰੀ ਵਿਦਿਆ ਦੇ ਰਹੇ ਹਨ। ਵੈਟਰਨਰੀ ਸਾਇੰਸ ਦੇ ਖੇਤਰ 'ਚ ਸਥਾਪਿਤ ਹੋਈਆਂ ਯੂਨੀਵਰਸਿਟੀਆਂ ਇਹ ਹਨ :-

- ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ, ਪੰਜਾਬ
- ਲਾਲਾ ਲਾਜਪਤ ਰਾਏ ਯੂਨੀਵਰਸਿਟੀ ਆਫ਼ ਵੈਟਰਨਰੀ ਤੇ ਐਨੀਮਲ ਸਾਇੰਸਜ਼, ਹਿਸਾਰ
- ਪੰਡਤ ਦੀਨ ਦਿਆਲ ਉਪਾਧਿਆਏ ਪਸ਼ੂ ਚਕਿਤਸਾ ਵਿਗਿਆਨ ਵਿਸ਼ਵਵਿਦਿਆਲਯ, ਮਥੁਰਾ, ਉੱਤਰ ਪ੍ਰਦੇਸ਼
- ਰਾਜਸਥਾਨ ਯੂਨੀਵਰਸਿਟੀ ਆਫ਼ ਵੈਟਰਨਰੀ ਅਤੇ ਐਨੀਮਲ ਸਾਇੰਸਜ਼, ਬੀਕਾਨੇਰ, ਰਾਜਸਥਾਨ
- ਛਤੀਸਗੜ੍ਹ ਕਾਮਧੇਨੂ ਵਿਸ਼ਵਵਿਦਿਆਲਯ, ਰਾਏਪੁਰ, ਛਤੀਸਗੜ੍ਹ
- ਮੱਧ ਪ੍ਰਦੇਸ਼ ਪਸ਼ੂ ਚਿਕਿਤਸਾ ਵਿਗਿਆਨ ਵਿਸ਼ਵਵਿਦਿਆਲਯ, ਜਬਲਪੁਰ, ਮੱਧ ਪ੍ਰਦੇਸ਼
- ਵੈਸਟ ਬੰਗਾਲ ਯੂਨੀਵਰਸਿਟੀ ਆਫ ਐਨੀਮਲ ਐਂਡ ਫਿਸ਼ਰੀ ਸਾਇੰਸਜ਼, ਕੋਲਕਾਤਾ, ਪੱਛਮੀ ਬੰਗਾਲ
- ਕਰਨਾਟਕਾ ਵੈਟਰਨਰੀ ਐਨੀਮਲ ਐਂਡ ਫਿਸ਼ਰੀਜ਼ ਸਾਇੰਸਜ਼ ਯੂਨੀਵਰਸਿਟੀ, ਬਿਦਰ, ਕਰਨਾਟਕ
- ਕੇਰਲਾ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਥਿਰੂਵੰਥਾਪੁਰਮ, ਕੇਰਲਾ
- ਮਹਾਰਾਸ਼ਟਰਾ ਐਨੀਮਲ ਸਾਇੰਸ ਅਤੇ ਫਿਸ਼ਰੀ ਯੂਨੀਵਰਸਿਟੀ, ਨਾਗਪੁਰ, ਮਹਾਰਾਸ਼ਟਰ
- ਸ੍ਰੀ ਵੈਂਕਟੇਸਵਰਾ ਵੈਟਰਨਰੀ ਯੂਨੀਵਰਸਿਟੀ, ਆਂਧਰਾ ਪ੍ਰਦੇਸ਼
- ਤਾਮਿਲਨਾਡੂ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਚੇਨਈ, ਤਾਮਿਲਨਾਡੂ
- ਬਿਹਾਰ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਪਟਨਾ, ਬਿਹਾਰ

ਵੈਟਰਨਰੀ ਕਾਊਂਸਲ ਆਫ਼ ਇੰਡੀਆ ਵੱਲੋਂ ਇਸ ਸਬੰਧੀ ਸਰਵ-ਭਾਰਤੀ ਪੱਧਰ 'ਤੇ ਦਾਖਲਾ ਪ੍ਰੀਖਿਆ ਲਈ ਜਾਂਦੀ ਹੈ। ਜਿਸ ਤੋਂ ਬਾਅਦ ਤੁਸੀਂ ਇਸ ਖੇਤਰ 'ਚ ਮਾਹਿਰ ਬਣ ਸਕਦੇ ਹੋ। •

---

*ਜੇ ਕਿਸੇ ਕਾਰਨ ਕਰਕੇ ਤੁਹਾਨੂੰ ਆਪਣੀ ਮੌਜੂਦਾ ਨੌਕਰੀ ਤੋਂ ਬਰੇਕ ਲੈਣੀ ਪੈ ਰਹੀ ਹੈ ਤਾਂ ਤੁਹਾਨੂੰ ਕੁਝ ਗੱਲਾਂ ਦਾ ਪਹਿਲਾਂ ਹੀ ਧਿਆਨ ਰੱਖਣਾ ਚਾਹੀਦਾ ਹੈ...*

# ਜੌਬ ਬਰੇਕ ਤੋਂ ਬਾਅਦ ਵਾਪਸੀ



ਇਕ ਮੀਡੀਆ ਹਾਊਸ 'ਚ ਕੰਮ ਕਰਨ ਵਾਲੇ ਅਨਿਲ ਦੀ ਇੱਛਾ ਸੀ ਕਿ ਉਹ ਆਦਿਵਾਸੀ ਖੇਤਰਾਂ 'ਚ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝੇ ਤੇ ਉਨ੍ਹਾਂ 'ਤੇ ਕਿਤਾਬ ਲਿਖੇ। ਇਸ ਲਈ ਉਨ੍ਹਾਂ ਨੂੰ ਦੋ ਮਹੀਨੇ ਛੁੱਟੀ ਦੀ ਜ਼ਰੂਰਤ ਸੀ। ਸੰਸਥਾ ਤੋਂ ਇੰਨੀ ਲੰਬੀ ਛੁੱਟੀ ਨਾ ਮਿਲਣ ਕਾਰਨ ਉਸ ਨੇ ਨੌਕਰੀ ਛੱਡ ਦਿੱਤੀ। ਉਹ ਆਪਣੇ ਮਿਸ਼ਨ 'ਚ ਲਗ ਗਏ। ਇਸ ਦੌਰਾਨ ਜਦੋਂ ਵੀ ਉਨ੍ਹਾਂ ਨੂੰ ਸਮਾਂ ਮਿਲਦਾ ਉਹ ਆਪਣੀ ਮੀਡੀਆ ਦੋਸਤਾਂ ਨਾਲ ਗੱਲਬਾਤ ਕਰਦੇ। ਇਸੇ ਦੌਰਾਨ ਉਹ ਆਪਣੇ ਪੁਰਾਣੇ ਦਫ਼ਤਰ ਜਾਂਦੇ ਤੇ ਹੋਰਨਾਂ ਵੀ ਦਫ਼ਤਰਾਂ ਦਾ ਦੌਰਾ ਕਰਦੇ। ਇਹੀ ਕਾਰਨ ਸੀ ਕਿ ਕਿਤਾਬ ਲਿਖਣ ਤੋਂ ਬਾਅਦ ਜਦੋਂ ਉਨ੍ਹਾਂ ਨੇ ਹੋਰ ਮੀਡੀਆ ਹਾਊਸ 'ਚ ਵਾਪਸੀ ਕੀਤੀ ਤਾਂ ਉਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਹੀਂ ਕਰਨਾ ਪਿਆ।

ਦੂਜੇ ਪਾਸੇ ਸੁਸ਼ਾਂਤ ਇਕ ਆਈਟੀ ਕੰਪਨੀ 'ਚ ਇੰਜੀਨੀਅਰ ਸੀ। ਉਸ ਦੇ ਦਿਮਾਗ਼ 'ਚ ਐੱਮਬੀਏ ਕਰ ਕੇ ਆਪਣੀ ਯੋਗਤਾ ਵਧਾਉਣ ਦਾ ਖਿਆਲ ਆਇਆ। ਉਨ੍ਹਾਂ ਨੇ ਉਸ ਦੀ ਤਿਆਰੀ ਕਰਨ ਲਈ ਇਕ ਸਾਲ ਦੀ ਛੁੱਟੀ ਮੰਗੀ। ਸੰਸਥਾ ਨੇ ਉਸ ਨੂੰ ਇੰਨੀ ਲੰਬੀ ਛੁੱਟੀ ਨਾ ਦਿੱਤੀ। ਦੋ ਸਾਲ ਬਾਅਦ ਜਦੋਂ ਉਸ ਨੂੰ ਡਿਗਰੀ ਮਿਲੀ ਤਾਂ ਉਹ ਨੌਕਰੀ ਲੱਭਣ ਲੱਗਾ ਪਰ ਆਪਣੇ ਕੰਮ ਤੋਂ ਕਾਫ਼ੀ ਸਮਾਂ ਟੁੱਟੇ ਰਹਿਣ ਕਾਰਨ ਉਸ ਨੂੰ ਮੌਜੂਦਾ ਕੰਮ ਦੌਰਾਨ ਕਾਫ਼ੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਟੈਕਨਾਲੋਜੀ ਦੇ ਅਪਡੇਟ ਹੋਣ, ਦੋਸਤਾਂ ਦੀ ਬਦਲੀ ਹੋਣ, ਦਫ਼ਤਰ ਦਾ ਮਾਹੌਲ ਬਦਲਣ ਆਦਿ ਕਾਰਨ ਸੀ। ਇਸ ਦੌਰਾਨ ਉਸ ਨੇ ਕਈ ਛੋਟੀਆਂ-ਛੋਟੀਆਂ ਸਮੱਸਿਆਵਾਂ ਦਾ ਸਾਹਮਣਾ ਕੀਤਾ ਜੋ ਉਸ ਦੇ ਕੰਮ ਨੂੰ ਪ੍ਰਭਾਵਿਤ ਕਰ ਰਹੀਆਂ ਸਨ। ਅਜਿਹੀਆਂ ਸਥਿਤੀਆਂ ਆਮਤੌਰ 'ਤੇ ਕਰਮਚਾਰੀਆਂ ਦੇ ਸਾਹਮਣੇ ਆ ਜਾਂਦੀਆਂ ਹਨ। ਕਦੇ ਕਦੇ ਔਰਤਾਂ ਵੀ ਬੱਚਿਆਂ ਦੀ ਦੇਖਭਾਲ ਤੇ ਘਰ-ਪਰਿਵਾਰ ਦੀ ਦੇਖਭਾਲ ਲਈ ਨੌਕਰੀ ਛੱਡ ਦਿੰਦੀਆਂ ਹਨ ਤੇ ਬੱਚਿਆਂ ਦੇ ਵੱਡੇ ਹੋਣ 'ਤੇ ਵਾਪਸੀ ਕਰਦੀਆਂ ਹਨ।

ਅਜਿਹੀ ਸਥਿਤੀ 'ਚ ਜਦੋਂ ਵਾਪਸੀ ਕੀਤੀ ਜਾਂਦੀ ਹੈ ਤਾਂ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇ ਤੁਹਾਡੇ ਨਾਲ ਵੀ ਅਜਿਹਾ ਹੋ ਰਿਹਾ ਹੈ ਤਾਂ ਆਓ ਇਨ੍ਹਾਂ ਗੱਲਾਂ ਦਾ ਧਿਆਨ ਰੱਖੀਏ...

### ਨੌਕਰੀ ਛੱਡਣ ਤੋਂ ਪਹਿਲਾਂ

ਨੌਕਰੀ ਛੱਡਣ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ ਲਓ ਕਿ ਤੁਸੀਂ ਦੁਬਾਰਾ ਇਸ ਫ਼ੀਲਡ 'ਚ ਆਓਗੇ ਕਿ ਨਹੀਂ। ਜੇ ਆਉਣਾ ਹੈ ਤਾਂ ਇਹ ਤੈਅ ਕਰੋ ਕਿ ਕਿੰਨੇ ਸਮੇਂ ਬਾਅਦ ਵਾਪਸੀ ਕਰੋਗੇ ਕਿਉਂਕਿ ਇਸ ਦੇ ਤੈਅ ਕਰਨ ਨਾਲ ਹੀ ਤੁਹਾਡੀ ਰਣਨੀਤੀ ਸਹੀ ਬਣੇਗੀ।

### ਨੌਕਰੀ ਛੱਡਣ ਤੋਂ ਬਾਅਦ

ਤਕਨੀਕ ਬਹੁਤ ਤੇਜ਼ੀ ਨਾਲ ਬਦਲਦੀ ਹੈ। ਤਕਨੀਕੀ ਸਾਫ਼ਟਵੇਅਰ ਕੰਮ ਕਰ ਰਹੇ ਹਨ, ਉਨ੍ਹਾਂ ਦਾ ਹਰ ਸਮੇਂ ਨਵਾਂ ਵਰਜਨ ਅਪਡੇਟ ਹੁੰਦਾ ਰਹਿੰਦਾ ਹੈ। ਇਸ ਲਈ ਆਪਣੇ ਖੇਤਰ 'ਚ ਜਦੋਂ ਵੀ ਕੁਝ ਨਵਾਂ ਹੁੰਦਾ ਦਿਖਾਈ ਦੇਵੇ ਤਾਂ ਉਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਜ਼ਰੂਰ ਇਕੱਠੀ ਕਰ ਲਓ। ਆਪਣੇ ਦਫ਼ਤਰ ਦੇ ਸਾਥੀਆਂ ਨਾਲ ਲਗਾਤਾਰ ਸੰਪਰਕ ਬਣਾ ਕੇ ਰੱਖੋ ਤੇ ਤਬਦੀਲੀਆਂ ਦੀ ਜਾਣਕਾਰੀ ਲੈਂਦੇ ਰਹੋ। ਜਾਗਰੂਕਤਾ ਬਰਕਰਾ ਰਹੇਗੀ ਤਾਂ ਤੁਸੀਂ ਕਦੇ ਵੀ ਆਊਟਡੇਟਡ ਨਹੀਂ ਹੋਵੋਗੇ।

### ਵਾਪਸੀ ਸਮੇਂ

ਜਦੋਂ ਤੁਸੀਂ ਕਮਬੈਕ ਕਰੋ ਤਾਂ ਕੰਮਕਾਜ ਦੇ ਤੌਰ ਤਰੀਕਿਆਂ ਨੂੰ ਸਮਝੋ। ਤੁਸੀਂ ਜੇ ਅਪਡੇਟ ਰਹੋਗੇ ਤਾਂ ਜ਼ਿਆਦਾ ਪਰੇਸ਼ਾਨੀ ਨਹੀਂ ਆਵੇਗੀ। ਇਹ ਦੇਖੋ ਕਿ ਤੁਹਾਡੇ ਬਰੇਕ ਸਮੇਂ ਕੀ-ਕੀ ਨਵੀਆਂ ਚੀਜ਼ਾਂ ਆਈਆਂ ਹਨ। ਹੋ ਸਕੇ ਤਾਂ ਇਨ੍ਹਾਂ ਤਕਨੀਕਾਂ ਦਾ ਤੁਸੀਂ ਸ਼ਾਰਟ-ਟਰਮ ਦੇ ਸੈਮੀਨਾਰ ਵੀ ਲਗਾ ਸਕਦੇ ਹੋ। •


---

*ਇਹ ਧਾਰਨਾ ਕਾਫ਼ੀ ਪ੍ਰਚਲਿਤ ਹੈ ਕਿ ਵਿਦਿਆਰਥੀ ਦੀ ਰੁਚੀ ਮੁਤਾਬਕ ਹੀ ਵਿਸ਼ਿਆਂ ਦੀ ਚੋਣ ਹੋਣੀ ਚਾਹੀਦੀ ਹੈ। ਸੱਚਾਈ ਇਹ ਵੀ ਹੈ ਕਿ ਜੇ ਵਿਦਿਆਰਥੀ ਦੀ ਰੁਚੀ ਵੱਲ ਝਾਤ ਮਾਰੀਏ ਤਾਂ ਉਨ੍ਹਾਂ ਦਾ ਧਿਆਨ ਸਿਰਫ਼ ਸੌਖੇ ਵਿਸ਼ਿਆਂ ਵਾਲੇ ਪਾਸੇ ਨੂੰ ਕੇਂਦਰਿਤ ਹੁੰਦਾ ਹੈ...*

# ਨਾਯਾਬ ਤੋਹਫ਼ਾ ਹੈ 'ਗਣਿਤ' ਵਿਸ਼ਾ



ਕਿਰਨ ਪਾਹਵਾ
9780326601



ਗਣਿਤ ਵਿਸ਼ੇ ਦੀ ਚੋਣ ਤੋਂ ਦੂਰ ਹੁੰਦੇ ਜਾ ਰਹੇ ਵਿਦਿਆਰਥੀਆਂ ਲਈ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਇਸ ਵਿਸ਼ੇ ਨਾਲ ਆਪਣੀ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਉਨ੍ਹਾਂ ਨੂੰ ਜ਼ਿੰਦਗੀ 'ਚ ਐਸਾ ਨਾਯਾਬ ਤੋਹਫ਼ਾ ਮਿਲਦਾ ਹੈ, ਜਿਸਦੀ ਉਨ੍ਹਾਂ ਨੇ ਕਲਪਨਾ ਵੀ ਨਹੀਂ ਕੀਤੀ ਹੁੰਦੀ। ਉਂਝ ਬੇਸ਼ੱਕ ਇਹ ਧਾਰਨਾ ਕਾਫ਼ੀ ਪ੍ਰਚਲਿਤ ਹੈ ਕਿ ਵਿਦਿਆਰਥੀ ਦੀ ਰੁਚੀ ਦੇ ਮੁਤਾਬਕ ਹੀ ਵਿਸ਼ਿਆਂ ਦੀ ਚੋਣ ਹੋਣੀ ਚਾਹੀਦੀ ਹੈ। ਸੱਚਾਈ ਇਹ ਵੀ ਹੈ ਕਿ ਜੇ ਵਿਦਿਆਰਥੀ ਦੀ ਰੁਚੀ ਵੱਲ ਝਾਤ ਮਾਰੀਏ ਤਾਂ ਉਨ੍ਹਾਂ ਦੀ ਰੁਚੀ ਤਾਂ ਸੌਖੇ ਵਿਸ਼ਿਆਂ ਵਾਲੇ ਪਾਸੇ ਨੂੰ ਕੇਂਦਰਿਤ ਹੁੰਦੀ ਹੈ। ਵਿਦਿਆਰਥੀ ਦੀ ਰੁਚੀ ਦੇ ਨਾਲ-ਨਾਲ ਇਸ ਗੱਲ ਦਾ ਮੁਲਾਂਕਣ ਹੋਣਾ ਵੀ ਜ਼ਰੂਰੀ ਹੈ ਕਿ ਵਿਦਿਆਰਥੀ ਦੇ 'ਕਰੀਅਰ' ਲਈ ਕਿਹੜੇ ਉਹ ਖੇਤਰ ਹਨ, ਜਿਨ੍ਹਾਂ ਨਾਲ ਉਹ ਆਪਣੀ ਜ਼ਿੰਦਗੀ ਬਿਹਤਰ ਢੰਗ ਨਾਲ ਜੀਅ ਸਕਦਾ ਹੈ। ਜੇ ਗਣਿਤ ਵਿਸ਼ੇ ਦੀ ਗੱਲ ਕਰੀਏ ਤਾਂ ਇਸਦੇ ਨਾਲ ਅਨੇਕਾਂ ਐਸੇ ਖੇਤਰ ਉੱਭਰ ਕੇ ਸਾਹਮਣੇ ਆਉਂਦੇ ਹਨ, ਜੋ ਵਿਦਿਆਰਥੀ ਲਈ ਨਾ ਕੇਵਲ ਕਰੀਅਰ ਦੀ ਬੁਨਿਆਦ ਖੜੀ ਕਰਦੇ ਹਨ, ਬਲਕਿ ਉਸਨੂੰ ਭਵਿੱਖ ਦੀ ਔਕੜਾਂ ਤੇ ਚੁਣੌਤੀਆਂ ਨੂੰ ਹੱਲ ਕਰਨ ਦੇ ਯੋਗ ਵੀ ਬਣਾ ਦਿੰਦੇ ਹਨ। ਇਨਫਾਰਮੇਸ਼ਨ ਟੈਕਨਾਲੋਜੀ ਤੇ ਵਿਗਿਆਨਕ ਯੁੱਗ 'ਚ ਗਣਿਤ ਵਿਸ਼ੇ ਦੀ ਵੱਧਦੀ ਜਾ ਰਹੀ ਮੰਗ ਇਸ ਗੱਲ ਦਾ ਸਬੂਤ ਹੈ ਕਿ ਜੇ ਵਿਦਿਆਰਥੀ ਨੂੰ ਇਸ ਵਿਸ਼ੇ ਦੀ ਮੁਹਾਰਤ ਹਾਸਿਲ ਹੈ ਤਾਂ ਉਹ ਨਾ ਕੇਵਲ ਇਸਦੇ ਜ਼ਰੀਏ ਦੂਜਿਆਂ ਨੂੰ ਕਾਬਿਲ ਬਣਾ ਸਕਦਾ ਹੈ, ਬਲਕਿ ਰਿਸਰਚ ਐਨਾਲਿਸਟ, ਇੰਟੈਲੀਜੈਂਸ ਐਨਾਲਿਸਟ, ਬਾਇਓਸਟੈਟਿਕਸ, ਬਾਇਓ ਮੈਥੇਮੈਟਿਕਸ, ਪਬਲਿਕ ਪਾਲਿਸੀ, ਬੈਂਕਾਂ, ਇੰਸ਼ੋਰੈਂਸ, ਮੈਨੇਜਮੈਂਟ ਆਦਿ ਖੇਤਰਾਂ 'ਚ ਆਪਣੀ ਧਾਂਕ ਜਮਾ ਦਿੰਦੇ ਹਨ। ਇਸ ਤੋਂ ਇਲਾਵਾ ਵਿਦਿਆਰਥੀ ਗਣਿਤ ਵਿਸ਼ੇ ਦੀ ਪੜ੍ਹਾਈ ਕਰਕੇ ਦੂਜਿਆਂ ਨੂੰ ਇਸ ਵਿਸ਼ੇ ਦੀ ਟਿਊਸ਼ਨ ਦੇ ਕੇ ਵੀ ਚੰਗੀ ਆਮਦਨ ਕਮਾ ਸਕਦੇ ਹਨ। ਬੱਸ ਲੋੜ ਹੈ ਅਧਿਆਪਕ ਦੁਆਰਾ ਵਿਦਿਆਰਥੀ ਦੀ ਮਾਨਸਿਕਤਾ ਨੂੰ ਸਮਝਣ ਦੀ ਅਤੇ ਉਸਨੂੰ ਪਿਆਰ ਨਾਲ ਸਮਝਾਉਣ ਦੀ।

### 'ਗਣਿਤ' ਵਿਸ਼ੇ ਦੀ ਚੋਣ ਤੋਂ ਕਿਉਂ ਭੱਜਦੇ ਹਨ ਵਿਦਿਆਰਥੀ?

*ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਗਿਆਰ੍ਹਵੀਂ 'ਚ ਦਾਖ਼ਲਾ ਲੈਣ ਸਮੇਂ ਵਿਦਿਆਰਥੀ ਗਣਿਤ ਵਿਸ਼ੇ ਨੂੰ ਲੈਣ ਤੋਂ ਕਤਰਾਉਂਦੇ ਆਮ ਦੇਖੇ ਜਾ ਸਕਦੇ ਹਨ। ਜ਼ਿਆਦਾਤਰ ਵਿਦਿਆਰਥੀ ਸੌਖੇ ਵਿਸ਼ੇ ਲੈ ਕੇ ਆਪਣੀ ਪੜ੍ਹਾਈ ਕਰਨ 'ਚ ਦਿਲਚਸਪੀ ਲੈਂਦੇ ਦਿਖਾਈ ਪੈਂਦੇ ਹਨ ਕਿਉਂਕਿ ਦੇਖਣ ਵਿਚ ਆਇਆ ਹੈ ਕਿ ਜ਼ਿਆਦਾਤਰ ਸਕੂਲਾਂ ਦੇ ਦੱਸਵੀਂ ਤੱਕ ਦੇ ਅਧਿਆਪਕਾਂ ਵੱਲੋਂ ਵਿਦਿਆਰਥੀ ਅੰਦਰ ਗਣਿਤ ਵਿਸ਼ੇ 'ਚ ਰੁਚੀ ਪੈਦਾ ਕਰਨ ਲਈ ਕੋਈ ਖ਼ਾਸ ਉਪਰਾਲੇ ਨਹੀਂ ਕੀਤੇ ਜਾਂਦੇ। ਇਹੀ ਕਾਰਨ ਹੈ ਕਿ ਜਿਹੜੇ ਵਿਦਿਆਰਥੀ ਦੱਸਵੀਂ ਤੱਕ ਗਣਿਤ ਵਿਸ਼ੇ 'ਚੋਂ ਮਸਾਂ ਪਾਸ ਹੁੰਦੇ ਹੋਣ, ਉਨ੍ਹਾਂ ਤੋਂ ਅਗਲੀਆਂ ਜਮਾਤਾਂ 'ਚ ਆਸ ਵੀ ਕੀ ਰੱਖੀ ਜਾ ਸਕਦੀ ਹੈ।*

### ਸਕੂਲਾਂ 'ਚ ਅਧਿਆਪਕ ਸੌਖੇ ਢੰਗ ਨਾਲ 'ਗਣਿਤ' ਸਿਖਾਉਣ

ਵਿਦਿਆਰਥੀਆਂ 'ਚ ਗਣਿਤ ਵਿਸ਼ੇ ਪ੍ਰਤੀ ਰੁਚੀ ਪੈਦਾ ਕਰਨ ਲਈ ਅਧਿਆਪਕ ਉਨ੍ਹਾਂ ਨੂੰ ਪਿਆਰ ਨਾਲ ਅਤੇ ਸਜ਼ਾ ਰਹਿਤ ਵਿਧੀ ਰਾਹੀਂ ਵਿਸ਼ੇ ਨੂੰ ਵੱਖ-ਵੱਖ ਸੌਖੇ ਢੰਗਾਂ ਨਾਲ ਸਮਝਾਉਣ ਕਿਉਂਕਿ ਹਰੇਕ ਬੱਚਾ ਇੱਕੋ ਜਿਹੇ ਦਿਮਾਗ ਦਾ ਮਾਲਕ ਨਹੀਂ ਹੁੰਦਾ, ਕਿਸੇ ਦੇ ਕੋਈ ਵਿਸ਼ੇ ਜਲਦੀ ਸਮਝ ਪੈ ਜਾਂਦਾ ਹੈ ਤੇ ਕਈਆਂ ਦੇ ਥੋੜ੍ਹੀ ਦੇਰ ਬਾਅਦ। ਦੇਖਣ ਵਿਚ ਇਹ ਵੀ ਆਇਆ ਹੈ ਕਿ ਜਿਹੜੇ ਵਿਦਿਆਰਥੀਆਂ ਨੂੰ ਗਣਿਤ ਵਿਸ਼ਾ ਸਮਝ ਨਹੀਂ ਪੈਂਦਾ, ਉਨ੍ਹਾਂ ਨੂੰ ਜ਼ਿਆਦਾਤਰ ਅਧਿਆਪਕ ਸਮਝਾਉਣ ਦੀ ਬਜਾਏ ਦੂਜੇ ਵਿਦਿਆਰਥੀਆਂ ਦੇ ਸਾਹਮਣੇ ਇਹ ਕਹਿ ਕੇ ਜ਼ਲੀਲ ਕਰਦੇ ਹਨ ਕਿ ਗਣਿਤ ਤੇਰੇ ਬਸ ਦੀ ਗੱਲ ਨਹੀਂ, ਤੂੰ ਕੁੱਝ ਨਹੀਂ ਕਰ ਸਕਦਾ ਆਪਣੀ ਜ਼ਿੰਦਗੀ 'ਚ।

### ਵਧੀਆ ਨਤੀਜੇ ਨਾ ਦੇਣ ਵਾਲੇ ਅਧਿਆਪਕਾਂ 'ਤੇ ਹੋਵੇ ਕਾਰਵਾਈ

ਸਰਕਾਰੀ ਸਕੂਲਾਂ 'ਚ ਅਧਿਆਪਕਾਂ ਦੀ ਭਰਤੀ ਸਮੇਂ ਮੈਰਿਟ ਸੂਚੀ ਦੇ ਆਧਾਰ 'ਤੇ ਹੀ ਸਬੰਧਤ ਵਿਸ਼ੇ ਦੀ ਮੁਹਾਰਤ ਰੱਖਣ ਵਾਲੇ ਅਧਿਆਪਕਾਂ ਦੀ ਚੋਣ ਕੀਤੀ ਜਾਂਦੀ ਹੈ। ਦੇਖਣ 'ਚ ਆਉਂਦਾ ਹੈ ਕਿ ਸਰਕਾਰੀ ਸਕੂਲਾਂ ਦੇ ਮੁਕਾਬਲੇ ਪ੍ਰਾਈਵੇਟ ਸਕੂਲਾਂ ਦੇ ਨਤੀਜੇ ਜ਼ਿਆਦਾ ਵਧੀਆ ਆਉਂਦੇ ਹਨ। ਇਸ ਲਈ ਸਰਕਾਰ ਤੇ ਸਿੱਖਿਆ ਵਿਭਾਗ ਨੂੰ ਸਬੰਧਤ ਵਿਸ਼ੇ ਦੇ ਅਧਿਆਪਕ 'ਤੇ ਕੜੀ ਕਾਰਵਾਈ ਕਰਨੀ ਬਣਦੀ ਹੈ, ਜਿਨ੍ਹਾਂ ਦਾ ਨਤੀਜਾ ਅਤਿਅੰਤ ਨਿਰਾਸ਼ਾਜਨਕ ਰਿਹਾ ਹੋਵੇ। ਜੇ ਵਿਭਾਗ ਦਾ ਇਹ ਸ਼ਿਕੰਜਾ ਮਾੜੇ ਨਤੀਜੇ ਦੇਣ ਵਾਲੇ ਅਧਿਆਪਕਾ 'ਤੇ ਕਸਿਆ ਜਾਵੇਗਾ ਤਾਂ ਫਿਰ ਕੋਈ ਵੀ ਅਧਿਆਪਕ ਬੱਚੇ ਨੂੰ ਪੜ੍ਹਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੇਗਾ।

ਇਸ ਲੇਖ ਜ਼ਰੀਏ ਮੈਂ ਉਨ੍ਹਾਂ ਵਿਦਿਆਰਥੀਆਂ ਦੇ ਨਜ਼ਰੀਏ ਤੋਂ ਗੱਲ ਕੀਤੀ ਹੈ ਜੋ ਗਣਿਤ ਵਿਸ਼ੇ ਨੂੰ ਪੜ੍ਹਨਾ ਤਾਂ ਚਾਹੁੰਦੇ ਹਨ ਪਰ ਉਹ ਜਾਂ ਤਾਂ ਇਸ ਡਰੋਂ ਨਹੀਂ ਪੜ੍ਹਦੇ ਕਿ ਉਨ੍ਹਾਂ ਨੂੰ ਕਲਾਸ 'ਚ ਪੜ੍ਹਨ ਸਮੇਂ ਆਪਣੀ ਜ਼ਲੀਲਤਾ ਦਾ ਅਹਿਸਾਸ ਹੁੰਦਾ ਹੈ ਅਤੇ ਜਾਂ ਫਿਰ ਗਣਿਤ ਵਿਸ਼ਾ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਾਇਆ ਹੀ ਨਹੀਂ ਜਾਂਦਾ। •

## ਸੰਪਾਦਕੀ

# ਐੱਮਐੱਸਪੀ ਦੀ ਤਜਵੀਜ਼

ਕੇਂਦਰੀ ਮੰਤਰੀਆਂ ਦੀ ਕਮੇਟੀ ਨੇ ਕਿਸਾਨ ਆਗੂਆਂ ਨਾਲ ਚੌਥੇ ਗੇੜ ਦੀ ਵਾਰਤਾ ਦੌਰਾਨ ਦਾਲਾਂ (ਅਰਹਰ, ਮਾਂਹ, ਮਸਰ), ਮੱਕੀ ਅਤੇ ਕਪਾਹ ਦੀਆਂ ਫ਼ਸਲਾਂ ਨੂੰ ਪੰਜ ਸਾਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਉੱਤੇ ਖ਼ਰੀਦਣ ਦੀ ਤਜਵੀਜ਼ ਪੇਸ਼ ਕੀਤੀ ਹੈ। ਇਨ੍ਹਾਂ ਜਿਣਸਾਂ ਦੀ ਖ਼ਰੀਦ ਕੇਂਦਰੀ ਏਜੰਸੀਆਂ ਕਰਨਗੀਆਂ। ਇਹ ਪੇਸ਼ਕਸ਼ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਅਤੇ ਕਿਸਾਨ ਆਗੂਆਂ ਦਰਮਿਆਨ ਲੰਮੀ ਗੱਲਬਾਤ ਤੋਂ ਬਾਅਦ ਕੀਤੀ ਗਈ ਹੈ। ਕਿਸਾਨਾਂ ਦੀ ਮੁੱਖ ਮੰਗ ਸਾਰੀਆਂ ਫ਼ਸਲਾਂ ਲਈ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਹੈ।

ਲੋਕ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਰੋਸ ਜ਼ਾਹਿਰ ਕਰ ਰਹੇ ਕਿਸਾਨਾਂ ਨੂੰ ਸ਼ਾਂਤ ਕਰਨ ਲਈ ਸਰਕਾਰ ਰਾਹ ਲੱਭ ਰਹੀ ਹੈ। ਉਂਞ, ਕੇਂਦਰੀ ਮੰਤਰੀਆਂ ਦੀ ਤਜਵੀਜ਼ ਜ਼ਮੀਨੀ ਹਕੀਕਤਾਂ ਦੇ ਉਲਟ ਹੈ: ਐੱਮਐੱਸਪੀ ਪ੍ਰਣਾਲੀ ਅਤੇ ਯਕੀਨੀ ਖ਼ਰੀਦ ਜਿ ?ਆਦਾਤਰ ਕਣਕ ਤੇ ਝੋਨੇ ਦੀਆਂ ਫਸਲਾਂ ਤੱਕ ਹੀ ਸੀਮਤ ਰਹੀ ਹੈ। ਸਾਲ-ਦਰ-ਸਾਲ, ਸਰਕਾਰ ਤੈਅਸ਼ੁਦਾ 22 ਫ਼ਸਲਾਂ ਲਈ ਐੱਮਐੱਸਪੀ ਸੋਧ ਕੇ ਇਸ ਵਿਚ ਵਾਧਾ ਕਰਦੀ ਰਹੀ ਹੈ ਜਿਨ੍ਹਾਂ ਵਿਚ ਕਣਕ, ਝੋਨਾ, ਦਾਲਾਂ, ਮੱਕੀ ਤੇ ਕਪਾਹ ਸ਼ਾਮਲ ਹਨ; ਗੰਨੇ ਲਈ ਐੱਫਆਰਪੀ ( ਵਾਜਿਬ ਤੇ ਲਾਹੇਵੰਦ ਕੀਮਤ) ਵੀ ਦਿੱਤੀ ਜਾਂਦੀ ਰਹੀ ਹੈ। ਖੇਤੀ ਲਾਗਤਾਂ ਅਤੇ ਕੀਮਤਾਂ ਬਾਰੇ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਦੇ ਅਧਾਰ ਉੱਤੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਮਿੱਥਿਆ ਜਾਂਦਾ ਰਿਹਾ ਹੈ। ਹਾਲਾਂਕਿ ਕਿਸਾਨ ਜਥੇਬੰਦੀਆਂ ਕਈ ਵਾਰ 'ਮਾਮੂਲੀ' ਵਾਧੇ ਨੂੰ ਨਕਾਰ ਚੁੱਕੀਆਂ ਹਨ। ਐੱਮਐੱਸਪੀ ਤੋਂ ਘੱਟ ਕੀਮਤ 'ਤੇ ਜਿਣਸਾਂ ਦੀ ਖਰੀਦ ਹੋਣ ਕਰ ਕੇ ਕਿਸਾਨਾਂ ਨੂੰ ਨੁਕਸਾਨ ਵੀ ਝੱਲਣਾ ਪਿਆ ਹੈ; ਉਨ੍ਹਾਂ ਦੇ ਖਰਚੇ ਵੀ ਪੂਰੇ ਨਹੀਂ ਹੁੰਦੇ।

2015 ਵਿਚ ਭਾਰਤੀ ਖ਼ੁਰਾਕ ਨਿਗਮ (ਐੱਫਸੀਆਈ) ਦੇ ਮੁੜ ਗਠਨ ਬਾਰੇ ਸ਼ਾਂਤਾ ਕੁਮਾਰ ਦੀ ਅਗਵਾਈ ਹੇਠਲੀ ਉੱਚ ਪੱਧਰੀ ਕਮੇਟੀ ਨੇ ਘੱਟੋ-ਘੱਟ ਸਮਰਥਨ ਮੁੱਲ ਨੀਤੀ ਦੀ ਨਜ਼ਰਸਾਨੀ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਕਮੇਟੀ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ- 'ਖ਼ਾਸ ਤੌਰ 'ਤੇ ਕਣਕ ਅਤੇ ਝੋਨੇ ਵਿਚ ਹੀ ਸਹਾਇਕ ਮੁੱਲ ਕੰਮ ਕਰਦਾ ਹੈ ਤੇ ਉਹ ਵੀ ਕੁਝ ਗਿਣਵੇਂ ਸੂਬਿਆਂ ਵਿਚ। ਇਸ ਨਾਲ ਕਣਕ ਅਤੇ ਝੋਨੇ ਦੇ ਪੱਖ ਵਿਚ ਬਹੁਤ ਹੀ ਨੁਕਸਦਾਰ ਢਾਂਚਾ ਪੈਦਾ ਹੋ ਗਿਆ ਹੈ।' ਕਮੇਟੀ ਨੇ ਇਹ ਗੱਲ ਵੀ ਨੋਟ ਕੀਤੀ ਸੀ ਕਿ ਕਣਕ ਝੋਨੇ ਦੀ ਸਰਕਾਰੀ ਖਰੀਦ ਦਾ ਸਿੱਧੇ ਤੌਰ 'ਤੇ ਫਾਇਦਾ ਦੇਸ਼ ਦੇ 6 ਫ਼ੀਸਦ ਤੋਂ ਵੱਧ ਕਿਸਾਨ ਪਰਿਵਾਰਾਂ ਨੂੰ ਨਹੀਂ ਮਿਲਦਾ; ਇਸ ਪ੍ਰਣਾਲੀ ਕਰ ਕੇ ਫ਼ਸਲੀ ਵੰਨ-ਸਵੰਨਤਾ ਦੇ ਰਾਹ ਵਿਚ ਵੀ ਅਡਿ ?ੱਕੇ ਪੈਦਾ ਹੁੰਦੇ ਹਨ। ਇਸ ਤੋਂ ਇਲਾਵਾ ਦੇਸ਼ ਦੇ ਬਹੁਗਿਣਤੀ ਕਿਸਾਨਾਂ ਨੂੰ ਮੰਡੀ ਦੀਆਂ ਬੇਅਸੂਲ ਤਾਕਤਾਂ ਦੇ ਰਹਿਮੋ-ਕਰਮ 'ਤੇ ਰਹਿਣਾ ਪੈਂਦਾ ਹੈ। ਦੇਸ਼ ਭਰ ਵਿਚ ਸਰਕਾਰੀ ਖਰੀਦ ਦੇ ਮਜ਼ਬੂਤ ਢਾਂਚੇ ਤੋਂ ਬਿਨਾਂ ਪੰਜ ਫ਼ਸਲਾਂ ਲਈ ਸਰਕਾਰ ਦੀ ਐੱਮਐੱਸਪੀ ਦੀ ਯੋਜਨਾ ਸਫ਼ਲ ਨਹੀਂ ਹੋ ਸਕੇਗੀ। ਖੁਰਾਕ ਸੁਰੱਖਿਆ, ਕਿਸਾਨਾਂ ਦੀ ਆਮਦਨ ਵਧਾਉਣਾ ਅਤੇ ਦਰਾਮਦਾਂ 'ਤੇ ਨਿਰਭਰਤਾ ਘਟਾਉਣ ਦੇ ਇਸ ਦੇ ਵਡੇਰੇ ਉਦੇਸ਼ ਤਾਂ ਹੀ ਹਾਸਲ ਕੀਤੇ ਜਾ ਸਕਦੇ ਹਨ ਜੇ ਐੱਮਐੱਸਪੀ ਪ੍ਰਣਾਲੀ ਵਿਚਲੀਆਂ ਵੱਡੀਆਂ ਖਾਮੀਆਂ ਨੂੰ ਦੂਰ ਕੀਤਾ ਜਾਵੇ। ਦੂਜੇ ਬੰਨੇ ਕਿਸਾਨਾਂ ਦੇ ਨੁਮਾਇੰਦੇ ਲਗਾਤਾਰ ਇਹ ਆਖ ਰਹੇ ਹਨ ਕਿ ਸਰਕਾਰ ਤੈਅ ਐੱਮਐੱਸਪੀ 'ਤੇ ਹੋਰ ਫ਼ਸਲਾਂ ਦੀ ਖਰੀਦ ਦੀ ਗਾਰੰਟੀ ਦੇਵੇ, ਫ਼ਸਲੀ ਵੰਨ-ਸਵੰਨਤਾ ਵਾਲਾ ਮਸਲਾ ਆਪਣੇ ਆਪ ਹੱਲ ਹੋ ਜਾਵੇਗਾ। ਇਹ ਮਸਲਾ ਹੱਲ ਹੋਣ ਨਾਲ ਫਿਰ ਹੋਰ ਮਸਲੇ ਸੁਲਝਾਉਣ ਲਈ ਰਾਹ ਵੀ ਖੁੱਲ੍ਹ ਜਾਵੇਗਾ।

## ਸੰਦੇਸ਼ਖਲੀ ਦਾ ਮਸਲਾ

ਸੰਦੇਸ਼ਖਲੀ ਦੀਆਂ ਘਟਨਾਵਾਂ ਉਦੋਂ ਸੁਰਖੀਆਂ ਵਿਚ ਆਈਆਂ ਸਨ ਜਦੋਂ ਤ੍ਰਿਣਮੂਲ ਕਾਂਗਰਸ ਦੇ ਬਾਹੂਬਲੀ ਸ਼ੇਖ ਸ਼ਾਹਜਹਾਂ ਦੇ ਹਮਾਇਤੀਆਂ ਨੇ ਲੰਘੀ 5 ਜਨਵਰੀ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਟੀਮ ਉਪਰ ਹਮਲਾ ਕੀਤਾ ਸੀ। ਈਡੀ ਦੀ ਟੀਮ ਨੇ ਪੱਛਮੀ ਬੰਗਾਲ ਦੇ ਉੱਤਰੀ 24 ਪਰਗਨਾ ਜਿ ?ਲ੍ਹੇ ਵਿਚ ਹੋਏ ਰਾਸ਼ਨ ਘੁਟਾਲੇ ਦੀ ਜਾਂਚ ਲਈ ਛਾਪਾ ਮਾਰਿਆ ਸੀ। ਇਸ ਤੋਂ ਇਕ ਮਹੀਨੇ ਬਾਅਦ ਔਰਤਾਂ ਨੇ ਗਲੀਆਂ ਵਿਚ ਆ ਕੇ ਉਸ ਦੀ ਅਤੇ ਉਸ ਦੇ ਹਮਾਇਤੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਸੀ। ਇਸ ਤੋਂ ਇਲਾਵਾ ਉਸ ਖਿਲਾਫ਼ ਜਿਨਸੀ ਸ਼ੋਸ਼ਣ, ਜ਼ਮੀਨਾਂ ਦੱਬਣ ਅਤੇ ਬੰਦਿਆਂ ਤੋਂ ਵਗਾਰ ਕਰਵਾਉਣ ਜਿਹੇ ਗੰਭੀਰ ਦੋਸ਼ ਵੀ ਲਾਏ ਗਏ ਸਨ। ਤਿੰਨ ਦਿਨ ਹਿੰਸਕ ਰੋਸ ਮੁਜ਼ਾਹਰੇ ਜਾਰੀ ਰਹੇ ਸਨ ਅਤੇ ਇਸ ਦੌਰਾਨ ਸ਼ੇਖ ਸ਼ਾਹਜਹਾਂ ਫ਼ਰਾਰ ਹੋ ਗਿਆ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਲਗਾਤਾਰ ਇਹ ਦੋਸ਼ ਲਾਉਂਦੇ ਰਹੇ ਹਨ ਕਿ ਵਿਰੋਧੀ ਧਿਰ, ਖ਼ਾਸਕਰ ਭਾਰਤੀ ਜਨਤਾ ਪਾਰਟੀ ਇਸ ਮਾਮਲੇ ਜ਼ਰੀਏ ਸੂਬੇ ਅੰਦਰ ਗੜਬੜ ਫੈਲਾਉਣਾ ਚਾਹੁੰਦੀ ਹੈ। ਉਨ੍ਹਾਂ ਇਹ ਵੀ ਆਖਿਆ ਸੀ ਕਿ ਵਿਰੋਧੀ ਆਗੂ ਰਾਈ ਦਾ ਪਹਾੜ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਔਰਤਾਂ ਦੇ ਹੱਕਾਂ ਦੀ ਅਲੰਬਰਦਾਰ ਕਹਾਉਣ ਵਾਲੀ ਮਮਤਾ ਬੈਨਰਜੀ ਤੋਂ ਇਸ ਮਾਮਲੇ ਵਿਚ ਪੁਖ਼ਤਾ ਅਤੇ ਜਿ ?ਮੇਵਰਾਨਾ ਪਹੁੰਚ ਅਪਣਾਉਣ ਦੀ ਤਵੱਕੋ ਕੀਤੀ ਜਾਂਦੀ ਹੈ।

ਸਰਕਾਰ ਦਾਅਵਾ ਕਰਦੀ ਹੈ ਕਿ ਉਸ ਵਲੋਂ ਸੁਰੱਖਿਆ ਮੁਹੱਈਆ ਕਰਵਾਏ ਜਾਣ ਦੇ ਬਾਵਜੂਦ ਜਦੋਂ ਮਹਿਲਾ ਪੁਲੀਸ ਦੀ ਟੀਮ ਸੰਦੇਸ਼ਖਲੀ ਦੇ ਹਿੰਸਾਗ੍ਰਸਤ ਇਲਾਕੇ ਵਿਚ ਗਈ ਸੀ ਤਾਂ ਕਿਸੇ ਵੀ ਔਰਤ ਨੇ ਜਿਨਸੀ ਸ਼ੋਸ਼ਣ ਦੀ ਕੋਈ ਗੱਲ ਨਹੀਂ ਕੀਤੀ ਸੀ। ਇਹ

ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਸਨ ਕਿ ਪਿੰਡ ਵਾਸੀਆਂ ਨੂੰ ਤ੍ਰਿਣਮੂਲ ਕਾਂਗਰਸ ਦੀਆਂ ਮੀਟਿੰਗਾਂ ਵਿਚ ਸ਼ਿਰਕਤ ਕਰਨ ਲਈ ਮਜਬੂਰ ਕੀਤਾ ਗਿਆ ਸੀ। ਹੁਣ ਦੋ ਔਰਤਾਂ ਵਲੋਂ ਜੁਡੀਸ਼ਲ ਮੈਜਿਸਟਰੇਟ ਕੋਲ ਬਿਆਨ ਦਰਜ ਕਰਵਾਉਣ ਤੋਂ ਬਾਅਦ ਦੋ ਆਗੂਆਂ ਖਿਲਾਫ਼ ਗੈਂਗਰੇਪ ਦੀਆਂ ਧਾਰਾਵਾਂ ਜੋੜੀਆਂ ਗਈਆਂ ਹਨ। ਇਸ ਮਾਮਲੇ ਦੀ ਪੂਰੀ ਜਾਂਚ ਹੋਣ ਨਾਲ ਹੀ ਪੀੜਤਾਂ ਨੂੰ ਨਿਆਂ ਮਿਲ ਸਕੇਗਾ। ਕੌਮੀ ਮਹਿਲਾ ਕਮਿਸ਼ਨ ਨੇ ਵੀ ਇਹ ਗੱਲ ਉਭਾਰੀ ਹੈ ਕਿ ਇਲਾਕੇ ਵਿਚ ਡਰ ਦਾ ਮਾਹੌਲ ਹੈ ਅਤੇ ਬੱਝਵੇਂ ਰੂਪ ਵਿਚ ਵਧੀਕੀਆਂ ਕੀਤੀਆਂ ਜਾਂਦੀਆਂ ਹਨ। ਇਸ ਨੂੰ ਵੀ ਜਿਵੇਂ ਭਗਵੇਂ ਏਜੰਡੇ ਦਾ ਪਸਾਰ ਕਰਾਰ ਦੇ ਕੇ ਰੱਦ ਕਰ ਦਿੱਤਾ ਗਿਆ ਹੈ, ਉਸ ਤੋਂ ਇਹ ਭਰੋਸਾ ਪੈਦਾ ਨਹੀਂ ਹੋ ਰਿਹਾ ਕਿ ਸੂਬਾ ਸਰਕਾਰ ਇਸ ਮਾਮਲੇ ਦੀ ਨਿੱਠ ਕੇ ਜਾਂਚ ਕਰਵਾਏਗੀ।

ਇਸ ਤੋਂ ਇਲਾਵਾ ਮੁੱਖ ਮੰਤਰੀ ਨੂੰ ਮਹਿਲਾ ਕੈਦੀਆਂ ਦੀ ਦਸ਼ਾ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਜੇਲ੍ਹਾਂ ਵਿਚ ਕੈਦੀਆਂ ਦੀ ਭਰਮਾਰ ਤੋਂ ਇਲਾਵਾ ਅਦਾਲਤੀ ਮਿੱਤਰ ਨੇ ਕਾਫ਼ੀ ਸੰਖਿਆ ਵਿਚ ਮਹਿਲਾ ਕੈਦੀਆਂ ਦੇ ਗਰਭ ਧਾਰਨ ਵੱਲ ਧਿਆਨ ਦਿਵਾਇਆ ਹੈ। ਔਰਤਾਂ ਦੀਆਂ ਬੈਰਕਾਂ ਵਿਚ ਪੁਰਸ਼ ਸਟਾਫ ਦੇ ਦਾਖ਼ਲੇ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਗਈ ਹੈ।

ਇਨ੍ਹਾਂ ਸਾਰੇ ਮਾਮਲਿਆਂ ਵੱਲ ਤਰਜੀਹੀ ਆਧਾਰ 'ਤੇ ਤੁਰੰਤ ਧਿਆਨ ਦੇਣਾ ਬਣਦਾ ਹੈ ਅਤੇ ਬਿਨਾਂ ਕਿਸੇ ਕਿਸਮ ਦੀ ਸਿਆਸਤ ਤੋਂ ਜਾਂਚ-ਪੜਤਾਲ ਦਾ ਕਾਰਜ ਸਿਰੇ ਚੜ੍ਹਨਾ ਚਾਹੀਦਾ ਹੈ। ਮੁਕੰਮਲ ਜਾਂਚ ਦੇ ਆਧਾਰ 'ਤੇ ਹੀ ਪੀੜਤਾਂ ਨੂੰ ਇਨਸਾਫ਼ ਮਿਲ ਸਕੇਗਾ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾ ਸਕੇਗੀ। ਅਵਾਮ ਅੰਦਰ ਭਰੋਸੇ ਦੀ ਬਹਾਲੀ ਲਈ ਇਹ ਬੇਹੱਦ ਜ਼ਰੂਰੀ ਹੈ।

# ਖੇਤੀਬਾੜੀ ਬੁਨਿਆਦੀ ਢਾਂਚਾ ਫੰਡ: ਭਾਰਤ ਦੇ ਖੇਤੀ-ਭਵਿੱਖ ਲਈ ਇੱਕ ਉਤਪ੍ਰੇਰਕ

**ਦੀਪਕ ਪਾਰਿਕ**

ਭਾਰਤ ਦਾ ਖੇਤੀਬਾੜੀ ਖੇਤਰ, ਇਸ ਦੀ ਆਰਥਿਕਤਾ ਦੀ ਬੁਨਿਆਦ ਹੈ ਅਤੇ 55% ਤੋਂ ਵੱਧ ਆਬਾਦੀ ਦੀ ਰੋਜ਼ੀ-ਰੋਟੀ ਨੂੰ ਪ੍ਰਭਾਵਿਤ ਕਰਦਾ ਹੈ, ਜੋ ਇਸ ਨੂੰ ਰਾਸ਼ਟਰੀ ਸਮਾਜਿਕ-ਆਰਥਿਕ ਵਿਕਾਸ ਲਈ ਮਹੱਤਵਪੂਰਨ ਬਣਾਉਂਦਾ ਹੈ। ਚੀਨ ਤੋਂ ਬਾਅਦ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਖੇਤੀਬਾੜੀ ਉਤਪਾਦਕ ਹੋਣ ਦੇ ਬਾਵਜੂਦ, ਇਸ ਖੇਤਰ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਖਾਸ ਤੌਰ ×#39;ਤੇ ਵਾਢੀ ਤੋਂ ਬਾਅਦ ਦੇ ਪ੍ਰਬੰਧਨ ਅਤੇ ਬਜ਼ਾਰ ਪਹੁੰਚ ਸਬੰਧੀ। ਇਨ੍ਹਾਂ ਚੁਣੌਤੀਆਂ ਨੂੰ ਸਮਝਦੇ ਹੋਏ, ਮਾਣਯੋਗ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਸਰਕਾਰ ਨੇ ਜੁਲਾਈ, 2020 ਵਿੱਚ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏਆਈਐੱਫ) ਦੀ ਸ਼ੁਰੂਆਤ ਕੀਤੀ, ਜਿਸਦਾ ਮੰਤਵ ਬੁਨਿਆਦੀ ਢਾਂਚੇ ਨੂੰ ਵਧਾ ਕੇ, ਘਾਟੇ ਨੂੰ ਘਟਾਉਣ ਅਤੇ ਨਵਾਚਾਰ ਨੂੰ ਉਤਸ਼ਾਹਿਤ ਕਰਕੇ ਇਸ ਖੇਤਰ ਵਿੱਚ ਬਦਲਾਅ ਲਿਆਉਣਾ ਹੈ।

ਏਆਈਐੱਫ ਯੋਜਨਾ ਦੇ ਉਦੇਸ਼ ਸਪੱਸ਼ਟ ਅਤੇ ਪ੍ਰਭਾਵਸ਼ਾਲੀ ਸਨ: ਮੱਧਮ ਤੋਂ ਦੀਰਘਕਾਲੀ ਕਰਜ਼ਾ ਵਿੱਤਪੋਸ਼ਣ ਜੁਟਾਉਣਾ, ਫਾਰਮ ਗੇਟ ਬੁਨਿਆਦੀ ਢਾਂਚੇ ਨੂੰ ਵਧਾਉਣਾ, ਵਾਢੀ ਤੋਂ ਬਾਅਦ ਦੇ ਨੁਕਸਾਨ ਨੂੰ ਘਟਾਉਣਾ ਅਤੇ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਵਿੱਚ ਨਿਵੇਸ਼ ਅਤੇ ਨਵਾਚਾਰ ਨੂੰ ਉਤਸ਼ਾਹਿਤ ਕਰਨਾ। ਏਆਈਐੱਫ ਸਿਰਫ਼ ਇੱਕ ਨਿਵੇਸ਼ ਨਹੀਂ ਸੀ; ਇਹ ਤਬਦੀਲੀ ਲਈ ਵਚਨਬੱਧਤਾ ਸੀ। ਵਿੱਤੀ ਸਾਲ 2020-21 ਤੋਂ ਵਿੱਤੀ ਸਾਲ 2025-26 ਤੱਕ ਟੀਚਾਬੱਧ ਮਨਜ਼ੂਰੀ ਅਤੇ ਵੰਡ ਦੇ ਨਾਲ, ਯੋਜਨਾ ਨੂੰ ਵਿੱਤੀ ਸਹਾਇਤਾ ਤੰਤਰ ਦੇ ਮਿਸ਼ਰਣ ਵਜੋਂ ਪੇਸ਼ ਕਰਨ ਲਈ ਡਿਜ਼ਾਇਨ ਕੀਤਾ ਗਿਆ ਸੀ, ਜਿਸ ਵਿੱਚ 3% ਵਿਆਜ ਛੋਟ ਅਤੇ ਕ੍ਰੈਡਿਟ ਗਰੰਟੀ ਕਵਰੇਜ ਸ਼ਾਮਲ ਹੈ, ਜਿਸ ਨਾਲ ਪ੍ਰਗਤੀ ਅਤੇ ਵਿਕਾਸ ਲਈ ਇੱਕ ਮਜ਼ਬੂਤ ? ?ਨੀਂਹ ਤਿਆਰ ਹੋ ਸਕੇ। ਇੱਕ ਲੱਖ ਕਰੋੜ ਰੁਪਏ ਦੇ ਅਭਿਲਾਸ਼ੀ ਵਿੱਤੀ ਖਰਚੇ ਦੇ ਨਾਲ, ਇਹ ਯੋਜਨਾ ਕਿਸਾਨਾਂ, ਸਹਿਕਾਰੀ ਸਭਾਵਾਂ ਅਤੇ ਖੇਤੀ-ਉਦਮੀਆਂ ਲਈ ਨਵੇਂ ਦਿਸਹੱਦੇ ਖੋਲ੍ਹਦੇ ਹੋਏ, ਵਿਆਜ ਛੋਟ, ਕ੍ਰੈਡਿਟ ਗਾਰੰਟੀ ਅਤੇ ਲਾਭਾਂ ਦੇ ਪ੍ਰਸਾਰ ਦੀ ਪੇਸ਼ਕਸ਼ ਕਰਦੀ ਹੈ।

ਸਮੇਂ ਦੇ ਨਾਲ ਜਿਵੇਂ ਹੀ ਏਆਈਐੱਫ ਨੇ ਪ੍ਰਸਿੱਧੀ ਹਾਸਲ ਕੀਤੀ, ਭਾਰਤ ਦੇ ਖੇਤੀਬਾੜੀ ਲੈਂਡਸਕੇਪ ਵਿੱਚ ਇੱਕ ਜ਼ਿਕਰਯੋਗ ਤਬਦੀਲੀ ਦੇਖਣ ਨੂੰ ਮਿਲੀ। ਇਸ ਫੰਡ ਦੇ ਤਹਿਤ 15 ਫਰਵਰੀ, 2024 ਤੱਕ 52,671 ਪ੍ਰੋਜੈਕਟਾਂ ਲਈ 37,653 ਕਰੋੜ ਰੁਪਏ ਮਨਜ਼ੂਰ ਕੀਤੇ ਗਏ, ਜਦਕਿ 23,000 ਕਰੋੜ ਰੁਪਏ ਦੀ ਵੰਡ ਨਾਲ ਇਸ ਖੇਤਰ ਵਿੱਚ 63,580 ਕਰੋੜ ਰੁਪਏ ਦਾ ਨਿਵੇਸ਼ ਜੁਟਾਇਆ ਗਿਆ। ਪੰਜਾਬ ਦੇ ਹਰੇ-ਭਰੇ ਖੇਤਾਂ ਤੋਂ ਲੈ ਕੇ ਤਾਮਿਲਨਾਡੂ ਦੇ ਉਦਯੋਗਿਕ ਖੇਤਾਂ ਤੱਕ, ਕਸਟਮ ਹਾਇਰਿੰਗ ਸੈਂਟਰ, ਗੋਦਾਮਾਂ ਅਤੇ ਕੋਲਡ ਸਟੋਰੇਜ ਸਹੂਲਤਾਂ ਸਮੇਤ ਅਣਗਿਣਤ ਪ੍ਰੋਜੈਕਟ ਸਾਹਮਣੇ ਆਏ, ਜਿਨ੍ਹਾਂ ਵਿਚੋਂ ਹਰੇਕ ਖੇਤੀਬਾੜੀ ਦੇ ਕਾਇਆਕਲਪ ਲਈ ਦੇਸ਼ ਦੀ ਵਚਨਬੱਧਤਾ ਦਾ ਪ੍ਰਮਾਣ ਹੈ। ਏਆਈਐੱਫ ਨੇ 11,434 ਕਸਟਮ ਹਾਇਰਿੰਗ ਸੈਂਟਰ, 11,284 ਗੋਦਾਮ ਅਤੇ 1,549 ਕੋਲਡ ਸਟੋਰ ਪ੍ਰੋਜੈਕਟਾਂ ਸਮੇਤ 51,248 ਵਾਢੀ ਤੋਂ ਬਾਅਦ ਅਤੇ ਭਾਈਚਾਰਕ ਖੇਤੀ ਅਸਾਸਿਆਂ ਦੇ ਨਿਰਮਾਣ ਦੀ ਸਹੂਲਤ ਪ੍ਰਦਾਨ ਕੀਤੀ ਹੈ। ਇਹ ਬੁਨਿਆਦੀ ਢਾਂਚੇ ਦੇ ਵਿਕਾਸ ਨਾਲ ਵਾਢੀ ਤੋਂ ਬਾਅਦ ਦੇ ਨੁਕਸਾਨ ਨੂੰ ਘਟਾਉਣ ਅਤੇ ਕਿਸਾਨਾਂ ਲਈ ਮੰਡੀ ਤੱਕ ਪਹੁੰਚ ਨੂੰ ਸੁਖਾਲਾ ਬਣਾਉਣ ਵਾਲੀ ਸੀ, ਜਿਸ ਨਾਲ 11 ਐੱਲਐੱਮਟੀ ਖੁਰਾਕੀ ਅਨਾਜ ਦੀ ਅੰਦਾਜ਼ਨ ਸਾਲਾਨਾ ਬੱਚਤ ਹੋਈ ਅਤੇ ਬਾਗਬਾਨੀ ਫਸਲਾਂ ਦੀ ਪੈਦਾਵਾਰ ਤੋਂ ਬਾਅਦ ਦਾ ਨੁਕਸਾਨ 2.7 ਐੱਲਐੱਮਟੀ ਤੱਕ ਘਟਿਆ। ਇਸ ਤੋਂ ਇਲਾਵਾ, ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਏਆਈਐੱਫ ਦੇ ਤਹਿਤ ਬਣਾਏ ਗਏ ਬੁਨਿਆਦੀ ਢਾਂਚੇ ਦੇ ਕਾਰਨ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਲਈ 11-14% ਵਧੇਰੇ ਭਾਅ ਮਿਲ ਸਕਦਾ ਹੈ। ਏਆਈਐੱਫ ਦਾ ਡੂੰਘਾ ਪ੍ਰਭਾਵ ਰਿਹਾ ਹੈ। ਪਿੰਡਾਂ ਵਿੱਚ, ਜਿੱਥੇ ਅੰਨ ਭੰਡਾਰ ਭਰਨ ਲੱਗੇ, ਕੋਲਡ ਸਟੋਰਾਂ ਵਿੱਚ ਕਿਰਤ ਦੇ ਉਤਪਾਦ ਸੰਭਾਲੇ ਜਾਣ ਲੱਗੇ ਅਤੇ ਵਾਢੀ ਤੋਂ ਬਾਅਦ ਹੋਣ ਵਾਲੇ ਨੁਕਸਾਨ ਵਿੱਚ ਕਮੀ ਆਉਣ ਲੱਗੀ। ਬਿਹਤਰ ਬੁਨਿਆਦੀ ਢਾਂਚੇ ਨਾਲ ਲੈਸ ਕਿਸਾਨਾਂ ਨੇ ਦੇਖਿਆ ਕਿ ਉਨ੍ਹਾਂ ਦੀ ਉਪਜ ਨੂੰ ਵੱਧ ਭਾਅ ਮਿਲ ਰਿਹਾ ਹੈ, ਉਨ੍ਹਾਂ ਦੀ ਆਮਦਨ ਮੌਨਸੂਨੀ ਦਰਿਆਵਾਂ ਵਾਂਗ ਵਧ ਰਹੀ ਹੈ। 24,000 ਤੋਂ ਵੱਧ ਖੇਤੀ ਉੱਦਮੀਆਂ ਦੀ ਬੁਨਿਆਦ ਨਾਲ 5.1 ਲੱਖ ਤੋਂ ਵੱਧ ਰੋਜ਼ਗਾਰ ਦੇ ਮੌਕੇ ਪੈਦਾ ਕਰਕੇ ਖੁਸ਼ਹਾਲੀ ਦੇ ਯੁੱਗ ਦੀ ਸ਼ੁਰੂਆਤ ਕਰ ਦਿੱਤੀ ਹੈ।

ਇਸ ਦੇ ਪਿਛੋਕੜ ਵਿੱਚ, ਰਣਨੀਤੀਆਂ ਦੀ ਇੱਕ ਧੁਨ ਗੂੰਜਦੀ ਰਹੀ। ਆਈਏਐੱਫ ਦਾ ਔਨਲਾਈਨ ਪੋਰਟਲ ਡਿਜੀਟਲ ਸਥਾਨ ਬਣ ਗਿਆ, ਜਿੱਥੇ ਐਪਲੀਕੇਸ਼ਨਾਂ ਬਣੀਆਂ ਅਤੇ ਵਧੀਆਂ-ਫੁੱਲੀਆਂ। ਸੋਸ਼ਲ ਮੀਡੀਆ &#CI;ਤੇ ਜਾਗਰੂਕਤਾ ਮੁਹਿੰਮਾਂ ਵਿਕਸਤ ਹੋਈਆਂ, ਜਦਕਿ ਸੰਮੇਲਨਾਂ ਅਤੇ ਪ੍ਰਦਰਸ਼ਨੀਆਂ ਨੇ ਇਸ ਗੱਲ ਨੂੰ ਦੂਰ-ਦੂਰ ਤੱਕ ਫੈਲਾਇਆ। ਸਾਵਧਾਨੀਪੂਰਨ ਸੰਭਾਲੀ ਗਈ ਫਸਲ ਵਾਂਗ, ਹਰੇਕ ਪਹਿਲਕਦਮੀ ਨੇ ਯੋਜਨਾ ਦੀ ਵਧਦੀ ਸਫਲਤਾ ਵਿੱਚ ਯੋਗਦਾਨ ਪਾਇਆ। ਆਈਏਐੱਫ ਪੋਰਟਲ ×#39;ਤੇ ਲਗਭਗ 0.99 ਲੱਖ ਬੈਂਕ ਸ਼ਾਖਾਵਾਂ ਦਾ ਏਕੀਕਰਣ ਹੋਇਆ ਅਤੇ ਇਸ ਵਿੱਚ 1.27 ਲੱਖ ਰਜਿਸਟਰਡ ਬਿਨੈਕਾਰ ਹਨ, ਇਹ ਪੋਰਟਲ ਲਾਭਪਾਤਰੀਆਂ, ਕਰਜ਼ਾ ਦੇਣ ਵਾਲੀਆਂ ਸੰਸਥਾਵਾਂ ਅਤੇ ਯੋਜਨਾ ਵਿੱਚ ਸ਼ਾਮਲ ਹੋਰ ਪ੍ਰਮੁੱਖ ਹਿੱਸੇਦਾਰਾਂ ਲਈ ਇੱਕ ਏਕੀਕ੍ਰਿਤ ਮੰਚ ਵਜੋਂ ਖੜ੍ਹਾ ਹੈ। ਇਹ ਪਾਰਦਰਸ਼ਤਾ ਨੂੰ ਪ੍ਰਫੁੱਲਤ ਕਰਦੇ ਹੋਏ ਕਰਜ਼ਾ ਬਿਨੈ ਪ੍ਰਕਿਰਿਆ ਨੂੰ ਸੁਚਾਰੂ ਬਣਾਉਂਦਾ ਹੈ, ਇਹ ਯਕੀਨੀ ਬਣਾਉਂਦਾ ਹੈ ਕਿ ਸਾਰੀਆਂ ਧਿਰਾਂ ਨੂੰ ਆਪਣੀ ਵਿੱਤੀ ਗੱਲਬਾਤ ਦੇ ਲਈ ਇੱਕ ਸਹਿਜ, ਕੁਸ਼ਲ ਤੰਤਰ ਤੱਕ ਪਹੁੰਚ ਹਾਸਲ ਹੋਵੇ।

ਜਿਵੇਂ-ਜਿਵੇਂ ਆਈਏਐੱਫ ਦੀ ਕਹਾਣੀ ਪੂਰੇ ਭਾਰਤ ਦੇ ਖੇਤੀਬਾੜੀ ਦ੍ਰਿਸ਼ ਵਿੱਚ ਸਾਹਮਣੇ ਆਉਂਦੀ ਹੈ, ਇਹ ਉਮੀਦ ਅਤੇ ਤਰੱਕੀ ਦੀ ਕਹਾਣੀ ਬੁਣਦੀ ਹੈ। ਬੇਹਤਰ ਬੁਨਿਆਦੀ ਢਾਂਚੇ, ਘਾਟੇ ਵਿੱਚ ਕਮੀ ਅਤੇ ਸਸ਼ਕਤ ਕਿਸਾਨਾਂ ਵਲੋਂ ਚਿੰਨ੍ਹਿਤ ਯੋਜਨਾ ਦੀ ਵਿਰਾਸਤ ਇੱਕ ਅਜਿਹੇ ਭਵਿੱਖ ਦਾ ਵਾਅਦਾ ਕਰਦੀ ਹੈ, ਜਿੱਥੇ ਭਾਰਤ ਵਿੱਚ ਖੇਤੀਬਾੜੀ ਸਿਰਫ਼ ਹੋਂਦ ਦਾ ਸਾਧਨ ਨਹੀਂ, ਸਗੋਂ ਇੱਕ ਪ੍ਰਫੁੱਲਤ, ਜੀਵੰਤ ਖੇਤਰ ਹੈ। ਅਤੇ ਇਸ ਭਵਿੱਖ ਵਿੱਚ, ਜਿਵੇਂ ਹੀ ਸੂਰਜ ਖੇਤਾਂ ਵਿੱਚ ਚੜ੍ਹਦਾ ਹੈ, ਇਹ ਤਬਦੀਲ ਜ਼ਮੀਨ ਨੂੰ ਰੌਸ਼ਨ ਕਰਦਾ ਹੈ, ਜੋ ਕਿ ਖੇਤੀਬਾੜੀ ਬੁਨਿਆਦੀ ਢਾਂਚੇ ਦੇ ਫੰਡ ਦੇ ਪਾਣੀ ਨਾਲ ਸਿੰਜਿਆ ਭਾਰਤ ਅਤੇ ਇਸ ਦੇ ਕਿਸਾਨਾਂ ਦੀ ਸਥਾਈ ਭਾਵਨਾ ਦਾ ਇੱਕ ਪ੍ਰਮਾਣ ਹੈ।

ਲੇਖਕ ਬਾਰੇ ਦੀਪਕ ਪਾਰੀਕ ਇੱਕ ਖੇਤੀ ਅਰਥ ਸ਼ਾਸਤਰੀ, ਇੱਕ ਸੀਰੀਅਲ ਉੱਦਮੀ, ਨਿਵੇਸ਼ਕ ਅਤੇ ਖੇਤੀ ਤਕਨਾਲੋਜੀ ਖੇਤਰ ਵਿੱਚ ਈਕੋਸਿਸਟਮ ਨਿਰਮਾਤਾ ਹੈ। ਉਨ੍ਹਾਂ ਕੋਲ ਵੱਖ-ਵੱਖ ਪ੍ਰੋਜੈਕਟਾਂ ×#39;ਤੇ 34 ਦੇਸ਼ਾਂ ਵਿੱਚ ਕੰਮ ਕਰਨ ਦਾ 25 ਸਾਲਾਂ ਦਾ ਭਿੰਨਤਾ ਵਾਲਾ ਤਜਰਬਾ ਹੈ। ਉਹ ਵਿਸ਼ਵ ਆਰਥਿਕ ਮੰਚ, ਯੂਐੱਨਡੀਪੀ ਅਤੇ ਵੱਖ-ਵੱਖ ਆਲਮੀ ਸੰਸਥਾਵਾਂ ਵੱਲੋਂ ਸਨਮਾਨਿਤ ਟੈਕਨੋਕਰੇਟ ਹਨ। ਉਹ ਖੇਤੀਬਾੜੀ ਅਤੇ ਤਕਨਾਲੋਜੀ ਖੇਤਰ ਵਿੱਚ ਵੱਖ-ਵੱਖ ਨਿੱਜੀ, ਜਨਤਕ ਅਤੇ ਬਹੁਪੱਖੀ ਸੰਸਥਾਵਾਂ ਨੂੰ ਵੀ ਸਲਾਹ ਦਿੰਦੇ ਹਨ।

# ਦੁਧਾਰੂ ਪਸ਼ੂ ਮਰਨ ਦਾ ਮਾਮਲਾ: ਵਿਭਾਗ ਦੀਆਂ ਟੀਮਾਂ ਵੱਲੋਂ ਪੰਜ ਪਿੰਡਾਂ ਦਾ ਦੌਰਾ; ਪਸ਼ੂਆਂ ਦੇ ਨਮੂਨੇ ਲਏ; ਮੁੱਢਲੀ ਜਾਂਚ ਵਿੱਚ ਮੌਤ ਦਾ ਕਾਰਨ ਠੰਢ ਦੱਸਿਆ

**ਮਾਨਸਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤਰ ਵਿੱਚ ਦੁਧਾਰੂ ਪਸ਼ੂ ਮਰਨ ਦਾ ਮਾਮਲਾ ਚੰਡੀਗੜ੍ਹ ਤੱਕ ਪੁੱਜ ਗਿਆ ਹੈ। ਜਾਣਕਾਰੀ ਅਨੁਸਾਰ ਅੱਜ ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਜੀ.ਐਸ ਬੇਦੀ ਦੀ ਅਗਵਾਈ ਵਿੱਚ ਵਿਭਾਗ ਟੀਮ ਵੱਲੋਂ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਗਿਆ।

ਡਾ. ਰਵੀ ਕਾਂਤ, ਡਾ. ਨਿਰਮਜੀਤ ਵੀਕਾ, ਡਾ. ਪਰਵਿੰਦਰ ਕੌਰ ਦੀ ਅਗਵਾਈ ਹੇਠ ਐੱਨਆਰਡੀ ਡੀਐੱਲ ਜਲੰਧਰ ਅਤੇ ਗਡਵਾਸੂ ਲੁਧਿਆਣਾ ਦੀਆਂ ਟੀਮਾਂ ਨੇ ਪਿੰਡ ਖਿਆਲਾ ਕਲਾਂ, ਮਲਕਪੁਰ ਖਿਆਲਾ, ਖਿਆਲਾ ਖੁਰਦ, ਰੱਲਾ ਅਤੇ ਬੁਰਜ ਹਰੀ ਦਾ ਦੌਰਾ ਕੀਤਾ।



ਖਿਆਲਾ ਕਲਾਂ ਵਿੱਚ ਪਸ਼ੂ ਪਾਲਕਾਂ ਨਾਲ ਗੱਲਬਾਤ ਕਰਦੇ ਹੋਏ ਵਿਭਾਗ ਦੇ ਅਧਿਕਾਰੀ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

ਪਿੰਡ ਖਿਆਲਾ ਮਲਕਪੁਰ ਦੇ ਅਮਰੀਕ ਸਿੰਘ, ਗੁਰਦੀਪ ਸਿੰਘ, ਬਲਕਾਰ ਸਿੰਘ ਤੇ ਸਿਮਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪਿੰਡਾਂ ਦੇ ਸੈਂਕੜੇ ਪਸ਼ੂਆਂ ਦੀ ਮੌਤ ਦਾ ਕਾਰਨ ਸਮੇਂ ਸਿਰ ਵੈਕਸੀਨ ਨਾ ਲੱਗਣਾ ਅਤੇ ਸਮੇਂ ਸਿਰ ਸਹੀ ਇਲਾਜ ਨਾ ਹੋਣਾ ਹੈ। ਪਿੰਡਾਂ ਦੇ ਲੋਕਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਲਗਾਤਾਰ ਹੋਈਆਂ ਮੌਤਾਂ ਦੀ ਪੜਤਾਲ ਲਈ ਪੁੱਜੀਆਂ ਟੀਮਾਂ ਨੇ ਮੌਤ ਦੇ ਕਾਰਨ ਜਾਣਨ ਲਈ ਮ੍ਰਿਤਕ ਪਸ਼ੂਆਂ ਦੇ ਨਮੂਨੇ ਵੀ ਲਏ। ਵਿਭਾਗ ਦੇ ਡਾਇਰੈਕਟਰ ਡਾ. ਬੇਦੀ ਨੇ ਦੱਸਿਆ ਕਿ ਪਿੰਡ ਵਾਸੀਆਂ ਵੱਲੋਂ ਦੱਸੇ ਲੱਛਣਾਂ ਮੁਤਾਬਿਕ ਪਸ਼ੂਆਂ ਦੀ ਮੌਤ ਦਾ ਵੱਡਾ ਕਾਰਨ ਲੰਬਾਂ ਸਮਾਂ ਪਈ ਠੰਢ ਅਤੇ ਧੁੱਪ ਨਾ ਨਿਕਲਣਾ ਹੈ।

ਉਨ੍ਹਾਂ ਦੱਸਿਆ ਕਿ ਮੁੱਢਲੇ ਨਮੂਨਿਆਂ ਦੀ ਰਿਪੋਰਟ ਦੱਸਦੀ ਹੈ ਕਿ ਪਸ਼ੂਆਂ ਦੇ ਸਰੀਰ ਵਿੱਚ ਨਾਈਟ੍ਰੇਟ ਦੀ ਜ਼ਿਆਦਾ ਮਾਤਰਾ ਦੇ ਅੰਸ਼ ਵੀ ਮੌਤ ਦਾ ਕਾਰਨ ਬਣ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਨਾਈਟ੍ਰੇਟ ਦੀ ਮਾਤਰਾ ਪਸ਼ੂਆਂ ਦੇ ਹਰੇ-ਚਾਰੇ ਵਿੱਚ ਯੂਰੀਆ ਖਾਦ ਦੀ ਜ਼ਿਆਦਾ ਵਰਤੋਂ ਕਰਕੇ ਵਧ ਜਾਂਦੀ ਹੈ। ਉਨ੍ਹਾਂ ਹੋਰਨਾਂ ਪਸ਼ੂਆਂ ਦੇ ਬਚਾਅ ਲਈ ਸਲਾਹ ਦਿੰਦਿਆਂ ਕਿਹਾ ਕਿ ਬਿਮਾਰ ਪਸ਼ੂਆਂ ਨੂੰ ਤੰਦਰੁਸਤ ਪਸ਼ੂਆਂ ਤੋਂ ਦੂਰ ਰੱਖਿਆ ਜਾਵੇ ਅਤੇ ਪਸ਼ੂਆਂ ਹੇਠ ਪਰਾਲੀ ਵਿਛਾਕੇ ਨਿੱਘ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਪਸ਼ੂਆਂ ਦੀ ਖਰੀਦ ਵੇਚ ਅਤੇ ਦੋਧੀਆਂ ਸਮੇਤ ਹਰ ਬਾਹਰਲੇ ਬੰਦੇ ਦਾ ਦਾਖ਼ਲਾ ਬੰਦ ਕੀਤਾ ਜਾਵੇ। ਉਨ੍ਹਾਂ ਪਸ਼ੂਆਂ ਦੀ ਸਿਹਤਯਾਬੀ ਲਈ ਜ਼ਿਲ੍ਹਾ ਹੈਡਕੁਆਰਟਰ 'ਤੇ ਦਵਾਈਆਂ ਖਰੀਦਣ ਦੇ ਹੁਕਮ ਦੇ ਦਿੱਤੇ ਹਨ ਤੇ ਨਾਲ ਹੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੋਈ ਵੀ ਦਵਾਈ ਬਾਜ਼ਾਰੋਂ ਨਾ ਖਰੀਦਣ ਤੇ ਸਰਕਾਰੀ ਹਸਪਤਾਲਾਂ ਤੋਂ ਮੁਫ਼ਤ ਲੈਣ।

# ਚੀਫ਼ ਖ਼ਾਲਸਾ ਦੀਵਾਨ ਦੀ ਜੇਤੂ ਟੀਮ ਨੇ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ

**ਅੰਮ੍ਰਿਤਸਰ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਦੀਆਂ ਹੋਈਆਂ ਚੋਣਾਂ ਵਿੱਚ ਵੱਡੀ ਜਿੱਤ ਪ੍ਰਾਪਤ ਕਰਨ ਮਗਰੋਂ ਦੀਵਾਨ ਦੇ ਮੁੜ ਪ੍ਰਧਾਨ ਬਣੇ ਡਾ. ਇੰਦਰਬੀਰ ਸਿੰਘ ਨਿੱਝਰ ਨੇ ਆਪਣੀ ਜੇਤੂ ਟੀਮ ਨਾਲ ਸ਼ਾਮ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ੁਕਰਾਨੇ ਵਜੋਂ ਮੱਥਾ ਟੇਕਿਆ। ਡਾ. ਨਿੱਝਰ ਨੇ ਟੀਮ ਸਮੇਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਦੌਰਾਨ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੀ ਚੜ੍ਹਦੀ ਕਲਾ, ਸਿੱਖੀ ਦੇ ਪ੍ਰਚਾਰ ਅਤੇ ਬੱਚਿਆਂ ਦੇ ਲਈ ਵਿੱਦਿਆ ਦੇ ਪ੍ਰਸਾਰ ਨੂੰ ਹੋਰ ਬੁਲੰਦੀਆਂ ਤੱਕ ਪਹੁੰਚਾਉਣ ਵਾਸਤੇ ਬਲ ਦੇਣ ਦੀ ਅਰਦਾਸ ਕੀਤੀ।



ਇਸ ਮੌਕੇ ਨਵੇਂ ਬਣੇ ਮੀਤ ਪ੍ਰਧਾਨ ਜਗਜੀਤ ਸਿੰਘ ਤੇ ਸੰਤੋਖ ਸਿੰਘ ਸੇਠੀ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਤੇ ਰਮਣੀਕ ਸਿੰਘ ਫਰੀਡਮ ਮੌਜੂਦ ਸਨ। ਦੱਸਣਯੋਗ ਹੈ ਕਿ ਬੀਤੇ ਦਿਨ ਹੋਈ ਚੋਣ ਵਿੱਚ ਨਿੱਝਰ ਗਰੁੱਪ ਦੇ 5 ਉਮੀਦਵਾਰ ਜਿੱਤੇ ਸਨ ਅਤੇ ਦੀਵਾਨ ਬਚਾਉ ਫਰੰਟ ਦਾ ਇੱਕ ਉਮੀਦਵਾਰ ਜਿੱਤਿਆ ਸੀ।

ਇਸ ਮੌਕੇ ਸੁਖਜਿੰਦਰ ਸਿੰਘ ਪ੍ਰਿੰਸ, ਭਗਵੰਤ ਪਾਲ ਸਿੰਘ ਸੱਚਰ, ਜਗਦੀਪ ਸਿੰਘ ਰਿੰਕੂ, ਜਸਪਾਲ ਸਿੰਘ, ਤਰਲੋਚਨ ਸਿੰਘ, ਹਰਮਨਜੀਤ ਸਿੰਘ ਅਮਰਦੀਪ ਸਿੰਘ ਰਾਜੇਵਾਲ, ਸਬਜੋਤ ਸਿੰਘ ਸਾਹਨੀ, ਭੁਰਪਰ ਸਿੰਘ ਤੇ ਮਨਪ੍ਰੀਤ ਸਿੰਘ ਮੌਜੂਦ ਸਨ।

# ਹੰਸਰਾਜ ਹੰਸ 'ਤੇ ਲੱਗੇ ਗੰਭੀਰ ਦੋਸ਼, ਬਾਪੂ ਲਾਲ ਬਾਦਸ਼ਾਹ ਡੇਰੇ ਦੇ ਚੜ੍ਹਾਵੇ 'ਚ ਹੋਈ ਧੋਖਾਧੜੀ !

**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਲਮਸਤ ਬਾਪੂ ਲਾਲ ਬਾਦਸ਼ਾਹ ਦਰਬਾਰ ਨਕੋਦਰ ਦੇ ਗੱਦੀਨਸ਼ੀਨ ਸਾਈਂ ਅਤੇ ਭਾਜਪਾ ਦੇ ਦਿੱਲੀ ਤੋਂ ਸੰਸਦ ਮੈਂਬਰ ਹੰਸਰਾਜ ਹੰਸ ਅਤੇ ਕਾਬਜ਼ ਪ੍ਰਬੰਧਕ ਕਮੇਟੀ 'ਤੇ ਫਰਜ਼ੀ ਬਿੱਲਾਂ ਦੀ ਆੜ 'ਚ ਡੇਰੇ ਦੇ ਫੰਡਾਂ ਦੀ ਦੁਰਵਰਤੋਂ ਕਰਨ ਦੇ ਗੰਭੀਰ ਦੋਸ਼ ਲਾਉਂਦਿਆਂ ਕੁੰਦਨ ਸਾਈਂ, ਆਲ ਪੰਜਾਬ ਟਰੱਕ ਆਪ੍ਰੇਟਰ ਯੂਨੀਅਨ ਦੇ ਸੂਬਾ ਪ੍ਰਧਾਨ ਹੈਪੀ ਸੰਧੂ, ਹਰੀਮਿੱਤਲ ਸੋਂਧੀ ਸਾਬਕਾ ਐੱਮ.ਸੀ., ਪੁਰਸ਼ੋਤਮ ਲਾਲ ਬਿੱਟੂ, ਟਿੰਮੀ ਗਿੱਲ, ਡਿੰਪਲ ਗਿੱਲ ਅਤੇ ਹੋਰਨਾਂ ਨੇ ਅੱਜ ਡਿਪਟੀ ਕਮਿਸ਼ਨਰ ਅਤੇ ਐੱਸ.ਪੀ. ਦਿਹਾਤੀ ਨੂੰ ਸ਼ਿਕਾਇਤ ਪੱਤਰ ਸੌਂਪਣ ਉਪਰੰਤ ਇਕ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਇਸ ਡੇਰੇ ਦੀ ਜ਼ਮੀਨ ਰਿਸ਼ੀ ਨਗਰ ਦੀ ਹੈ ਤੇ ਉਹ ਲੋਕ ਡੇਰੇ ਦੀ ਪਿਛਲੇ 20 ਸਾਲਾਂ ਤੋਂ ਸੇਵਾ ਕਰਦੇ ਆ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਾਲ 2022 ਵਿਚ ਆਪੇ ਬਣੀ ਕਮੇਟੀ ਦੇ ਗਠਨ ਤੋਂ ਬਾਅਦ ਡੇਰੇ ਦੇ ਖਾਤੇ ਵਿਚ ਫਰਜ਼ੀ ਬਿੱਲ ਪਾ ਕੇ ਭਾਰੀ ਧਾਂਦਲੀ ਕੀਤੀ ਜਾ ਰਹੀ ਹੈ। ਸਭ ਤੋਂ ਵੱਡੀ ਧਾਂਦਲੀ ਇਹ ਹੈ ਕਿ ਡੇਰੇ ਦੇ ਖਾਤੇ ਵਿਚ ਫਰਜ਼ੀ ਬਿੱਲ ਪਾ ਕੇ ਲੋਕਾਂ ਦੇ ਚੜ੍ਹਾਵੇ ਨਾਲ ਇਕੱਤਰ ਫੰਡਾਂ ਵਿਚ ਲੱਖਾਂ ਦੀ ਧੋਖਾਧੜੀ ਕੀਤੀ ਜਾ ਰਹੀ ਹੈ। ਸਭ ਤੋਂ ਵੱਡੀ ਧੋਖਾਧੜੀ 21 ਮਈ 2022 ਨੂੰ ਰਾਜਸਥਾਨ ਦੀ ਇਕ ਫਰਮ ਨਾਲ ਮਿਲ ਕੇ ਕੀਤੀ ਗਈ।

ਉਨ੍ਹਾਂ ਕਿਹਾ ਕਿ ਦਰਬਾਰ ਵਿਚ ਲਾਉਣ ਲਈ 14,18,350 ਰੁਪਏ ਦਾ ਮਾਰਬਲ ਟਰੱਕ ਨੰਬਰ ਆਰ ਜੇ 47 ਜੀ ਏ-0289 ਜ਼ਰੀਏ ਨਕੋਦਰ ਭੇਜਿਆ



ਗਿਆ ਪਰ 24 ਮਈ 2023 ਨੂੰ ਨਿਊ ਰਾਜਸਥਾਨ ਮਾਰਬਲ ਨਕੋਦਰ ਨੇ ਉਸੇ ਮਾਰਬਲ ਦਾ 23,13,980 ਰੁਪਏ ਦਾ ਬਿੱਲ ਦੇ ਕੇ ਸਿੱਧੇ ਤੌਰ 'ਤੇ ਲਗਭਗ 9 ਲੱਖ ਰੁਪਏ ਦੀ ਠੱਗੀ ਕੀਤੀ ਹੈ। ਇਸੇ ਤਰ੍ਹਾਂ 31 ਜੁਲਾਈ 2023 ਨੌਹਰੀਆਂ ਰਾਮ ਧੀਰ ਜਿਊਲਰਜ਼ ਤੋਂ 2 ਬਿੱਲਾਂ ਜ਼ਰੀਏ 3,53,034 ਰੁਪਏ ਕੀਮਤ ਦਾ ਇਕ ਸੋਨੇ ਦਾ ਬ੍ਰੈਸਲੇਟ ਅਤੇ 52,689 ਰੁਪਏ ਦੇ ਸਾਮਾਨ ਦੀ ਖਰੀਦ ਤੋਂ ਇਲਾਵਾ ਇਕ ਹੋਰ ਜਿਊਲਰਜ਼ ਤੋਂ 4,42,900 ਰੁਪਏ ਦਾ ਸੋਨਾ ਖਰੀਦਿਆ ਗਿਆ।

ਉਨ੍ਹਾਂ ਦੋਸ਼ ਲਾਇਆ ਕਿ ਕਮੇਟੀ ਦੇ ਮੈਂਬਰਾਂ ਨੇ ਸਾਲਾਨਾ ਮੇਲੇ ਦੌਰਾਨ ਬ੍ਰੈਸਲੇਟ ਹੰਸਰਾਜ ਹੰਸ ਨੂੰ ਪਹਿਨਾਇਆ ਸੀ ਪਰ ਬਾਕੀ ਸੋਨਾ ਕੀ ਸੀ ਅਤੇ ਕਿਸ ਨੂੰ ਦਿੱਤਾ ਗਿਆ, ਉਸਦਾ ਕੋਈ ਵਰਣਨ ਨਹੀਂ ਹੈ। ਇੰਨਾ ਹੀ ਨਹੀਂ, ਡੇਰੇ ਦੇ ਖਰਚੇ 'ਤੇ ਹੋਟਲ 'ਚ ਕਮਰਾ ਬੁੱਕ ਕਰਵਾਉਣ ਦੇ ਬਿੱਲਾਂ ਵਿਚ ਵੀ ਫਰਜ਼ੀਵਾੜਾ ਸਾਹਮਣੇ ਆਇਆ ਹੈ। ਹੋਟਲ ਦੇ ਰਿਕਾਰਡ ਵਿਚ ਕਮਰਾ ਬੁੱਕ ਕਰਵਾਉਣ ਵਾਲੀ ਕੰਪਨੀ ਅਤੇ ਗੈਸਟ ਦੋਵਾਂ ਦਾ ਨਾਂ ਅਲਮਸਤ ਬਾਪੂ ਲਾਲ ਬਾਦਸ਼ਾਹ ਦਰਬਾਰ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੰਸਰਾਜ ਹੰਸ ਸਾਲ 2008 ਵਿਚ ਉਨ੍ਹਾਂ ਕੋਲ ਆਏ ਅਤੇ ਉਨ੍ਹਾਂ ਨੂੰ ਕਮੇਟੀ ਵਿਚ ਸ਼ਾਮਲ ਕਰਨ ਦੀ ਬੇਨਤੀ ਕਰਦਿਆਂ ਡੇਰੇ ਨੂੰ ਬੁਲੰਦੀਆਂ 'ਤੇ ਲਿਜਾਣ ਦਾ ਭਰੋਸਾ ਦਿੱਤਾ ਪਰ ਅੱਜ ਤਕ ਹੰਸਰਾਜ ਹੰਸ ਨੇ ਡੇਰੇ ਦੇ ਵਿਕਾਸ ਵਿਚ ਆਪਣੇ ਵੱਲੋਂ ਇਕ ਪੈਸਾ ਵੀ ਖਰਚ ਨਹੀਂ ਕੀਤਾ।

ਕੁੰਦਨ ਸਾਈਂ, ਹੈਪੀ ਸੰਧੂ ਅਤੇ ਹੋਰਨਾਂ ਨੇ ਦੋਸ਼ ਲਾਇਆ ਕਿ ਇਹ ਸਾਰਾ ਫਰਜ਼ੀਵਾੜਾ ਹਲਕਾ ਵਿਧਾਇਕਾ ਇੰਦਰਜੀਤ ਕੌਰ ਮਾਨ ਦੀ ਛਤਰ-ਛਾਇਆ ਵਿਚ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਕਮੇਟੀ ਦੀ ਚੋਣ ਵਿਚ ਵਿਧਾਇਕਾ ਮਾਨ ਨੇ ਆਪਣੀ ਤਾਕਤ ਦੀ ਵਰਤੋਂ ਕਰ ਕੇ ਚੋਣ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਕਿਹਾ ਕਿ ਧਾਰਮਿਕ ਸਥਾਨਾਂ 'ਤੇ ਸਿਰੋਪਾਓ ਭੇਟ ਕਰਦੇ ਤਾਂ ਸੁਣਿਆ ਸੀ ਪਰ ਸੋਨੇ ਦੇ ਗਹਿਣੇ ਪਹਿਨਾਉਣਾ ਪਹਿਲੀ ਵਾਰ ਦੇਖਿਆ ਹੈ। ਉਨ੍ਹਾਂ ਕਿਹਾ ਕਿ ਹੁਣ ਮਿਹਨਤ ਕਰ ਕੇ ਰੋਜ਼ੀ-ਰੋਟੀ ਕਮਾਉਣ ਵਾਲੇ ਰਿਸ਼ੀ ਨਗਰ ਦੇ ਲੋਕਾਂ ਨੂੰ ਹੀ ਡਰਾਇਆ-ਧਮਕਾਇਆ ਜਾ ਰਿਹਾ ਹੈ।

ਉਕਤ ਲੋਕਾਂ ਨੇ ਮੰਗ ਕੀਤੀ ਕਿ ਇਸ ਸਭ ਲਈ ਸੰਸਦ ਮੈਂਬਰ ਹੰਸਰਾਜ ਹੰਸ ਅਤੇ ਵਿਧਾਇਕਾ ਇੰਦਰਜੀਤ ਕੌਰ ਮਾਨ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਲੱਖਾਂ ਰੁਪਏ ਦੀ ਹੇਰਾਫੇਰੀ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਅਤੇ ਮੁਲਜ਼ਮਾਂ ਖ਼ਿਲਾਫ਼ ਉਚਿਤ ਕਾਰਵਾਈ ਕੀਤੀ ਜਾਵੇ।

# 1.50 ਕਰੋੜ ਨਾਲ ਸਰਕਾਰੀ ਆਦਰਸ਼ ਸਕੂਲ ਵਿੱਚ ਬਣੇਗਾ ਹਾਕੀ ਐਸਟ੍ਰੋਟਰਫ ਤੇ ਸੂਟਿੰਗ ਰੇਜ਼ : ਹਰਜੋਤ ਬੈਂਸ

**➢ ਸਿੱਖਿਆ ਮੰਤਰੀ ਵੱਲੋਂ ਸਰਕਾਰੀ ਆਦਰਸ਼ ਸਕੂਲ ਨੂੰ ਸਕੂਲ ਆਂਫ ਬ੍ਰਿਲੀਐਂਸ ਬਣਾਉਣ ਦਾ ਐਲਾਨ**
**➢ ਹਲਕੇ ਦੇ ਵਿਸੇਸ਼ ਦੌਰਿਆਂ ਦੌਰਾਨ ਸਿੱਖਿਆ ਮੰਤਰੀ ਨੇ 100 ਸੇਵਾ ਕੈਂਪਾਂ ਵਿੱਚ ਕੀਤੀ ਸਮੂਲੀਅਤ**

**ਸ੍ਰੀ ਅਨੰਦਪੁਰ ਸਾਹਿਬ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਮੰਤਰੀ ਸ.ਹਰਜੋਤ ਸਿੰਘ ਬੈਂਸ ਨੇ ਕਿਹਾ ਹੈ ਕਿ ਸਰਕਾਰੀ ਆਦਰਸ਼ ਸੀਨੀ.ਸੈਕੰ.ਸਕੂਲ ਲੋਦੀਪੁਰ ਸ੍ਰੀ ਅਨੰਦਪੁਰ ਸਾਹਿਬ ਨੂੰ ਸਕੂਲ ਆਫ ਬ੍ਰਿਲੀਐਂਸ ਬਣਾਇਆ ਜਾਵੇਗਾ, ਇਸ ਲਈ 2.50 ਕਰੋੜ ਰੁਪਏ ਦੀ ਲਾਗਤ ਨਾਲ ਸਕੂਲ ਦੀ ਇਮਾਰਤ ਦੀ ਨੁਹਾਰ ਬਦਲੀ ਜਾਵੇਗੀ। ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਂਸ ਹੋਣ ਜਾ ਰਹੇ ਆਦਰਸ਼ ਸਕੂਲ ਵਿੱਚ 1.50 ਕਰੋੜ ਦੀ ਲਾਗਤ ਨਾਲ ਰੂਪਨਗਰ ਜਿਲ੍ਹੇ ਦਾ ਪਹਿਲਾ ਹਾਕੀ ਐਸਟ੍ਰੋਟਰਫ ਤੇ ਸੂਟਿੰਗ ਰੇਜ਼ ਬਣੇਗੀ।



ਲਗਾਤਾਰ 14 ਵੇਂ ਦਿਨ ਆਪਣੇ ਵਿਧਾਨ ਸਭਾ ਹਲਕੇ ਦੇ ਵੱਖ ਵੱਖ ਪਿੰਡਾਂ ਅਤੇ ਸ਼ਹਿਰਾ ਦੇ ਦੌਰੇ ਦੌਰਾਨ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਅੱਜ ਸੰਸਾਰ ਵਿੱਚ ਚੱਲ ਰਹੇ ਮੁਕਾਬਲੇਬਾਜੀ ਦੇ ਦੌਰ ਵਿੱਚ ਸਾਡੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਕਾਨਵੈਂਟ ਅਤੇ ਮਾਡਲ ਸਕੂਲਾਂ ਦੇ ਵਿਦਿਆਰਥੀਆਂ ਨੂੰ ਪਛਾੜ ਰਹੇ ਹਨ।

ਸਾਡੇ ਸਰਕਾਰੀ ਸਕੂਲਾਂ ਵਿੱਚ ਵਿਸ਼ਵ ਪੱਧਰ ਦੀਆਂ ਸਹੂਲਤਾਂ ਉਪਲੱਬਧ ਕਰਵਾਈਆਂ ਜਾ ਰਹੀਆਂ ਹਨ, ਦਾਖਲਾ ਮੁਹਿੰਮ ਨੂੰ ਭਰਵਾ ਹੁੰਗਾਰਾ ਮਿਲ ਰਿਹਾ ਹੈ, ਅਧਿਆਪਕ ਭਰਤੀ ਕੀਤੇ ਜਾ ਰਹੇ ਹਨ, ਕਰੋੜਾ ਰੁਪਏ ਦੀ ਲਾਗਤ ਨਾਲ ਸਕੂਲ ਆਂਫ ਐਮੀਨੈਂਸ ਬਣਾਏ ਜਾ ਰਹੇ ਹਨ, ਲੜਕੀਆਂ ਨੂੰ ਸਕੂਲ ਆਉਣ ਜਾਣ ਲਈ ਟ੍ਰਾਸਪੋਰਟ ਦੀ ਸਹੂਲਤ, ਸਕੂਲਾਂ ਵਿਚ ਕੈਂਪਸ ਮੈਨੇਜਰ, ਸੁਰੱਖਿਆ ਗਾਰਡ, ਚੌਂਕੀਦਾਰ, ਸੇਵਾਦਾਰ ਭਰਤੀ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਹਜ਼ਾਰਾ ਸਕੂਲਾਂ ਦੀ ਚਾਰਦੀਵਾਰੀ, ਕਲਾਸਰੂਮ, ਪਖਾਨੇ, ਲੈਬੋਰਟਰੀਆਂ ਤੇ ਲੋੜੀਦਾ ਫਰਨੀਚਰ ਉਪਲੱਬਧ ਕਰਵਾਈਆ ਜਾ ਰਿਹਾ ਹੈ।

ਸਿੱਖਿਆ ਕ੍ਰਾਂਤੀ ਵਿਚ ਹੋਏ ਜਿਕਰਯੋਗ ਸੁਧਾਰ ਬਾਰੇ ਸ.ਬੈਂਸ ਨੇ ਕਿਹਾ ਕਿ ਅੱਜ ਸਾਡੇ ਸਕੂਲਾਂ ਦੇ ਪ੍ਰਿੰਸੀਪਲ ਵਿਦੇਸ਼ਾ ਵਿਚ ਸਿੱਖਿਆ ਪ੍ਰਾਪਤ ਕਰ ਰਹੇ ਹਨ, ਹੈਡਮਾਸਟਰ ਸਾਡੇ ਦੇਸ਼ ਦੇ ਨਾਮਵਰ ਸਥਾਨਾ ਵਿੱਚ ਸਿਖਲਾਈ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਸਾਡੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆ ਜਪਾਨ ਤੇ ਚੰਦਰਯਾਨ-3 ਦੀ ਲਾਚਿੰਗ ਲਈ ਜਾ ਰਹੇ ਹਨ ,ਇਹ ਪੰਜਾਬ ਦੇ ਸਿੱਖਿਆ ਢਾਚੇ ਵਿਚ ਹੋ ਰਹੇ ਸੁਧਾਰ ਦੀ ਮੂੰਹ ਬੋਲਦੀ ਤਸਵੀਰ ਹੈ।

ਸਿਹਤ ਸਹੂਲਤਾਂ ਵਿਚ ਹੋਏ ਸੁਧਾਰ ਦਾ ਜਿਕਰ ਕਰਦੇ ਹੋਏ ਸ.ਬੈਂਸ ਨੇ ਕਿਹਾ ਕਿ ਅਲਟ੍ਰਾਸਾਊਡ ਵਰਗੇ ਮਹਿੰਗੇ ਟੈਂਸਟ ਹੁਣ ਸਰਕਾਰੀ ਹਸਪਤਾਲ ਦੀ ਪਰਚੀ ਨਾਲ ਇੰਮਪੈਨਲਡ ਪ੍ਰਾਈਵੇਟ ਸਕੈਨ ਸੈਂਟਰਾਂ ਵਿਚ ਹੋ ਰਹੇ ਹਨ। ਐਕਸ-ਰੇ, ਦਵਾਈਆ, ਇਲਾਜ, ਟੈਸਟ ਦੀ ਸਹੂਲਤ ਮੁਫਤ ਮਿਲ ਰਹੀ ਹੈ, ਆਮ ਆਦਮੀ ਕਲੀਨਿਕ ਲੋਕਾਂ ਦੇ ਘਰਾਂ ਨੇੜੇ ਇਲਾਜ ਦੀ ਮਿਆਰੀ ਸਹੂਲਤ ਦੇ ਰਹੇ ਹਨ, ਹਰ ਘਰੇਲੂ ਬਿਜਲੀ ਖਪਤਕਾਰ ਨੂੰ ਮੁਫਤ ਬਿਜਲੀ ਦੀ ਸਹੂਲਤ ਦਿੱਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ 1076 ਉਤੇ ਸੇਵਾ ਸੁਰੂ ਹੋਣ ਨਾਲ 44 ਤਰਾਂ ਦੀਆਂ ਸੇਵਾਵਾਂ ਲੋਕਾਂ ਨੂੰ ਘਰਾਂ ਵਿਚ ਮਿਲ ਰਹੀਆਂ ਹਨ, ਜਿਸ ਦੇ ਲਈ ਸਰਕਾਰੀ ਅਧਿਕਾਰੀ/ਕਰਮਚਾਰੀ ਲੋਕਾਂ ਤੋ ਮੁਲਾਕਾਤ ਦਾ ਸਮਾਂ ਲੈ ਕੇ ਉਨ੍ਹਾਂ ਦੇ ਘਰ ਪਹੁੰਚਦੇ ਹਨ। ਉਨ੍ਹਾਂ ਨੈ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਇਮਾਨਦਾਰ ਸਰਕਾਰ ਨੇ ਸੂਬੇ ਦੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਹਨ, ਆਪਣੇ ਸ੍ਰੀ ਅਨੰਦਪੁਰ ਸਾਹਿਬ ਦੇ ਵੱਖ ਵੱਖ ਵਾਰਡਾਂ ਦੇ ਦੌਰੇ ਦੌਰਾਨ ਉਨ੍ਹਾਂ ਅੱਜ ਆਪਣੀ 100 ਸੇਵਾ ਕੈਂਪਾਂ ਵਿਚ ਹਾਜ਼ਰੀ ਨੂੰ ਮੁਕੰਮਲ ਕਰਦੇ ਹੋਏ ਕਿਹਾ ਕਿ ਲੋਕਾਂ ਨਾਲ ਅਸੀ ਵਾਅਦਾ ਕੀਤਾ ਸੀ ਕਿ ਸਾਰੀਆਂ ਮੁਸ਼ਕਿਲਾਂ/ਸਮੱਸਿਆਵਾਂ ਦਾ ਹੱਲ ਯਕੀਨੀ ਬਣਾਵਾਗੇ, ਉਹ ਭਾਵੇ ਨਿੱਜੀ ਹੋਣ ਜਾਂ ਸਾਝੀਆਂ, ਲੋਕਾਂ ਦੇ ਘਰਾਂ ਨੇੜੇ ਬਰੂਹਾਂ ਤੇ ਬੈਠ ਕੇ ਸਾਝੀ ਸੱਥ ਵਿਚ ਹੱਲ ਕਰਾਂਗੇ, ਇਸ ਲਈ ਅਸੀ ਪੂਰੀ ਤਰਾਂ ਵਚਨਬੱਧ ਹਾਂ।

ਇਸ ਮੌਕੇ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ, ਜਸਵੀਰ ਸਿੰਘ ਅਰੋੜਾ ਪ੍ਰਧਾਨ ਜਿਲ੍ਹਾ ਵਪਾਰ ਮੰਡਲ, ਇੰਦਰਜੀਤ ਸਿੰਘ ਅਰੋੜਾ ਪ੍ਰਧਾਨ ਵਪਾਰ ਮੰਡਲ, ਦੀਪਕ ਆਂਗਰਾ ਪ੍ਰਧਾਨ ਵਪਾਰ ਮੰਡਲ, ਜਗਜੀਤ ਸਿੰਘ ਜੱਗੀ ਬਲਾਕ ਪ੍ਰਧਾਨ, ਦਵਿੰਦਰ ਸਿੰਘ ਬਲਾਕ ਪ੍ਰਧਾਨ, ਕਮਲਜੀਤ ਸਿੰਘ ਕੌਂਸਲਰ, ਵਿਕਰਮ ਸਿੰਘ ਸੰਧੂ ਕੌਂਸਲਰ, ਗੁਰਨਾਮ ਸਿੰਘ, ਛੰਮੀ ਬਰਾਰੀ ਪ੍ਰਧਾਨ ਯੂਥ ਵਿੰਗ, ਦਲਜੀਤ ਸਿੰਘ ਕਾਕਾ ਨਾਨਗਰਾਂ, ਨਿਤਿਨ ਸ਼ਰਮਾ,ਪਰਮਜੀਤ ਸਿੰਘ ਮਜਾਰੀ, ਕਾਰਜ ਸਾਧਕ ਅਫਸਰ ਹਰਬਖਸ਼ ਸਿੰਘ, ਜਰਨੈਲ ਸਿੰਘ, ਰਣਬੀਰ ਸਿੰਘ, ਅਵਤਾਰ ਸਿੰਘ, ਜਗਪਾਲ ਸਿੰਘ, ਹਰਜੀਤ ਕੌਰ, ਮੰਗਲ ਸਿੰਘ, ਜਸਵਿੰਦਰ ਸਿੰਘ, ਮਨਿੰਦਰ ਸਿੰਘ, ਕੈਪਟਨ ਜੋਗਾ ਸਿੰਘ, ਹਰਜਾਪ ਸਿੰਘ ਹਾਜਰ ਸਨ।

## ਜਗਜੀਤ ਸਿੰਘ ਨੂਰ ਦੀਆਂ ਦੋ ਗ਼ਜ਼ਲਾਂ



93166-03510

**1**

ਮੇਰੀ ਹਰ ਇਕ ਆਹ ਨੂੰ ਪਹਿਚਾਣ ਦੈ।
ਜਾਣਦੈ, ਉਹ ਦਰਦ ਮੇਰਾ ਜਾਣ ਦੈ।

ਦਿਲ ਮੇਰਾ ਹਰ ਦੁੱਖ ਉਸ ਦਾ ਜਾਣ ਦੈ।
ਢੰਗ ਆਉਂਦਾ ਉਸ ਨੂੰ ਦਰਦ ਛੁਪਾਣ ਦੈ।

ਯਾਰ ਜੁੜਦਾ ਹੈ ਨਸੀਬਾਂ ਨਾਲ ਉਹ,
ਸੋਚਦਾ ਜੋ ਦਿਲ ਦੇ ਦਰਦ ਘਟਾਣ ਦੈ।

ਦਰਦੇ ਦਿਲ ਦੀ ਹੈ ਨਹੀਂ ਕੋਈ ਦਵਾ,
ਦਿਲ ਹੀ ਬਿਰਹੋਂ ਦੇ ਦੁੱਖਾਂ ਨੂੰ ਜਾਣ ਦੈ।

ਆਦਮੀ ਹਰ ਆਸ ਪੂਰੀ ਕਰ ਲਵੇ,
ਸਬਰ ਦੀ ਜਦ ਵੀ ਉਹ ਚਾਦਰ ਤਾਣ ਦੈ।

ਦੇਸ਼ ਉਨਤੀ ਤਦ ਕਰੇ ਜਦ ਹਰ ਬਸ਼ਰ,
ਕੰਮ ਕਰਦਾ ਨਿੱਤ ਹੀ ਕਲਿਆਣ ਦੈ।

ਪਾਨ ਪੈਸੇ ਦੀ ਚੜ੍ਹੇ ਜਿਸ 'ਤੇ ਦਿਲਾ,
ਰੱਬ ਨੂੰ ਵੀ ਉਹ ਕਦੋਂ ਪਹਿਚਾਣ ਦੈ?

ਜੋ ਕੋਈ ਵੀ ਸੂਝ ਪ੍ਰਭ ਦੀ ਪਾ ਲਵੇ,
ਜ਼ਿੰਦਗੀ ਵਿਚ ਉਹ ਸਦਾ ਸੁੱਖ ਮਾਣ ਦੈ।

'ਨੂਰ' ਬਖ਼ਸ਼ੇ ਰੱਬ ਦੀ ਰਹਿਮਤ ਜਦੋਂ,
ਉਹ ਗੁਰੂ ਦੀ ਸ਼ਰਨ ਫਿਰ ਪ੍ਰਵਾਨ ਦੈ।

**2**

ਜਦ ਤੂੰ ਦਿਲ ਦੇ ਵਿਹੜੇ ਆਇਆ,
ਮੇਰਾ ਦਿਲ ਹੋਇਆ ਬੇਹਾਲ।
ਮੈਂ ਕਮਲੀ ਦਿਲ ਹੀ ਦੇ ਬੈਠੀ,
ਸਮਝੀ ਨਾ ਸ਼ਤਰੰਜੀ ਚਾਲ।

ਖਾ ਜਾਂਦੀ ਮੈਂ ਮਾਤ ਯਕੀਨਨ,
ਖਿੱਲਰ ਜਾਂਦੀ ਮੇਰੀ ਖੇਡ,
ਜੇ ਚੇਤੰਨ ਵਜ਼ੀਰ ਨਾ ਹੁੰਦਾ,
ਬਣਦਾ ਨਾ ਜੇ ਮੇਰੀ ਢਾਲ।

ਮੈਂ ਜਾਤਾ ਸੀ ਫੁੱਲ ਗੁਲਾਬ ਦਾ,
ਜੋ ਮੇਰੀ ਰੂਹ ਮਹਿਕਾਊ,
ਫੁੱਲ ਕਸੁੰਭੜੇ ਦਾ ਤੂੰ ਨਿਕਲਿਆ,
ਨਿਹਫਲ ਹੋਈ ਮੇਰੀ ਭਾਲ।

ਖਾਰੇ ਸਾਗਰ ਡਿੱਗ ਪਈ ਤਾਂ,
ਹੁਣ ਕੁਝ ਸਮਝ ਨਹੀਂ ਆਉਂਦੀ,
ਬੇੜੀ ਕੋਲ ਮੈਂ ਕਿੱਦਾਂ ਪਹੁੰਚਾਂ,
ਕਿੰਝ ਗੁਰੂ ਤੋੜੇ ਜੰਜਾਲ?

ਝੂਠੇ ਵਾਅਦੇ ਕਰੇਂ ਤੂੰ ਭਾਵੇਂ,
ਅਰਸ਼ੋਂ ਤਾਰੇ ਤੋੜਨ ਦੇ,
ਭਾਂਪ ਗਈ ਖੋਟਾ ਦਿਲ ਤੇਰਾ,
ਮੱਛੀ ਫਸੂ ਨਾ ਕੁੰਡੀ-ਜਾਲ਼।

ਦਿਲ ਦੇ ਬਾਗ਼ੀਂ ਫੁੱਲ ਖਿੜਨ ਤਦ,
ਪਿਆਰ ਦੀ ਖਾਦ ਜਦੋਂ ਪਾਈਏ,
ਮਹਿਕ ਫੁੱਲਾਂ ਦੀ ਤਦ ਦਿਲ ਟੁੰਬੇ,
ਜਦ ਧੁਨ ਜੁੜੇ ਪ੍ਰੀਤਾਂ ਨਾਲ।

ਨੇਕ ਬਣਾ ਲੈ ਦਿਲ ਅਪਣੇ ਨੂੰ,
ਜੇ ਲੋਚੇਂ ਤੂੰ ਸੱਚਾ ਪਿਆਰ,
ਹੁਸਨ-ਕਲੀ ਮਸਲੀ ਨਾ ਜਾਵੇ,
ਇਸ ਗੱਲ ਦਾ ਵੀ ਰੱਖ ਖ਼ਿਆਲ।

'ਨੂਰ' ਇਲਾਹੀ ਦੇ ਚਾਨਣ ਤੋਂ,
ਹਰ ਦਿਲ ਰੋਸ਼ਨ ਹੋ ਜਾਏ,
ਪਾਕ-ਮੁਹੱਬਤ ਰਹਿਮਤ ਰੱਬ ਦੀ,
ਤੂੰ ਲੈ ਹੀਰੇ ਵਾਂਗ ਸੰਭਾਲ।

ਕਵਿਤਾ

## ਫੁੱਲ



ਡਾ. ਇੰਦਰਜੀਤ ਸਿੰਘ ਸੰਧੂ
95011-05656

ਕੁਝ ਫੁੱਲ ਮੈਂ ਇਕ ਦਿਨ, ਤੇਰੇ ਹੱਥਾਂ 'ਤੇ ਰੱਖੇ ਸੀ
ਕੁਝ ਫੁੱਲ ਤੂੰ ਮੇਰੀਆਂ, ਕਿਤਾਬਾਂ ਵਿਚ ਰੱਖੇ ਸੀ
ਕੁਝ ਬਿਖਰੇ ਲਫ਼ਜ਼, ਮੈਂ ਇਕ ਕਾਗ਼ਜ਼ 'ਤੇ ਰੱਖੇ ਸੀ
ਕੁਝ ਤਪਦੇ ਸਾਹ ਤੂੰ, ਮੇਰੀਆਂ ਗ਼ਜ਼ਲਾਂ 'ਤੇ ਰੱਖੇ ਸੀ।

ਕੁਝ ਫੁੱਲ ਮੈਂ ਤੇਰੇ, ਵਾਲਾਂ ਵਿਚ ਗੁੰਦੇ ਸੀ
ਭਟਕਦੇ ਮੁਹੱਬਤ ਦੇ ਪਰਿੰਦੇ, ਦਿਲ 'ਚ ਮੁੰਦੇ ਸੀ
ਕਦੇ ਇਹੀਓ ਪਰਿੰਦੇ, ਆਸਮਾਨਾਂ ਨੂੰ ਛੂੰਹਦੇ ਸੀ
ਖਾਬਾਂ ਨਾਲ ਮਹਿਕੇ, ਕਦੇ ਉਹ ਵੀ ਦਿਨ ਹੁੰਦੇ ਸੀ।

ਕੁਝ ਫੁੱਲ ਮੈਂ ਤੇਰੀ, ਡੋਲੀ ਵਿਚ ਸਜਾਏ ਸੀ
ਕੰਬਦੀ ਸ਼ਹਿਨਾਈ ਨੇ, ਰਾਗ ਜਦ ਗਾਏ ਸੀ
ਮੇਰੇ ਗੀਤਾਂ ਦੇ ਲਾੜੇ, ਓਦੋਂ ਸਜਰੇ ਵਿਆਹੇ ਸੀ
ਲਫ਼ਜ਼ਾਂ ਨੇ ਦਰਦਾਂ ਦੇ, ਓਦੋਂ ਗਾਨੇ ਸਜਾਏ ਸੀ।

ਕੁਝ ਫੁੱਲ ਮੈਂ ਤੇਰੀ, ਪੈੜਾ ਵਿਚ ਰੱਖੇ ਸੀ
ਓਹੀ ਫੁੱਲ ਮੈਂ, ਇਬਾਦਤ ਲਈ ਰੱਖੇ ਸੀ
ਯਾਦਾਂ ਦੇ ਤਿਲ-ਫੁੱਲ, ਮੈਂ ਪੱਥਰ 'ਤੇ ਰੱਖੇ ਸੀ
ਲੱਖਾਂ ਪੁਜਾਰੀ ਮੇਰੀ, ਅਵਾਰਗੀ 'ਤੇ ਹੱਸੇ ਸੀ।

ਕੁਝ ਫੁੱਲ ਮੈਂ ਫਿਰ ਤੋਂ, ਕੋਰੇ ਕਾਗ਼ਜ਼ 'ਤੇ ਰੱਖੇ ਹਨ
ਇਹ ਗੀਤਾਂ ਦੇ ਸੀਨੇ ਦੀ, ਧੜਕਣ ਲਈ ਰੱਖੇ ਹਨ
ਪਿਆਸੀ ਕਲਮ ਦਿਆਂ ਬੁੱਲ੍ਹਾਂ ਨੂੰ ਚੁੰਮਣ ਲਈ ਰੱਖੇ ਹਨ
ਮੁੜ ਤੋਂ ਪਰਿੰਦਿਆ ਦੇ, ਆਸਮਾਨੀ ਉਡਣ ਲਈ ਰੱਖੇ ਹਨ।

ਮਿੰਨੀ ਕਹਾਣੀ

## ਗੁੱਝੀ ਮਰਜ਼



• ਗੁਰਪ੍ਰੀਤ ਕੌਰ ਚਹਿਲ
9056526703

'ਓਏ ਭੋਲਿਆ ਪਾ ਦੋ ਤਕੜੇ ਜਿਹੇ ਪੈੱਗ। ਅੱਜ ਤਾਂ ਸਰੀਰ ਦਾ ਧੂੰਆਂ ਨਿਕਲਿਆ ਪਿਐ ਸਵੇਰ ਦਾ।' ਬਚਿੱਤਰ ਨੇ ਮੇਜ਼ ਤੇ ਅੰਗਰੇਜ਼ੀ ਸ਼ਰਾਬ ਦੀ ਬੋਤਲ ਟਿਕਾਉਂਦਿਆਂ ਹੁਕਮੀ ਲਹਿਜ਼ੇ 'ਚ ਆਖਿਆ। 'ਤੇਰਾ ਤਾਂ ਲੈਕਚਰ ਈ ਬਾਹਲਾ ਤਕੜਾ ਸੀ। ਕਮਾਲ ਕਰਤੀ ਤੈਂ ਬਚਿੱਤਰ ਸਿਆਂ ਅੱਜ ਤਾਂ।' ਭੋਲੇ ਨੇ ਸ਼ਾਬਾਸ਼ੇ ਦਿੱਤੀ।

'ਲੈ ਭਲਿਆ ਮਾਣਸਾ ਲੋਕਾਂ ਨੂੰ ਮਗਰ ਲਾਉਣਾ ਕੀ ਔਖਾ ਏ, ਹਰੇਕ ਚਾਹੁੰਦੇ ਬਈ ਸਾਡਾ ਮੁੰਡਾ ਨਸ਼ਿਆਂ ਤੋਂ ਦੂਰ ਰਹੇ। ਐਸੀ ਮਰਜ਼ ਫੜੋ ਜਿਹੜੀ ਜਮ੍ਹਾਂ ਨਿਸ਼ਾਨੇ 'ਤੇ ਲੱਗੇ। ਜ਼ਿੰਦਾਬਾਦ, ਜ਼ਿੰਦਾਬਾਦ ਕਰਾ 'ਤੀ ਨਾ ਫਿਰ ਲੋਕਾਂ 'ਚ। ਉਹ ਦੋਵੇਂ ਅੱਜ ਪਿੰਡ 'ਚ ਕਰਵਾਏ ਨਸ਼ਾ-ਵਿਰੋਧੀ ਸੈਮੀਨਾਰ ਜਿਸ ਦੇ ਉਹ ਕਰਤਾ-ਧਰਤਾ ਸਨ, ਦੀ ਪੜਚੋਲ ਕਰ ਰਹੇ ਸਨ।

'ਸਰਪੰਚੀ ਦੀਆਂ ਵੋਟਾਂ ਆ ਗਈਆਂ ਨੇੜੇ ਇਹੀ ਤਾਂ ਇਕ ਮੁੱਦਾ ਐ, ਨਸ਼ਿਆਂ ਦਾ, ਜਿਹੜਾ ਸਾਨੂੰ ਵੋਟਾਂ 'ਚ ਜਿੱਤਾ ਸਕਦੈ। ਹੁਣ ਤੇਰੇ ਭਾਅ ਦਾ ਮੈਂ ਨਸ਼ਾ ਮੁਕਤ ਕਰੂੰ ਪਿੰਡ ਨੂੰ। ਜਿਹੜੀ ਚੀਜ਼ ਸਾਲੀ ਹੱਡਾਂ 'ਚ ਰਚ ਗਈ, ਉਹ ਤਾਂ ਨਾਲ ਈ ਜਾਂਦੀ ਏ ਬੰਦੇ ਦੇ।' ਇੰਨਾਂ ਕਹਿੰਦਿਆਂ ਉਹ ਦੋਵੇਂ ਠਹਾਕਾ ਮਾਰ ਕੇ ਹੱਸੇ ਤੇ ਸ਼ਰਾਬ ਦੀ ਗੰਧ ਪੂਰੇ ਕਮਰੇ ਦੀ ਫਿਜ਼ਾ ਵਿਚ ਘੁਲ ਗਈ। •

# ਭਾਸ਼ਾ ਬਚਦੀ ਹੈ ਸਦਾ ਕਿਸੇ ਮਹਾਂ ਲਹਿਰ ਦਾ ਸਰਗੁਣ ਸਰੂਪ ਬਣ ਕੇ



ਸੁਰਜੀਤ ਪਾਤਰ
98145-04272

ਇਕ ਪੰਜਾਬੀ ਲੋਕ ਕਹਾਣੀ ਏਦਾਂ ਸ਼ੁਰੂ ਹੁੰਦੀ ਹੈ : ਦਿਓ ਦੀ ਗੁਫ਼ਾ ਵਿਚ ਕੈਦ ਰਾਜਕੁਮਾਰੀ ਦਿਓ ਦੀ ਗ਼ੈਰਹਾਜ਼ਰੀ ਵਿਚ ਇਕ ਸੋਹਣੇ ਗੱਭਰੂ ਨੂੰ ਗੁਫ਼ਾ ਵਿਚ ਪ੍ਰਵੇਸ਼ ਕਰਦਾ ਦੇਖ ਕੇ ਪਹਿਲਾਂ ਹੱਸੀ ਫਿਰ ਰੋਈ।

ਰਾਜਕੁਮਾਰ ਨੇ ਪੁੱਛਿਆ : ਤੂੰ ਪਹਿਲਾਂ ਹੱਸੀ ਤੇ ਫਿਰ ਰੋਈ ਕਿਉਂ? ਰਾਜਕੁਮਾਰੀ ਕਹਿਣ ਲੱਗੀ : ਹੱਸੀ ਇਸ ਲਈ ਕਿ ਮੈਨੂੰ ਮੁੱਦਤਾਂ ਬਾਅਦ ਦਿਓ ਦੀ ਗੁਫ਼ਾ ਵਿਚ ਆਦਮਜਾਤ ਦਾ ਮੁੱਖ ਦੇਖ ਕੇ ਬਹੁਤ ਖ਼ੁਸ਼ੀ ਹੋਈ ਤੇ ਰੋਈ ਇਸ ਲਈ ਕਿ ਥੋੜ੍ਹੀ ਦੇਰ ਬਾਅਦ ਆਦਮਬੋ, ਆਦਮਬੋ ਕਰਦਾ ਦਿਓ ਆਵੇਗਾ ਤੇ ਤੈਨੂੰ ਖਾ ਜਾਵੇਗਾ, ਖ਼ੈਰ ਮੈਂ ਤੈਨੂੰ ਕਿਸੇ ਨਾ ਕਿਸੇ ਤਰ੍ਹਾਂ ਦਿਓ ਤੋਂ ਬਚਾ ਲਵਾਂਗੀ।

ਪੰਜਾਬੀ ਬੋਲੀ ਬਾਰੇ ਸੋਚਦਿਆਂ ਵੀ ਇਨ੍ਹੀਂ ਦਿਨੀਂ ਅਸੀਂ ਹੱਸਣ ਰੋਣ ਵਰਗੇ ਦੋਹਾਂ ਤਰ੍ਹਾਂ ਦੇ ਅਹਿਸਾਸਾਂ ਵਿੱਚੋਂ ਲੰਘਦੇ ਹਾਂ। ਇਨਸਾਈਕਲੋਪੀਡੀਆ ਬ੍ਰਟੈਨਿਕਾ ਵਿਚ ਇਹ ਪੜ੍ਹ ਕੇ ਮੈਨੂੰ ਬਹੁਤ ਖ਼ੁਸ਼ੀ ਹੋਈ ਕਿ ਬੋਲਣ ਵਾਲਿਆਂ ਦੀ ਗਿਣਤੀ ਪੱਖੋਂ ਪੰਜਾਬੀ ਇਸ ਵੇਲੇ ਦੁਨੀਆ ਦੀ ਦਸਵੀਂ ਵੱਡੀ ਬੋਲੀ ਹੈ। ਇਹ ਜਾਣ ਕੇ ਵੀ ਖ਼ੁਸ਼ੀ ਹੋਈ ਕਿ ਇਸ ਵੇਲੇ ਅੰਗਰੇਜ਼ੀ ਅਤੇ ਫ਼ਰਾਂਸੀਸੀ ਤੋਂ ਬਾਅਦ ਕੈਨੇਡਾ ਦੀ ਤੀਸਰੀ ਭਾਸ਼ਾ ਪੰਜਾਬੀ ਹੈ। ਤਕਰੀਬਨ 150 ਮੁਲਕਾਂ ਵਿਚ ਵਸਦੇ ਪੰਜਾਬੀ ਇਸ ਨੂੰ ਆਪਣੀਆਂ ਅਗਲੀਆਂ ਪੁਸ਼ਤਾਂ ਦੇ ਮਨਾਂ ਵਿਚ ਜਿਊਂਦੀ ਜਾਗਦੀ ਰੱਖਣ ਲਈ ਤਾਂਘਦੇ ਤੇ ਉਪਰਾਲੇ ਕਰਦੇ ਰਹਿੰਦੇ ਹਨ। ਆਸਟ੍ਰੇਲੀਆ ਦੇ ਸ਼ਹਿਰ ਮਿਲਬਰਨ ਵਿਚ ਇਕ ਪੰਜਾਬੀ ਕਵੀ ਮਨਜੀਤ ਨੇ ਕਵੀਆਂ ਨੂੰ ਮਿਲੇ ਅੱਤਕਥਨੀ ਲਾਈਸੈਂਸ ਦੀ ਵਰਤੋਂ ਕਰਦਿਆਂ ਮਾਣ ਨਾਲ ਕਿਹਾ : ਪੰਜਾਬੀ ਇਸ ਵੇਲੇ ਪੰਜਾਂ ਦਰਿਆਵਾਂ ਦੀ ਨਹੀਂ, ਸੱਤਾਂ ਸਮੁੰਦਰਾਂ ਦੀ ਬੋਲੀ ਹੈ ਪਰ ਆਸਟ੍ਰੇਲੀਆ ਵਿਚ ਹੀ ਮੈਨੂੰ ਇਕ ਕੁੜੀ ਮਨਦੀਪ ਕਹਿਣ ਲੱਗੀ ਕਿ ਸਕੂਲ ਵਿਚ ਅੰਗਰੇਜ਼ੀ ਪੜ੍ਹਦੀ ਆਪਣੀ ਬੇਟੀ ਨੂੰ ਮੈਂ ਘਰ ਵਿਚ ਬਹੁਤ ਨੇਮ ਨਾਲ ਪੰਜਾਬੀ ਬੋਲਣੀ ਸਿਖਾਈ ਤੇ ਕਿਹਾ : ਜਦੋਂ ਆਪਾਂ ਪੰਜਾਬ ਜਾਵਾਂਗੇ, ਓਥੇ ਜਾ ਕੇ ਤੂੰ ਏਨੀ ਸੋਹਣੀ ਪੰਜਾਬੀ ਬੋਲੇਂਗੀ ਤਾਂ ਉਹ ਸੁਣ ਕੇ ਬਹੁਤ ਖ਼ੁਸ਼ ਹੋਣਗੇ। ਫਿਰ ਉਹ ਵਡਭਾਗਾ ਦਿਨ ਆਇਆ। ਉਹ ਪੰਜਾਬ ਆਏ। ਗਲ਼ੀ- ਮੁਹੱਲੇ ਦੇ ਹਾਣੀ ਬੱਚਿਆਂ ਨਾਲ ਕੈਨੇਡਾ ਤੋਂ ਆਈ ਬੱਚੀ ਖੇਡਣ-ਮੱਲ੍ਹਣ ਲੱਗੀ ਤਾਂ ਹੈਰਾਨ ਹੋਈ ਕਿ ਗਲ਼ੀ ਦੇ ਸਾਰੇ ਹਾਣੀ ਅੰਗਰੇਜ਼ੀ ਰਲੀ ਹਿੰਦੀ ਬੋਲਦੇ ਸਨ। ਚਾਰ ਪੰਜ ਦਿਨਾਂ ਬਾਅਦ ਬੇਟੀ ਨੇ ਮਨਦੀਪ ਨੂੰ ਪੁੱਛਿਆ: ਮੰਮੀ, ਆਪਾਂ ਪੰਜਾਬ ਕਦੋਂ ਜਾਵਾਂਗੇ?

ਇਹ ਹਿੰਦੀ ਅੰਗਰੇਜ਼ੀ ਬੋਲਣ ਵਾਲੇ ਬੱਚੇ ਪੰਜਾਬ ਦੇ ਉਹ ਧੀਆਂ ਪੁੱਤਰ ਹਨ ਜਿਹੜੇ ਉਨ੍ਹਾਂ ਸਕੂਲਾਂ ਵਿਚ ਪੜ੍ਹਦੇ ਹਨ ਜਿਨ੍ਹਾਂ ਵਿਚ ਉਨ੍ਹਾਂ ਨੂੰ ਪੰਜਾਬੀ ਬੋਲਣ 'ਤੇ ਜੁਰਮਾਨਾ ਹੁੰਦਾ ਹੈ। ਜੂੜਿਆਂ ਵਾਲੇ ਬੱਚੇ ਵੀ ਘਰੋਂ ਜੇ ਪੰਜਾਬੀ ਬੋਲਦੇ ਜਾਣ ਤਾਂ ਸਕੂਲੋਂ ਹਿੰਦੀ ਬੋਲਦੇ ਮੁੜਦੇ ਹਨ। ਪੰਜਾਬ ਦੀ ਧਰਤੀ 'ਤੇ ਬਣੇ ਸਕੂਲਾਂ ਵਿਚ ਪੰਜਾਬੀ ਦਾ ਕੋਈ ਲਫ਼ਜ਼ ਬੋਲਣਾ ਜ਼ੁਰਮ ਹੋ ਗਿਆ ਹੈ। ਇਸ ਤੋਂ ਅਗਲੀ ਗੱਲ ਮੈਂ ਆਪਣੀ ਇਕ ਕਵਿਤਾ ਨਾਲ ਤੋਰਨਾ ਚਾਹੁੰਦਾ ਹਾਂ :

*ਸਭ ਕਲ ਕਲ ਕਰਦੀਆਂ ਨਦੀਆਂ ਦਾ*
*ਸਭ ਚੀਂ ਚੀਂ ਕਰਦੀਆਂ ਚਿੜੀਆਂ ਦਾ*
*ਸਭ ਸਾਂ ਸਾਂ ਕਰਦੇ ਬਿਰਖਾਂ ਦਾ*
*ਆਪਣਾ ਹੀ ਤਰਾਨਾ ਹੁੰਦਾ ਹੈ*
*ਪਰ ਸੁਣਿਆਂ ਹੈ*

*ਇਸ ਧਰਤੀ 'ਤੇ*
*ਇਕ ਉਹ ਵੀ ਦੇਸ਼ ਹੈ ਜਿਸ ਅੰਦਰ*
*ਬੱਚੇ ਜੇ ਆਪਣੀ ਮਾਂ-ਬੋਲੀ ਬੋਲਣ*
*ਜੁਰਮਾਨਾ ਹੁੰਦਾ ਹੈ*

*ਤੇ ਹੋਰ ਸਿਤਮ*
*ਕਿ ਮਾਂ ਆਖੇ :*
*ਚਲ ਕੋਈ ਨਹੀਂ*
*ਜੇ ਮੇਰੇ ਬੋਲ ਵਿਸਾਰ ਕੇ ਵੀ*
*ਮੇਰੇ ਪੁੱਤ ਨੂੰ ਅਹੁਦਾ ਮਿਲ ਜਾਵੇ*
*ਤਾਂ ਵੀ ਇਹ ਸੌਦਾ ਮਹਿੰਗਾ ਨਈਂ*

*ਤੇ ਬਾਪ ਕਹੇ :*
*ਚੱਲ ਠੀਕ ਹੀ ਹੈ*
*ਜੇ ਏਥੇ ਏਸ ਸਕੂਲ 'ਚ ਹੀ*
*ਜੁਰਮਾਨਾ ਦੇ ਕੇ ਛੁੱਟ ਜਾਈਏ*
*ਜੀਵਨ ਜੁਰਮਾਨਾ ਨਾ ਹੋਵੇ*

*ਇਹ ਧਰਤ ਨਿਮਾਣੀ ਕਿਹੜੀ ਹੈ?*
*ਇਹ ਦੇਸ਼ ਨਿਕਰਮਾ ਕਿਹੜਾ ਹੈ?*
*ਤੇ ਕੌਣ ਨੇ ਇਸ ਦੇ ਦਾਨਿਸ਼ਵਰ?*
*ਇਹਦੇ ਆਗੂ, ਨੇਤਾ ਤੇ ਸ਼ਾਇਰ?*
*ਜਿਨ੍ਹਾਂ ਦੇ ਹੁੰਦਿਆਂ ਇਹ ਹੋਇਆ?*
*ਜਾਂ ਜਿਨ੍ਹਾਂ ਕਰਕੇ ਇਹ ਹੋਇਆ?*
*ਕਿ ਮਾਪਿਆਂ ਦੇ ਭੋਲ਼ੇ ਦਿਲਾਂ ਉੱਪਰ*
*ਇਹ ਕੂੜ ਇਬਾਰਤ ਲਿਖੀ ਗਈ*

*ਉਹ ਦੇਸ਼ ਨਿਕਰਮਾ ਮੇਰਾ ਈ ਹੈ*
*ਉਹ ਧਰਤ ਨਿਮਾਣੀ ਸਾਡੀ ਈ ਹੈ*
*ਤੇ ਉਹ ਪਤਵੰਤੇ ਦਾਨਿਸ਼ਵਰ*
*ਉਹ ਨੇਤਾ, ਰਹਿਬਰ ਤੇ ਸ਼ਾਇਰ*
*ਉਹ ਅਸੀਂ ਹੀ ਹਾਂ*
*ਜਿਨ੍ਹਾਂ ਦੇ ਹੁੰਦਿਆਂ ਇਹ ਹੋਇਆ*
*ਜਾਂ ਜਿਨ੍ਹਾਂ ਕਰਕੇ ਇਹ ਹੋਇਆ*
*ਕਿ ਭੋਲ਼ੇ ਮਾਪਿਆਂ ਦੇ ਦਿਲਾਂ ਉੱਪਰ*
*ਨਿਰਮੋਹੀ ਇਬਾਰਤ ਲਿਖੀ ਗਈ।*

*ਤੇ ਹੌਲੀ-ਹੌਲੀ ਇਹ ਹੋਇਆ*
*ਮੇਰੀ ਬੋਲੀ ਦੇ ਕਈ ਲਫ਼ਜ਼ ਜਿਵੇਂ*
*ਛਿੰਦੇ, ਸ਼ਰਮਿੰਦੇ, ਹਿਰਖ-ਭਰੇ*
*ਲੱਜਿਤ ਜਿਹੇ ਹੋ ਕੇ ਪਹਿਲਾਂ ਤਾਂ*
*ਦਰਵਾਜ਼ਿਓਂ ਬਾਹਰ ਖੜ੍ਹੇ ਰਹੇ*
*ਫਿਰ ਸੇਜਲ ਨੈਣ ਨਿਵਾ ਆਪਣੇ*
*ਰੱਬ ਜਾਣੇ ਕਿੱਧਰ ਚਲੇ ਗਏ।*

*ਪੁਰਖਿਆਂ ਦੇ ਮੁੱਖ ਤੋਂ ਫੁੱਟੇ ਸਨ*
*ਪਰ ਕਰਮ-ਹੀਣ,*
*ਨਿਰਮੋਹੇ ਤੇ ਬੇਗ਼ੈਰਤ*
*ਜਹੇ ਵਾਰਿਸਾਂ ਹੱਥੋਂ ਹਾਰ ਗਏ*
*ਰੱਬ ਜਾਣੇ ਕਿੱਧਰ ਚਲੇ ਗਏ*

*ਆਪਣੀ ਬੋਲੀ ਬਿਨ ਜਾਣ ਲਈ*
*ਕੋਈ ਹੋਰ ਜਗ੍ਹਾ*
*ਲਫ਼ਜ਼ਾਂ ਦੇ ਕੋਲ ਨਹੀਂ ਹੁੰਦੀ*
*ਸ਼ਹਿਰੇ ਖ਼ਾਮੋਸ਼ਾਂ ਦੇ ਬਾਝੋਂ*

*ਲਫ਼ਜ਼ਾਂ ਦਾ ਸ਼ਹਿਰੇ ਖ਼ਾਮੋਸ਼ਾਂ*
*ਕੋਈ ਸ਼ਬਦਕੋਸ਼*

*ਕਦ 'ਵਾਜ਼ ਪਵੇਗੀ ਲਫ਼ਜ਼ਾਂ ਨੂੰ*
*ਲਫ਼ਜ਼ਾਂ ਦਾ ਹਸ਼ਰ*
*ਦਿਹਾੜਾ ਵੀ ਕੋਈ ਹੋਵੇਗਾ?*

ਪੰਜਾਬ ਦੇ ਜਾਇਆਂ ਦੇ ਮਨਾਂ ਵਿਚ ਪੰਜਾਬੀ ਪ੍ਰਤੀ ਇਹ ਘਟੀਆਪਣ ਤੇ ਨਿਰਾਦਰ ਦਾ ਭਾਵ ਪਾਉਣ ਵਾਲੇ ਇਹ ਕੌਣ ਹਨ? ਪੰਜਾਬ ਦੇ ਬੱਚਿਆਂ ਦੇ ਮਨਾਂ ਨੂੰ ਇਹ ਹੀਣਤਾ ਦਾ ਹੌਲ ਦੇਣ ਵਾਲੇ ਇਹ ਕੌਣ ਹਨ? ਪੰਜਾਬ ਦੇ ਬੱਚਿਆਂ ਦੇ ਮਨਾਂ ਵਿਚ ਆਪਣੀ ਧਰਤੀ ਦੀ ਬੋਲੀ ਪ੍ਰਤੀ ਨਫ਼ਰਤ ਬੀਜਣ ਵਾਲੇ ਇਹ ਕੌਣ ਹਨ? ਪੰਜਾਬ ਦੇ ਬੱਚਿਆਂ ਦੇ ਅਵਚੇਤਨ ਨੂੰ ਇਹ ਗਹਿਰੀ ਚੁੱਪ ਦੇਣ ਵਾਲੇ ਕੌਣ ਹਨ? ਬੱਚਿਆਂ ਦੇ ਮਨਾਂ ਵਿੱਚੋਂ ਇਹ ਮੌਲਿਕਤਾ ਦੇ ਬੀਜਾਂ ਨੂੰ ਲੂਹਣ ਵਾਲੇ ਇਹ ਕੌਣ ਹਨ? ਇਹ ਹਨ ਪੰਜਾਬ ਦੀ ਧਰਤੀ 'ਤੇ ਹੀ ਬਣੇ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕ, ਪਿੰਸੀਪਲ। ਆਪਣੀ ਧਰਤੀ ਦੇ ਬਖੁਟੜੇ ਧੀਆਂ ਪੁੱਤਰ, ਧਰਤੀ ਦੇ ਨਹੀਂ ਪੈਸੇ ਦੇ ਪੁੱਤ।

ਏਥੇ ਹੀ ਬੱਸ ਨਹੀਂ । ਮੈਨੂੰ ਇਕ ਅੰਗਰੇਜ਼ੀ ਅਖ਼ਬਾਰ ਦੇ ਪੱਤਰਕਾਰ ਨੇ ਗੱਲ ਸੁਣਾਈ ਕਿ ਕੌਨਵਿੰਟ ਸਕੂਲ ਵਿਚ ਪੜ੍ਹਦੇ ਮੇਰੇ ਬੱਚੇ ਨੇ ਮੈਨੂੰ ਆ ਕੇ ਇਹ ਸੁਨੇਹਾ ਦਿੱਤਾ ਕਿ ਪ੍ਰਿੰਸੀਪਲ ਸਾਹਿਬ ਨੇ ਕਿਹਾ ਹੈ ਕਿ ਤੁਸੀਂ ਘਰ ਵਿਚ ਵੀ ਬੱਚੇ ਨਾਲ ਪੰਜਾਬੀ ਨਾ ਬੋਲਿਆ ਕਰੋ। ਦੂਸਰੇ ਦਿਨ ਉਹ ਪੱਤਰਕਾਰ ਬੱਚੇ ਦੇ ਸਕੂਲ ਗਿਆ ਤੇ ਉਸ ਨੇ ਪ੍ਰਿੰਸੀਪਲ ਨਾਲ ਅੰਗਰੇਜ਼ੀ ਵਿਚ ਬਹੁਤ ਪਿਆਰ





ਨਾਲ ਪੰਜਾਬ ਬਾਰੇ, ਜ਼ਿੰਦਗੀ ਬਾਰੇ ਗੱਲ-ਬਾਤ ਕੀਤੀ ਤੇ ਫਿਰ ਪੁੱਛਿਆ: ਪ੍ਰਿੰਸੀਪਲ ਸਾਹਿਬ ਮੇਰੀ ਅੰਗਰੇਜ਼ੀ ਕਿਹੋ ਜਿਹੀ ਹੈ? ਪ੍ਰਿੰਸੀਪਲ ਨੇ ਕਿਹਾ : ਐਕਸੇਲੈਂਟ। ਵੰਡਰਫੁੱਲ । ਪੱਤਰਕਾਰ ਨੇ ਕਿਹਾ : ਮੈਡਮ ਜੀ, ਮੈਂ ਸਰਕਾਰੀ ਸਕੂਲ ਵਿਚ ਪੜ੍ਹਿਆਂ, ਛੇਵੀਂ ਜਮਾਤ ਤੋਂ ਅੰਗਰੇਜ਼ੀ ਪੜ੍ਹੀ। ਤੁਸੀਂ ਬੱਚਿਆਂ ਪ੍ਰਤੀ ਤੇ ਉਨ੍ਹਾਂ ਰਾਹੀਂ ਪੰਜਾਬ ਦੀ ਬੋਲੀ ਅਤੇ ਇਸ ਦੇ ਸੱਭਿਆਚਾਰ ਪ੍ਰਤੀ ਏਨੇ ਕਠੋਰ ਕਿਉਂ ਹੋ ਰਹੇ ਹੋ?

ਉਸ ਪੱਤਰਕਾਰ ਦੋਸਤ ਨੇ ਹੀ ਨਹੀਂ, ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਵੀ ਅੰਗਰੇਜ਼ੀ ਛੇਵੀਂ ਤੋਂ ਹੀ ਪੜ੍ਹੀ ਸੀ, ਜਿਸ ਨੇ ਅੰਗਰੇਜ਼ੀ ਵਿਚ ਨਾਵਲ ਲਿਖਿਆ : 'ਬਲੱਡ ਐਂਡ ਸੋਇਲ' ਤੇ ਹੀਰ ਵਾਰਿਸ ਸ਼ਾਹ ਦਾ ਅੰਗਰੇਜ਼ੀ ਵਿਚ ਤਰਜਮਾ ਵੀ ਕੀਤਾ। ਮੁਲਕ ਰਾਜ ਆਨੰਦ ਜਿਸ ਨੇ ਅੰਗਰੇਜ਼ੀ ਵਿਚ ਨਾਵਲ ਤੇ ਕਹਾਣੀਆਂ ਲਿਖ ਕੇ ਇੰਨੀ ਪ੍ਰਸਿੱਧੀ ਹਾਸਿਲ ਕੀਤੀ, ਉਸ ਨੇ ਵੀ ਅੰਗਰੇਜ਼ੀ ਛੇਵੀਂ ਤੋਂ ਹੀ ਪੜ੍ਹੀ ਸੀ।

ਅੰਗਰੇਜ਼ੀ ਵਿਚ ਮੁਹਾਰਤ ਪ੍ਰਾਪਤ ਕਰਨ ਦਾ ਤਰੀਕਾ ਇਹ ਨਹੀਂ ਕਿ ਪੰਜਾਬੀ ਦੀ ਤੌਹੀਨ ਕੀਤੀ ਜਾਵੇ। ਬਲਕਿ ਵਧੀਆ ਅੰਗਰੇਜ਼ੀ ਜਾਂ ਕੋਈ ਵੀ ਹੋਰ ਦੂਜੀ ਭਾਸ਼ਾ ਸਿੱਖਣ ਦਾ ਸਹੀ ਰਸਤਾ ਮਾਂ-ਬੋਲੀ ਦੀ ਜੂਹ ਵਿੱਚੋਂ ਹੀ ਫੁੱਟਦਾ ਹੈ। ਇਹ ਗੱਲ ਮੈਂ ਨਹੀਂ, ਦੁਨੀਆ ਦੇ ਸਾਰੇ ਸਿੱਖਿਆ ਸ਼ਾਸਤਰੀ ਕਹਿੰਦੇ ਹਨ।

ਜਿਹੜੀਆਂ ਦਸ ਗਿਆਰਾਂ ਧਿਰਾਂ ਕਿਸੇ ਭਾਸ਼ਾ ਦੇ ਵਿਕਾਸ ਵਿਚ ਸਹਾਈ ਹੋ ਸਕਦੀਆਂ ਹਨ। ਉਹ ਹਨ ਸਾਡੇ ਵਿੱਦਿਅਕ ਅਦਾਰੇ, ਸਾਹਿਤਕਾਰ, ਲੋਕ, ਸਰਕਾਰ, ਧਰਮ, ਗਾਇਕ, ਰੰਗ ਕਰਮੀ, ਫ਼ਿਲਮਸਾਜ਼, ਪੰਜਾਬੀ ਨੂੰ ਆਪਣੇ ਪ੍ਰਗਟਾਓ ਦਾ ਮਾਧਿਅਮ ਬਣਾਉਣ ਵਾਲੇ ਚਿੰਤਕ ਵਿਗਿਆਨੀ, ਬੁਲਾਰੇ ਤੇ ਮੀਡੀਆ। ਸੋ ਬਹੁਤ ਜ਼ਰੂਰੀ ਹੈ ਕਿ ਇਹ ਸਾਰੇ ਅਦਾਰੇ ਇਸ ਸੱਚ ਨੂੰ ਪਛਾਣਨ ਕਿ ਸਾਡੀ ਧਰਤੀ ਦੇ ਲੋਕਾਂ ਦੇ ਸਰਵਪੱਖੀ ਵਿਕਾਸ ਲਈ ਮਾਂ-ਬੋਲੀ ਨੂੰ ਅਪਨਾਉਣਾ ਬਹੁਤ ਜ਼ਰੂਰੀ ਹੈ। ਇਸ ਨੂੰ ਅਪਨਾਉਣ ਵਿਚ ਹੀ ਸਾਡਾ ਆਤਮਿਕ, ਮਾਨਸਿਕ, ਰਾਜਸੀ ਤੇ ਆਰਥਿਕ ਵਿਕਾਸ ਸਮਾਇਆ ਹੋਇਆ। ਜਿਹੜਾ ਬੰਦਾ ਬੇਗਾਨਗੀ ਦੀ ਗੱਲ ਕਰਦਾ ਹੋਵੇ, ਉਸ ਦੇ ਬਾਰੇ ਅਸੀਂ ਕਹਿੰਦੇ ਆਂ : ਉਹ ਤਾਂ ਬੋਲੀ ਹੀ ਹੋਰ ਬੋਲਦਾ। ਸਭ ਤੋਂ ਵੱਡੀ ਗੱਲ ਇਸ ਵੇਲੇ ਇਹ ਹੈ ਕਿ ਪੰਜਾਬ ਦੀ ਧਰਤੀ 'ਤੇ ਉੱਸਰੇ ਸਾਰੇ ਸਕੂਲਾਂ ਵਿਚ ਇੱਕੋ ਜਿਹੀ ਪੜ੍ਹਾਈ ਹੋਵੇ। ਇਸ ਤੋਂ ਵੀ ਵੱਡੀ ਗੱਲ। ਅੰਨ੍ਹੀ ਮਾਂ ਇੱਛਰਾਂ ਨੂੰ ਪੂਰਨ ਦੇ ਆਉਣ ਦੀ ਖ਼ਬਰ ਮਿਲਣ ਵਾਂਗ ਹੀ ਦਿਲਾਂ ਨੂੰ ਠੰਢ ਪਾਉਣ ਵਾਲੀ ਸੀ ਇਹ ਖ਼ਬਰ ਕਿ ਅਲਾਹਾਬਾਦ ਹਾਈ ਕੋਰਟ ਦੇ ਜਸਟਿਸ ਸੁਧੀਰ ਅਗਰਵਾਲ ਨੇ 18 ਅਗਸਤ 2015 ਨੂੰ ਉੱਤਰ ਪ੍ਰਦੇਸ਼ ਸਰਕਾਰ ਦੇ ਚੀਫ਼ ਸਕੱਤਰ ਨੂੰ ਨਿਰਦੇਸ਼ ਭੇਜਿਆ ਕਿ ਸਾਰੇ ਸਰਕਾਰੀ ਅਹਿਲਕਾਰ, ਲੋਕਾਂ ਦੇ ਚੁਣੇ ਹੋਏ ਸਾਰੇ ਨੁਮਾਇੰਦੇ ਤੇ ਜੁਡੀਸ਼ਰੀ ਦੇ ਸਾਰੇ ਮੈਂਬਰ ਆਪਣੇ ਬੱਚਿਆਂ ਨੂੰ ਉੱਤਰ ਪ੍ਰਦੇਸ਼ ਸਕੂਲ ਸਿੱਖਿਆ ਬੋਰਡ ਦੇ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਨ ਲਈ ਭੇਜਣ। ਬਹੁਤ ਗਹਿਰੇ ਅਰਥ ਨੇ ਇਸ ਨਿਰਦੇਸ਼ ਦੇ।

ਪੰਜਾਬ ਜੋ ਕਿ ਸ਼ਬਦ-ਗੁਰੂ ਦੀ ਧਰਤੀ ਹੈ, ਬਰਾਬਰੀ ਅਤੇ ਸਾਂਝੀਵਾਲਤਾ ਦਾ ਦਮ ਭਰਨ ਵਾਲੇ ਲੋਕਾਂ ਦੀ ਧਰਤੀ ਹੈ, ਰਾਜੇ ਤੇ ਰੰਕ ਦੇ ਇਕ ਪੰਗਤ ਵਿਚ ਬੈਠ ਕੇ ਲੰਗਰ ਛਕਣ ਦੀ ਕਥਾ ਨੂੰ ਸੀਨਿਆਂ ਵਿਚ ਸਾਂਭਣ ਵਾਲੇ ਨਾਨਕ ਨਾਮ ਲੇਵਾ ਲੋਕਾਂ ਦੀ ਧਰਤੀ ਹੈ।

ਉਸ ਧਰਤੀ ਤੋਂ ਇਸ ਤਰ੍ਹਾਂ ਦੀ ਦਿਲਾਂ ਨੂੰ ਠੰਢ ਪਾਉਣ ਵਾਲੀ ਸੁਧੀਰ ਅਗਰਵਾਲ ਵਰਗੀ ਆਵਾਜ਼ ਦਾ ਹੁੰਗਾਰਾ ਕਿਉਂ ਨਾ ਉੱਠੇ, ਪੰਜਾਬ ਇਸ ਮਾਰਗ 'ਤੇ ਤੁਰਨ ਦੀ ਪਹਿਲ ਕਿਉਂ ਨਾ ਕਰੇ। ਪੰਜਾਬ ਇਸ ਮਾਰਗ 'ਤੇ ਦੇਸ਼ ਦਾ ਨੇਤਾ ਕਿਉਂ ਨਾ ਬਣੇ? ਕਿਉਂ ਨਾ ਸਾਰੇ ਸਰਕਾਰੀ ਅਹਿਲਕਾਰ, ਲੋਕਾਂ ਦੇ ਚੁਣੇ ਹੋਏ ਸਾਰੇ ਨੁਮਾਇੰਦੇ ਤੇ ਜੁਡੀਸ਼ਰੀ ਦੇ ਸਾਰੇ ਮੈਂਬਰ ਆਪਣੇ ਬੱਚਿਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਨ ਲਈ ਭੇਜਣ।

ਕੋਈ ਭਾਸ਼ਾ ਮਾਨਵਤਾ ਦੇ ਭਲੇ ਲਈ ਉੱਠੀਆਂ ਲਹਿਰਾਂ ਦਾ ਮਾਧਿਅਮ ਤੇ ਸਰੋਤ ਬਣੇ, ਜਿਸ ਤਰ੍ਹਾਂ ਪੰਜਾਬੀ ਦੇ ਪ੍ਰਸੰਗ ਵਿਚ ਗੁਰਮਤਿ ਤੇ ਸੂਫ਼ੀ ਕਾਵਿ ਬਣੇ, ਇਸ ਨਾਲ ਭਾਸ਼ਾ ਦੇ ਵਿਕਾਸ ਨੂੰ ਇਕ ਅਦੁੱਤੀ ਹੁਲਾਰਾ ਮਿਲਦਾ ਹੈ :

*ਸਿਰਫ਼ ਭਾਸ਼ਾ ਨੂੰ ਬਚਾਇਆਂ*
*ਨਹੀਂ ਬਚਦੀ ਕੋਈ ਭਾਸ਼ਾ*
*ਭਾਸ਼ਾ ਬਚਦੀ ਹੈ ਸਦਾ*
*ਕਿਸੇ ਮਹਾ ਖ਼ਿਆਲ*
*ਮਹਾ ਕਰੁਣਾ*
*ਕਿਸੇ ਮਹਾ ਲਹਿਰ ਦਾ*
*ਸਰਗੁਣ ਸਰੂਪ ਬਣ ਕੇ।*

ਦਿਓ ਦੀ ਗੁਫ਼ਾ ਵਿਚ ਕੈਦ ਰਾਜਕੁਮਾਰੀ ਦੀ ਕਹਾਣੀ ਵਿਚ ਅੰਤ ਸੁਖਾਂਤਕ ਸੀ। ਰਾਜਕੁਮਾਰੀ ਅਤੇ ਉਸ ਗੱਭਰੂ ਨੇ, ਆਪਣੇ ਪਿਆਰ ਦੀ ਸ਼ਿੱਦਤ ਨਾਲ ਆਪਣੀ ਜੁਗਤ ਅਤੇ ਜ਼ੋਰ ਨਾਲ ਆਦਮਖ਼ੋਰ ਦਿਓ ਨੂੰ ਮਾਰ ਦਿੱਤਾ ਸੀ। ਉਹ ਆਪਣੇ ਦੇਸ਼ ਪਰਤ ਆਏ। ਉਨ੍ਹਾਂ ਦਾ ਵਿਆਹ ਹੋ ਗਿਆ ਤੇ ਉਹ ਖ਼ੁਸ਼ੀ-ਖ਼ੁਸ਼ੀ ਰਹਿਣ ਲੱਗ ਪਏ।

ਪੰਜਾਬੀ ਭਾਸ਼ਾ ਪਰਥਾਏ ਸਾਡੇ ਤੌਖ਼ਲੇ, ਆਸਾਂ ਤੇ ਯੋਜਨਾਵਾਂ ਦੀ ਕਹਾਣੀ ਵੀ ਉਸ ਲੋਕ-ਕਹਾਣੀ ਵਾਂਗ ਹੀ ਸੰਪੰਨ ਹੋਵੇਗੀ ਜੇ ਅਸੀਂ ਸਾਰੇ ਪੰਜਾਬੀ ਜੁਗਤ ਅਤੇ ਜ਼ੋਰ ਨਾਲ, ਪਿਆਰ ਦੀ ਸ਼ਿੱਦਤ ਨਾਲ ਆਪਣੇ ਰੋਲ ਅਦਾ ਕਰੀਏ। •

ਮਿੰਨੀ ਕਹਾਣੀ

## ਗੁਲਾਨਾਰੀ ਸੂਟ

• ਗੁਰਜੀਵਨ ਸਿੰਘ ਸਿੱਧੂ ਨਥਾਣਾ
94170-79435

*ਪਿੰਡ ਵਾਲਿਆਂ ਨੇ ਇੰਨਾ ਕੁ ਦੱਸ ਕੇ ਫੋਨ ਕੱਟ ਦਿੱਤਾ ਪਰ ਹੁਣ ਚੰਡੀਗੜ੍ਹ ਵਾਲੀ ਮਾਲਕਣ ਨੂੰ ਇਹ ਨਹੀਂ ਸਮਝ ਆ ਰਿਹਾ ਸੀ ਕਿ ਗੁਲਾਨਾਰੀ ਰੰਗ ਕਿਹੋ-ਜਿਹਾ ਹੁੰਦਾ ਹੈ ਕਿਉਂਕਿ ਉਹ ਤਾਂ ਹੁਣ ਸਾਰੇ ਰੰਗਾਂ ਨੂੰ ਇੰਗਲਿਸ਼ ਵਿਚ ਜਾਣਨ ਲੱਗੀ ਪਈ ਸੀ...*



ਤਕਰੀਬਨ ਚਾਰ ਦਹਾਕੇ ਪਹਿਲਾ ਦੀ ਗੱਲ ਹੈ, ਚੰਗੇ ਸਰਦੇ-ਵਰਦੇ ਪਰਿਵਾਰ ਨੇ ਆਪਣੇ ਬੱਚਿਆਂ ਨੂੰ ਚੰਗੀ ਅਤੇ ਉੱਚ ਵਿੱਦਿਆ ਦਿਵਾਉਣ ਦੇ ਮਨੋਰਥ ਨਾਲ ਪਿੰਡ ਤੋਂ ਚੰਡੀਗੜ੍ਹ ਜਾ ਕੇ ਰਿਹਾਇਸ਼ ਕਰ ਲਈ। ਇਹ ਪਰਿਵਾਰ ਕੁਝ ਸਾਲਾਂ ਵਿਚ ਹੀ ਪੂਰੀ ਤਰ੍ਹਾਂ ਸ਼ਹਿਰੀ ਬਣ ਗਿਆ।

ਤਕਰੀਬਨ ਡੇਢ ਕੁ ਸਾਲ ਪਹਿਲਾਂ ਚੰਡੀਗੜ੍ਹ ਆ ਕੇ ਵਸੇ ਇਸ ਪਰਿਵਾਰ ਦਾ ਨੇਪਾਲੀ ਨੌਕਰ ਦੋ ਮਹੀਨਿਆਂ ਦੀ ਛੁੱਟੀ ਲੈ ਕੇ ਨੇਪਾਲ ਵਾਪਸ ਘਰ ਚਲਾ ਗਿਆ। ਪਰਿਵਾਰ ਨੇ ਆਪਣੇ ਪਿੰਡ ਵਾਲੇ ਰਿਸਤੇਦਾਰਾਂ ਨੂੰ ਫੋਨ ਕਰ ਦਿੱਤਾ ਕਿ ਕੰਮ ਲਈ ਕੋਈ ਨੌਕਰ ਲੱਭ ਕੇ ਦਿਉ ਤੇ ਉਸ ਦੀ ਰਿਹਾਇਸ਼ ਤੇ ਖਾਣ-ਪੀਣ ਦਾ ਪ੍ਰਬੰਧ ਅਸੀਂ ਆਪਣੇ ਕੋਲ ਹੀ ਇਕ ਕਮਰੇ ਵਿਚ ਕਰ ਦੇਵਾਂਗੇ।

ਪਿੰਡ ਵਾਲੇ ਰਿਸ਼ਤੇਦਾਰਾਂ ਨੇ ਆਪਣੀ ਜਾਣ-ਪਛਾਣ ਵਾਲੇ ਗ਼ਰੀਬ ਪਰਿਵਾਰ ਦੀ ਇਕ ਔਰਤ ਨੂੰ ਚੰਡੀਗੜ੍ਹ ਜਾਣ ਲਈ ਤਿਆਰ ਕਰ ਲਿਆ ਤੇ ਉਸ ਨੂੰ ਸਿੱਧੀ ਚੰਗੀਗੜ੍ਹ ਵਾਲੀ ਬੱਸ ਬਿਠਾ ਕੇ, ਫੋਨ ਕਰ ਦਿੱਤਾ ਕਿ ਇਕ ਕੰਮ ਵਾਲੀ ਔਰਤ ਨੂੰ ਅਸੀਂ ਚੰਡੀਗੜ੍ਹ ਵਾਲੀ ਬੱਸ ਬਿਠਾ ਦਿੱਤਾ ਹੈ ਤੇ ਬੱਸ ਦਾ ਟਾਇਮ ਵੀ ਦੱਸ ਦਿੱਤਾ ਕਿ ਇੰਨ੍ਹੇ ਵਜ੍ਹੇ ਇਹ ਟ੍ਰਿਬਿਊਨ ਚੌਂਕ ਪਹੁੰਚ ਜਾਵੇਗੀ। ਤੁਸੀਂ ਇਸ ਔਰਤ ਨੂੰ ਓਥੋਂ ਲੈ ਜਾਣਾ, ਜਿਸ ਦੇ ਗੁੱਲਾਨਾਰੀ ਰੰਗ ਦਾ ਸੂਟ ਪਾਇਆ ਹੋਇਆ ਹੈ। ਅਸੀਂ ਉਸ ਨੂੰ ਤੁਹਾਡਾ ਨਾਂ ਦੱਸ ਦਿੱਤਾ ਹੈ ਕਿ ਇਸ ਨਾਂ ਦੀ ਔਰਤ ਤੈਨੂੰ ਲੈਣ ਆਵੇਗੀ ਚੌਂਕ 'ਚੋਂ। ਤੁਸੀਂ ਆਪਣਾ ਨਾਂ ਦੱਸ ਕੇ ਉਸ ਨੂੰ ਲੈ ਜਾਣਾ।

ਪਿੰਡ ਵਾਲਿਆਂ ਨੇ ਇੰਨਾ ਕੁ ਦੱਸ ਕੇ ਫੋਨ ਕੱਟ ਦਿੱਤਾ ਪਰ ਹੁਣ ਚੰਡੀਗੜ੍ਹ ਵਾਲੀ ਮਾਲਕਣ ਨੂੰ ਇਹ ਨਹੀਂ ਸਮਝ ਆ ਰਿਹਾ ਸੀ ਕਿ ਗੁਲਾਨਾਰੀ ਰੰਗ ਕਿਹੋ-ਜਿਹਾ ਹੁੰਦਾ ਹੈ ਕਿਉਂਕਿ ਉਹ ਤਾਂ ਹੁਣ ਸਾਰੇ ਰੰਗਾਂ ਨੂੰ ਇੰਗਲਿਸ਼ ਵਿਚ ਜਾਣਨ ਲੱਗੀ ਪਈ ਸੀ। ਉਸ ਨੇ ਆਪਣੀਆਂ ਚੰਡੀਗੜ੍ਹ ਵਾਲੀਆਂ ਸਹੇਲੀਆਂ ਨਾਲ ਗੁਲਾਨਾਰੀ ਰੰਗ ਬਾਰੇ ਗੱਲਬਾਤ ਕੀਤੀ ਪਰ ਕੁਝ ਪੱਲੇ ਨਾ ਪਿਆ ਤਾਂ ਉਸ ਨੇ ਆਪਣੇ ਰਿਸ਼ਤੇਦਾਰੀ 'ਚ ਚੰਡੀਗੜ੍ਹ ਰਹਿੰਦੀ ਨਣਦ ਨੂੰ ਫੋਨ ਕੀਤਾ ਕਿਉਂਕਿ ਉਸ ਨੂੰ ਪਤਾ ਸੀ ਕਿ ਉਹ ਪੰਜਾਬੀ ਨਾਲ ਕਾਫ਼ੀ ਨੇੜਤਾ ਰੱਖਦੀ ਹੈ ਤੇ ਚੰਡੀਗੜ੍ਹ ਰਹਿੰਦੇ ਸਾਰੇ ਰਿਸ਼ਤੇਦਾਰਾਂ ਦੇ ਬੱਚਿਆਂ ਨੂੰ ਪੰਜਾਬੀ ਪੇਪਰ ਦੀ ਤਿਆਰੀ ਵੀ ਉਹ ਹੀ ਕਰਵਾਉਂਦੀ ਹੈ।

ਉਸ ਨੂੰ ਰੰਗ ਤਾਂ ਕੀ ਪੰਜਾਬੀ ਦੇ ਹਰ ਸ਼ਬਦ ਅਤੇ ਉਸ ਦੇ ਅਰਥਾਂ ਦਾ ਗਿਆਨ ਹੈ। ਇਸ ਕਰਕੇ ਉਸ ਨੇ ਇਸ ਮਸਲੇ ਦੇ ਹੱਲ ਲਈ ਆਪਣੀ ਨਣਦ ਦੀ ਚੋਣ ਕੀਤੀ ਤੇ ਕਿਹਾ 'ਪਿੰਡ ਤੋਂ ਸਾਡੇ ਇਕ ਨਵੀਂ ਕੰਮ ਵਾਲੀ ਔਰਤ ਆ ਰਹੀ ਹੈ, ਆਪਾਂ ਉਸ ਨੂੰ ਟ੍ਰਿਬਿਊਨ ਚੌਂਕ ਜਾ ਕੇ ਲਿਆਉਣਾ ਹੈ ਜਿਸ ਦੇ ਗੁਲਾਨਾਰੀ ਰੰਗ ਦਾ ਸੂਟ ਪਾਇਆ ਹੋਵੇਗਾ। ਇਹ ਉਸ ਦੀ ਪਹਿਚਾਣ ਹੈ।

ਆਓ ਆਪਾਂ ਚੱਲੀਏ, ਬੱਸ ਦੇ ਆਉਣ ਦਾ ਟਾਇਮ ਹੋ ਚੱਲਿਆ ਹੈ। ਵਿਚਾਰੀਆਂ ਪਿੰਡ ਤੋਂ ਆਈਆਂ ਔਰਤਾਂ ਤਾਂ ਚੰਡੀਗੜ੍ਹ ਦਾ ਨਾ ਸੁਣ ਕੇ ਡਰ ਜਾਂਦੀਆਂ ਨੇ ਕਿ ਮੈਨੂੰ ਕੀ ਪਤਾ ਲੱਗਣਾ ਇੰਨ੍ਹੇ ਵੱਡੇ ਸ਼ਹਿਰ ਵਿਚ ਕਿੱਥੇ ਜਾਣਾ। ਇਹ ਹਾਸਾ-ਮਖ਼ੌਲ ਕਰਦੀਆਂ ਉਹ ਦੋਨੋਂ ਟ੍ਰਿਬਿਊਨ ਚੌਂਕ ਪਹੁੰਚ ਗਈਆਂ।

ਬੱਸ ਆਪਣੇ ਸਹੀ ਟਾਇਮ ਤੇ ਚੌਂਕ ਪਹੁੰਚ ਗਈ ਤੇ ਕਡੰਕਟਰ ਨੇ ਬੱਸ ਵਿਚ ਆਵਾਜ਼ ਦਿੱਤੀ 'ਚਲੋ ਬਈ ਟ੍ਰਿਬਿਊਨ ਚੌਂਕ ਵਾਲੇ ਉੱਤਰ ਜਾਓ, ਕੋਈ ਬੈਠਾ ਨਾ ਰਹਿ ਜਾਵੇ'। ਉਹ ਪਿੰਡ ਤੋਂ ਆਈ ਔਰਤ ਦੇ ਕੰਨ ਵੀ ਕਡੰਕਟਰ ਦੀ ਆਵਾਜ਼ ਦੀ ਉਡੀਕ ਵਿਚ ਉਤਾਵਲੇ ਸਨ ਕਿ ਕਦ ਇਹ ਟ੍ਰਿਬਿਊਨ ਚੌਂਕ ਦਾ ਨਾਂ ਲੈ ਕੇ ਆਵਾਜ਼ ਦੇਵੇਗਾ। ਉਹ ਔਰਤ ਵੀ ਉਤਰ ਆਈ ਤਾਂ ਉਡੀਕ 'ਚ ਖੜ੍ਹੀਆਂ ਦੋਵਾਂ ਚੋਂ ਉਸ ਦੀ ਨਣਦ ਨੇ ਗੁਲਾਨਾਰੀ ਰੰਗ ਦੇ ਸੂਟ ਦੀ ਪਛਾਨ ਕਰਦਿਆਂ ਝੱਟ ਦੇਣੇ ਕਿਹਾ 'ਭੈਣ ਜੀ ਉਹ ਆ ਗਈ ਤੁਹਾਡੇ ਕੰਮ ਵਾਲੀ ਔਰਤ।' ਤਾਂ ਉਸ ਕੋਲ ਜਾ ਕਿ ਉਨ੍ਹਾਂ ਆਪਣਾ ਨਾਂ ਦੱਸਿਆ ਤੇ ਭੈਣ ਜੀ ਉਸ ਨੂੰ ਆਪਣੇ ਘਰ ਲੈ ਆਏ ਨਾਲ ਇਹ ਵੀ ਸੋਚ ਰਹੇ ਸੀ ਕਿ ਅੱਜ ਤਾਂ ਮੇਰੀ ਬੇਇੱਜ਼ਤੀ ਹੋਣ ਤੋਂ ਬਚ ਗਈ ਜੇਕਰ ਮੈਂ ਦੁਬਾਰਾ ਪਿੰਡ ਫੋਨ ਕਰ ਕੇ ਪੁੱਛਦੀ ਕਿ ਗੁਲਾਨਾਰੀ ਰੰਗ ਨੂੰ ਇੰਗਲਿਸ਼ ਵਿਚ ਕੀ ਕਹਿੰਦੇ ਨੇ, ਮੇਰਾ ਤਾਂ ਪਿੰਡ ਵਾਲਿਆਂ ਨੇ ਮਖ਼ੌਲ ਉੱਡਾ ਛੱਡਣਾ ਸੀ। •

# ਪੰਜਾਬ ਵਿਚ ਨਸ਼ਿਆਂ ਦੀ ਵਰਤੋਂ ਦੀ ਹਕੀਕਤ 'ਅੱਲ੍ਹੜ ਉਮਰਾਂ ਤਲਖ਼ ਸੁਨੇਹੇ'

• ਡਾ. ਸਰਬਜੀਤ ਸਿੰਘ ਚਾਹਲ
98559-78629

ਇਤਿਹਾਸ ਨੂੰ ਕਮਬੰਦ ਕਰਨ ਅਤੇ ਸਾਹਿਤ ਦੀ ਰਚਨਾ 'ਚ ਲਿਖਾਰੀਆਂ, ਕਵੀਆਂ, ਗਾਇਕਾਂ, ਕਲਾਕਾਰਾਂ, ਚਿਤਰਕਾਰਾਂ ਅਤੇ ਨਾਟਕਕਾਰਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਬਹੁਤ ਵਾਰੀ ਇਨ੍ਹਾਂ ਦੀਆਂ ਨਿਰਪੱਖ ਰਚਨਾਵਾਂ ਚੰਗੀ ਤਬਦੀਲੀ ਅਤੇ ਸੁਖੇਵੇਂ ਵਾਤਾਵਰਨ ਦੀ ਸਿਰਜਣਾ ਵਿਚ ਸਹਾਈ ਬਣਦੀਆਂ ਹਨ। 'ਅੱਲ੍ਹੜ ਉਮਰਾਂ ਤਲਖ਼ ਸੁਨੇਹੇ' ਪੁਸਤਕ ਵੀ ਇਸੇ ਹੀ ਲੜੀ ਦਾ ਇਕ ਮਣਕਾ ਹੈ ਜੋ ਗੁਰਪ੍ਰੀਤ ਸਿੰਘ ਤੂਰ ਨੇ ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ ਤੋਂ ਛਪਵਾ ਕੇ ਪਾਠਕਾਂ ਦੇ ਸਨਮੁੱਖ ਕੀਤੀ ਹੈ। ਇਹ ਪੁਸਤਕ ਇਕ ਚੇਤਨਾਸ਼ੀਲ, ਹਮਦਰਦ, ਸੂਝਵਾਨ ਅਤੇ ਸੁਧਾਰਵਾਦੀ ਸੀਨੀਅਰ ਪੁਲਿਸ ਅਫ਼ਸਰ ਦੀ ਡਾਇਰੀ ਦੇ ਪੰਨਿਆਂ ਦੀ ਉਪਜ ਹੈ।

ਮੁੱਖ ਤੌਰ 'ਤੇ ਇਸ ਕਿਤਾਬ ਵਿਚ ਪੰਜਾਬ 'ਚ ਨਸ਼ਿਆਂ ਦੀ ਮਾਰ ਹੇਠ ਪਰਿਵਾਰਾਂ ਦੀ ਤਰਸਯੋਗ ਹਾਲਤ, ਮਜਬੂਰੀ, ਤੜਫ਼ੜਾਹਟ ਨੂੰ ਇਕ ਪਲੇਠੀ ਸੂਚਨਾ ਦੇ ਤੌਰ 'ਤੇ ਕਲਮਬੰਦ ਕੀਤਾ ਗਿਆ ਹੈ। ਪੰਜਾਬ ਨੂੰ ਵਾਰ-ਵਾਰ ਅਤੇ ਸਭ ਤੋਂ ਵੱਧ ਬਾਹਰੀ ਹਮਲਾਵਰਾਂ ਨੇ ਲੁੱਟਿਆ ਪਰ ਉਸ ਨੇ ਢਾਹ ਨਹੀਂ ਮੰਨੀ, ਅੱਜ ਉਸੇ ਪੰਜਾਬ ਨੂੰ ਉਹ ਹਮਲਾਵਰਾਂ ਦੀ ਧਰਤੀ, ਅਫ਼ਗਾਨਿਸਤਾਨ ਨੇ ਆਪਣੀ ਨਸ਼ਿਆਂ ਦੀ ਫ਼ਸਲ ਵੇਚ ਕੇ ਢਾਹ ਲਿਆ ਹੈ, ਜਿਸ ਨੂੰ ਮੁਖ ਬੰਦ ਵਿਚ ਹੀ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਪੁਸਤਕ ਵਿਚ ਹਰੇਕ ਛੋਟੀਆਂ ਵੱਡੀਆਂ ਚੋਣਾਂ, ਜਿਨ੍ਹਾਂ ਵਿਚ ਵਿਦਿਆਰਥੀ, ਪੰਚਾਇਤੀ, ਅਸੈਂਬਲੀ ਅਤੇ ਲੋਕ ਸਭਾ ਆਦਿ ਚੋਣਾਂ ਸ਼ਾਮਲ ਹਨ, ਸ਼ਰਾਬ ਦਾ ਖੁੱਲ੍ਹੇਆਮ ਵੋਟ-ਖ਼ਰੀਦ-ਵਸਤੂ ਵਾਂਗ ਵਰਤਿਆ ਜਾਣ ਦੀ ਬੜੀ ਗਹੁ ਨਾਲ ਛਾਣ-ਬੀਣ ਕੀਤੀ ਗਈ ਹੈ। ਠੀਕ ਹੀ ਕਹਿੰਦੇ ਹਨ ਕਿ ਜਦ ਕਿਸੇ ਕੁਰੀਤੀ ਨੂੰ ਸਮਾਜਿਕ ਸਵੀਕਾਰਤਾ ਮਿਲ ਜਾਵੇ ਅਤੇ ਰਿਵਾਜ ਵਾਂਗ ਸਮਝਿਆ ਜਾਣ ਲੱਗ ਪਵੇ ਉਹ ਦਸ਼ਾ ਸਭ ਤੋਂ ਮੰਦਭਾਗੀ ਹੁੰਦੀ ਹੈ। ਕਿਉਂਕਿ ਉਸ ਨੂੰ ਠਾਹ ਲਾਉਣਾ ਬੜਾ ਮੁਸ਼ਕਲ ਹੋ ਜਾਂਦਾ ਹੈ। ਇਸ ਸੱਚਾਈ ਨੂੰ ਲੇਖਕ ਨੇ ਹੂ-ਬ-ਹੂ ਸਾਹਮਣੇ ਲਿਆਂਦਾ ਹੈ। ਇਸ ਤੋਂ ਅੱਗੇ ਜੋ ਕਿ ਬਰਬਾਦੀ ਦਾ ਅਗਲਾ ਪੜਾਅ ਹੈ, ਉਹ ਹੈ ਔਰਤਾਂ ਜੋ ਕਦੀ ਨਸ਼ਿਆਂ ਵਿਰੁੱਧ ਡੱਟ ਕੇ ਖੜ੍ਹੋ ਜਾਂਦੀਆਂ ਸਨ, ਅੱਜ ਉਹ ਹੀ ਸਵਾਲ ਕਰਦੀਆਂ ਹਨ ਕਿ ਜੋ ਚੋਣਾਂ ਦੌਰਾਨ 'ਬੰਦਿਆਂ ਨੂੰ ਸ਼ਰਾਬ ਦੀਆਂ ਬੋਤਲਾਂ ਤਾਂ ਸਾਡੇ ਲਈ ਕੀ?' ਜਿਸ ਮੰਗ ਨੂੰ ਬੜੀ ਘਿਨਾਉਣੀ ਚਤੁਰਾਈ ਨਾਲ ਉਮੀਦਵਾਰਾਂ ਵੱਲੋਂ 'ਦੋ ਠੰਢੇ ਦੀਆਂ ਬੋਤਲਾਂ' ਦੇ ਕੇ ਪੂਰਾ ਕੀਤਾ ਜਾਂਦਾ ਹੈ।

ਬਹੁਤ ਸਾਰੇ ਨਿਰਪੱਖ ਅਤੇ ਪਾਰਖੂ ਸਰਵਿਆਂ ਨੇ ਪੰਜਾਬ 'ਚ ਗੋਲ਼ੀਆਂ, ਕੈਪਸੂਲਾਂ, ਸ਼ੀਸ਼ੀਆਂ, ਟੀਕਿਆਂ ਅਤੇ ਸਮੈਕ ਆਦਿ ਵੀ ਵੱਡੇ ਪੈਮਾਨੇ 'ਤੇ ਵਰਤੋਂ ਨੂੰ ਅੰਕਿਤ ਕੀਤਾ ਹੈ ਪਰ ਪਿਛਲੇ ਕੁਝ ਸਾਲਾਂ 'ਚ ਇਕ ਜ਼ਿੰਮੇਵਾਰ ਵਰਗ ਵੱਲੋਂ ਆਪਣੀ ਮਾੜੀ ਕਾਰਗੁਜ਼ਾਰੀ 'ਤੇ ਪਰਦਾ ਪਾਉਣ ਖ਼ਾਤਿਰ, ਇਸ ਤੱਥ ਨੂੰ ਲੁਕਾਉਣ ਲਈ ਇਸ ਨੂੰ 'ਪੰਜਾਬ ਨੂੰ ਭੰਡਣ ਦੀ ਸਾਜ਼ਿਸ਼' ਕਹਿ ਕੇ ਇਸ ਵੱਲੋਂ ਪਾਸਾ ਵੱਟ ਲਿਆ।

ਨਸ਼ਿਆਂ ਦੇ ਹੋ ਰਹੇ ਕੁੱਲ ਵਪਾਰ ਦਾ ਪੰਜ ਤੋਂ ਦਸ ਫ਼ੀਸਦੀ ਹਿੱਸਾ ਹੀ ਪੁਲਿਸ ਦੀ ਗ੍ਰਿਫ਼ਤ ਵਿਚ ਆਉਂਦਾ ਹੈ। ਨਸ਼ਿਆਂ ਦੀ ਖਪਤ ਅਤੇ ਬੁਰੇ ਪ੍ਰਭਾਵਾਂ ਪੱਖੋਂ ਪ੍ਰਾਂਤ ਦੀ ਹਾਲਤ ਬਹੁਤ ਗੰਭੀਰ ਹੈ। ਦਰਅਸਲ ਪੰਜਾਬ ਨੂੰ ਮੌਤ ਆਵਾਜ਼ਾਂ ਮਾਰਦੀ ਹੈ।'

ਪੰਜਾਬ ਦੀ ਨੌਜਵਾਨੀ ਦੇ ਨਸ਼ਿਆਂ ਦੀ ਜਿੱਲਣ 'ਚ ਫਸ ਜਾਣ ਦੇ ਹੋਰ ਵੀ ਕਈ ਕਾਰਨ ਹਨ ਜਿਨ੍ਹਾਂ ਬਾਰੇ ਖੁੱਲ੍ਹ ਕੇ ਗੱਲ ਕੀਤੀ ਗਈ ਹੈ ਜਿਵੇਂ ਕਿ ਵਿੱਦਿਆ ਦੇ ਮਿਆਰ ਦੇ ਪੱਧਰ 'ਚ ਲਗਾਤਾਰ ਗਿਰਾਵਟ ਅਤੇ ਇਸ ਦਾ ਵਪਾਰੀਕਰਨ ਹੋਣਾ। ਵਿੱਦਿਆ ਖੇਤਰ ਵਿਚ ਮਿਲਾਵਟ, ਅਧਿਆਪਕ ਅਤੇ ਵਿਦਿਆਰਥੀਆਂ ਦੇ ਆਪਸੀ ਰਿਸ਼ਤਿਆਂ ਨੂੰ ਖੋਰਾ ਲੱਗਣਾ। ਵਿੱਦਿਅਕ ਅਦਾਰਿਆਂ ਵਿਚ ਮਾਡਰਨ, ਮਹਿੰਗੇ ਅਤੇ ਪਾਰਟੀਆਂ ਵਿਚ ਨਸ਼ਿਆਂ ਦੀ ਖੁੱਲ੍ਹਮ-ਖੁੱਲ੍ਹੀ ਵਿਕਰੀ ਅਤੇ ਵਰਤੋਂ। ਖਿਡਾਰੀਆਂ ਵਿਚ ਸਰੀਰਕ ਸ਼ਕਤੀ ਵਧਾਉਣ ਦੀ ਲਾਲਸਾ ਪੂਰੀ ਕਰਨ ਲਈ ਨਸ਼ਿਆਂ ਦੀ ਵਰਤੋਂ ਨੇ ਨਸ਼ਿਆਂ ਵੱਲ ਮੁੜ ਦੇ ਨੌਜਵਾਨਾਂ ਦੀ ਗਿਣਤੀ ਨੂੰ ਬਹੁਤ ਵਧਾਇਆ ਹੈ।

ਦਿਖਾਵਾ, ਲੋੜ ਤੋਂ ਜ਼ਿਆਦਾ ਅਤੇ ਵਿੱਤ ਤੋਂ ਬਾਹਰ ਵਿਆਹ ਸ਼ਾਦੀਆਂ ਦੇ ਖ਼ਰਚੇ ਨੇ ਵੀ ਨਸ਼ਿਆਂ ਦੀ ਲਾਹਨਤ ਨੂੰ ਹੁਲਾਰਾ ਦਿੱਤਾ ਹੈ। ਪਰਿਵਾਰਾਂ ਦੇ ਮੁਖੀਆਂ ਦਾ ਖ਼ੁਦ ਹੀ ਨਸ਼ੇ ਦਾ ਆਦੀ ਹੋਣਾ ਅਤੇ ਪੁਰਾਣੀ ਅਤੇ ਨਵੀਂ ਪੀੜ੍ਹੀ ਵਿਚਾਲੇ ਝਕ ਦੇ ਉੱਡ ਜਾਣ ਬਾਰੇ ਜੋ ਸਬੂਤ ਦਿੱਤੇ ਗਏ ਹਨ, ਉਹ ਬਹੁਤ ਹੀ ਗੰਭੀਰ ਮੁੱਦੇ ਵੱਲ ਇਸ਼ਾਰਾ ਕਰਦੇ ਹਨ। ਇਸ ਨੂੰ ਸੰਜੀਦਗੀ ਨਾਲ ਸੋਚਣ ਦੀ ਜ਼ਰੂਰਤ ਹੈ।





ਪੰਜਾਬ ਦੇ ਇਸ ਦੁਖਾਂਤ ਦੇ ਮਾੜਿਆਂ ਨਤੀਜਿਆਂ ਨੂੰ ਮਜਬੂਰੀ ਸਮਝ ਕੇ ਔਰਤ ਦਾ ਚੁੱਪ-ਚਪੀਤੇ ਸਭ ਕੁਝ ਸਹਿਣ ਨੂੰ ਉਦਾਹਰਣਾਂ ਦੇ ਕੇ ਉਜਗਰ ਕਰਨ 'ਚ ਲੇਖਕ ਪੂਰੀ ਤਰ੍ਹਾਂ ਸਫ਼ਲ ਰਿਹਾ ਹੈ ਪਰ ਇੱਥੇ ਇਸ ਦੇ ਨਾਲ ਹੀ ਉਸ ਨੂੰ ਅਜੇ ਵੀ ਨਾਰੀ ਸ਼ਕਤੀ 'ਤੇ ਪੂਰਾ ਵਿਸ਼ਵਾਸ ਹੈ। ਸੋ ਇਸ ਮੁਸ਼ਕਲ ਸਮੇਂ ਦੇ ਸੁਲਝਾਅ ਦੀ ਨਾਇਕਾ ਬਣ ਸਕਦੀ ਹੈ। ਜਿਸ ਦਾ ਪ੍ਰਤੀਕ ਇਹ ਸੱਤਰਾਂ ਹਨ, 'ਜ਼ਿੰਦਗੀ ਨੂੰ ਝਾੜੀਆਂ-ਝਾਫਿਆਂ ਵਿੱਚੋਂ ਕੱਢ ਕੇ ਫੁੱਲਾਂ ਲੱਦੀਆਂ ਪਗਡੰਡੀਆਂ 'ਤੇ ਪਾ ਦੇਣਾ, ਔਰਤ ਦੀ ਅਥਾਹ ਸ਼ਕਤੀ ਹੈ।'

ਸਭ ਤੋਂ ਮੰਦਭਾਗਾ ਹੈ ਕਿ ਨਸ਼ਿਆਂ ਦੀ ਗ਼ੁਲਾਮੀ। ਇਹ ਗ਼ੁਲਾਮ ਨੂੰ ਨਾ ਸਿਰਫ਼ ਜ਼ੁਰਮ ਕਰਨ ਵੱਲ ਧਕੇਲ ਦੀ ਹੈ ਸਗੋਂ ਆਪਸੀ ਰਿਸ਼ਤੇ ਅਤੇ ਮੋਹ ਭੁੱਲਾ ਦਿੰਦੀ ਹੈ। ਇਸ ਦੀ ਇਕ ਮਿਸਾਲ ਇਸ ਤਰ੍ਹਾਂ ਦਿੱਤੀ ਗਈ ਹੈ ਕਿ 'ਇਕ ਨੌਜਵਾਨ ਨੇ ਮਰ ਗਈ ਮਾਂ ਦੇ ਪੈਰਾਂ 'ਚ ਮੱਥਾ ਟੇਕੇ ਦਸ ਵੀਹ ਰੁਪਿਆਂ ਦੇ ਨੋਟ ਇਕੱਠੇ ਕੀਤੇ ਅਤੇ ਮੋਟਰਸਾਈਕਲ 'ਤੇ ਸਵਾਰ ਹੋ ਗਿਆ। ਲਾਗਲੇ ਪਿੰਡ 'ਚੋਂ ਉਸ ਨੇ ਸਮੈਕ ਦੇ ਸੂਟੇ ਲਾਏ, ਉੱਥੇ ਸਿੱਧਾ ਸ਼ਮਸ਼ਾਨਘਾਟ ਪਹੁੰਚਿਆ ਤੇ ਮਾਂ ਦੀ ਚਿਖਾ ਨੂੰ ਅਗਨੀ ਭੇਂਟ ਕੀਤੀ।


ਬਹੁਤ ਸਾਰੇ ਪੁਲਿਸ ਭਰਤੀ ਲਈ ਆਏ ਨੌਜਵਾਨਾਂ ਦੀ ਸਰੀਰਕ ਗਿਣਤੀ-ਮਿਣਤੀ ਅਤੇ ਫਿਜ਼ੀਕਲ ਫਿਟਨੈੱਸ ਦੇ ਔਸਤਨ ਅੰਕੜਿਆਂ ਤੋਂ ਇਹ ਉਜਾਗਰ ਕੀਤਾ ਗਿਆ ਕਿ ਪੰਜਾਬ ਦੇ ਨੌਜਵਾਨ ਗੁਆਂਢੀ ਰਾਜ ਹਰਿਆਣਾ ਦੇ ਨੌਜਵਾਨਾਂ ਤੋਂ ਪਿਛੜ ਗਏ ਹਨ। ਇੱਥੋਂ ਤਕ ਕਿ 'ਚਿਹਰੇ ਦੀ ਰੌਣਕ ਤੇ ਆਤਮ-ਵਿਸ਼ਵਾਸ ਤਕ ਹਰ ਖੇਤਰ ਵਿਚ ਹਰਿਆਣੇ ਦੇ ਮੁੰਡੇ ਪੰਜਾਬ ਦੇ ਮੁੰਡਿਆਂ ਤੋਂ ਬਿਹਤਰ ਨਜ਼ਰ ਆਏ।

ਇਹ ਲਿਖਤ ਲੀਹੋਂ ਲੱਥੇ ਨੌਜਵਾਨਾਂ ਨੂੰ ਪਟੜੀ 'ਤੇ ਲਿਆਉਣ ਅਤੇ ਜ਼ਿੰਦਗੀ ਪ੍ਰਤੀ ਗੰਭੀਰ ਅਤੇ ਅਰਥਵਾਨ ਰਵੱਈਏ ਨੂੰ ਅਪਨਾਉਣ ਲਈ ਹੱਥੀਂ ਕਿਰਤ ਦੀ ਆਦਤ ਨੂੰ ਸਭ ਤੋਂ ਜ਼ਰੂਰੀ ਅਤੇ ਪ੍ਰਮੁੱਖ ਸਮਝਣ 'ਚ ਸਹਾਈ ਹੋ ਸਕਦੀ ਹੈ। ਜਿਵੇਂ ਨਿਚੋੜ ਵਜੋਂ ਲਿਖਿਆ ਗਿਆ ਹੈ ਕਿ 'ਜ਼ਿੰਦਗੀ ਸਿਖਰ ਦਾ ਸਿਰੜ ਅਤੇ ਮਿਹਨਤ ਦੀ ਮੰਗ ਕਰਦੀ ਹੈ। ਹੱਥੀਂ ਕੰਮ ਕਰਨਾ ਸਾਨੂੰ ਕੁਦਰਤ, ਵਿਰਸੇ ਅਤੇ ਸੱਭਿਆਚਾਰ ਨਾਲ ਵੀ ਜੋੜ ਦਾ ਹੈ' ਅਤੇ 'ਵਰਤਮਾਨ ਨੂੰ ਸ਼ੁੱਧਤਾ ਨਾਲ ਜੀਵੋ ਤਾਂ ਕਿ ਅਤੀਤ ਚੰਗਾ ਹੋਵੇ ਆਦਿ।' ਅੱਲ੍ਹੜ ਉਮਰੀ ਨੌਜਵਾਨਾਂ ਨੂੰ ਇਹ ਅਜਿਹੇ ਸੁਨੇਹੇ ਹਨ ਜੋ ਪ੍ਰੇਰਨਾ ਦਾ ਸਰੋਤ ਬਣ ਸਕਦੇ ਹਨ।

ਸਮੁੱਚੇ ਤੌਰ 'ਤੇ ਇਹ ਪੰਜਾਬ 'ਚ ਨਸ਼ਿਆਂ ਦੀ ਵਰਤੋਂ ਨੂੰ ਉਜਾਗਰ ਕਰਨ 'ਚ ਇਕ ਵਿਲੱਖਣ ਅਤੇ ਪ੍ਰਸ਼ੰਸਾਯੋਗ ਹੰਭਲਾ ਹੈ। ਲੇਖਕ ਨੇ ਆਪਣੇ ਦਫ਼ਤਰ ਨੂੰ ਇਕ ਖੋਜ ਪ੍ਰਯੋਗਸ਼ਾਲਾ ਵਾਂਗ ਭਾਂਪਿਆ ਹੈ। ਉਦਾਹਰਣਾਂ ਵਜੋਂ ਦਰਸਾਈਆਂ ਗਈਆਂ ਸ਼ਿਕਾਇਤਾਂ ਪੜ੍ਹਨ ਤੋਂ ਬਾਅਦ ਇਹ ਸੁਭਾਵਕ ਜਿਹੀ ਗੱਲ ਪਾਠਕਾਂ ਦੇ ਮਨ 'ਚ ਆਉਂਦੀ ਹੈ ਕਿ ਉਨ੍ਹਾਂ ਨੂੰ ਸੁਲਝਾਉਣ ਦੇ ਕੀ ਉਪਰਾਲੇ ਕੀਤੇ ਗਏ। ਆਮ ਤੌਰ 'ਤੇ ਇਹ ਵੀ ਸੁਣਨ ਨੂੰ ਮਿਲਦਾ ਹੈ ਕਿ ਪੁਲਿਸ ਥਾਣੇ ਅਤੇ ਜੇਲ੍ਹਾਂ 'ਚ ਨਸ਼ਿਆਂ ਦੇ ਵਿਸਥਾਰ ਤੇ ਮਾਰ ਤੋਂ ਬਾਹਰ ਨਹੀਂ ਹਨ। ਪਾਠਕ ਅਜਿਹੇ ਪਹਿਲੂਆਂ ਬਾਰੇ ਜਾਣਨ ਦੀ, ਅਜਿਹੇ ਸੰਜੀਦਾ ਵਾਰਤਕ ਲਿਖਾਰੀ ਅਤੇ ਉੱਚ ਅਧਿਕਾਰੀ ਤੋਂ ਮੰਗ ਕਰਦੇ ਹਨ ਜਿਸ ਨੂੰ ਇਸ ਦਾ ਫ਼ਿਕਰ ਇਨ੍ਹਾਂ ਸਤਰਾਂ ਤੋਂ ਜ਼ਾਹਿਰ ਹੈ ਕਿ 'ਸਰਕਾਰੀ ਸੇਵਾ ਨਿਭਾਉਂਦਿਆਂ ਨਸ਼ਿਆਂ ਅਤੇ ਜ਼ੁਰਮਾਂ ਵਿਚ ਫਸੇ ਨੌਜਵਾਨ ਮੇਰਾ ਵੱਡਾ ਫ਼ਿਕਰ ਰਹੇ ਹਨ। ਉਹ 'ਸਾਡੇ ਖੂਹ 'ਤੇ ਵਸਦਾ ਰੱਬ' ਵਰਗੇ ਮਾਹੌਲ ਨੂੰ ਫਿਰ ਵੇਖਣ ਦੀ ਹਾਮੀ ਭਰਦਾ ਹੈ।ਗੁਰਪ੍ਰੀਤ ਸਿੰਘ ਤੂਰ ਜਿਹੇ ਵਾਰਤਾਕਾਰ ਨੂੰ ਇਕ ਹੋਣਹਾਰ ਵਿਦਿਆਰਥੀ ਗੰਭੀਰ ਸਟਾਫ ਮੈਂਬਰ ਅਤੇ ਨਿਪੁੰਨ ਉੱਚ ਪੁਲਿਸ ਅਧਿਕਾਰੀ ਦੇ ਤੌਰ 'ਤੇ ਜਾਣਦਿਆਂ ਅਤੇ ਹੋਰ ਅਜਿਹੇ ਉੱਚ ਅਧਿਕਾਰੀ ਜੋ ਪੰਜਾਬ ਦੀ ਅਜੋਕੀ ਹਾਲਤ ਵਿੱਦਿਆ ਅਤੇ ਵਾਤਾਵਰਨ ਬਾਰੇ ਗੰਭੀਰ ਹਨ ਅਤੇ ਆਪਣੇ ਕੁਝ ਦੁਨਿਆਵੀ, ਭਾਵਹੀਣ, ਸਿਆਸੀ ਮਾਸਟਰਾਂ ਸਾਹਮਣੇ ਆਪਣੇ ਸੱਚੇ ਵਿਚਾਰਾਂ ਨੂੰ ਜ਼ਾਹਿਰ ਕਰਨ ਦੀ ਅਤੇ ਅਮਲੀ ਜਾਮਾ ਪਹਿਨਾਉਣ ਦੀ ਮੁੜ ਖ਼ੁਸ਼ਹਾਲੀ ਦੀ ਆਸ ਬੱਝਦੀ ਹੈ। •

ਮਿੰਨੀ ਕਹਾਣੀ

## ਸ਼ੁਕਰੀਆ



• ਸੁਰਿੰਦਰ 'ਮਾਣੂੰਕੇ ਗਿੱਲ'
88723-21000


ਉਸ ਦੇ ਮਸੂਮ ਜਿਹੇ ਚਿਹਰੇ ਤੋਂ ਪਤਾ ਹੀ ਨਹੀਂ ਲੱਗਦਾ ਸੀ ਕਿ ਉਹ ਇਕ ਜੱਜ ਦੇ ਅਹੁਦੇ 'ਤੇ ਕੰਮ ਕਰਦੀ ਸੀ। ਉਸ ਦਾ ਹਸੂੰ-ਹਸੂੰ ਕਰਦਾ ਚਿਹਰਾ ਹਰ ਇਕ ਨੂੰ ਪ੍ਰਭਾਵਤ ਕਰਦਾ ਸੀ ਪਰ ਲੋਕ ਉਸ ਦੇ ਕਿਸੇ ਉੱਚ ਅਹੁਦੇ ਬਾਰੇ ਜਾਨਣ ਦੀ ਬਜਾਏ ਉਸ ਦੇ ਚਿਹਰੇ ਵੱਲ ਗ਼ਲਤ ਨਜ਼ਰ ਨਾਲ ਦੇਖਦੇ ਸਨ। ਇਕ ਸਧਾਰਨ ਔਰਤ ਦੀ ਤਰ੍ਹਾਂ ਬੱਸ ਵਿਚ ਸਫ਼ਰ ਕਰਨ ਸਮੇਂ ਬੱਸ ਦਾ ਡਰਾਈਵਰ ਵੀ ਉਸ ਦੀ ਮੁਸਕਰਾਹਟ ਦਾ ਗ਼ਲਤ ਅੰਦਾਜ਼ਾ ਲਗਾ ਬੈਠਾ ਅਤੇ ਇਕ ਦਿਨ ਤਾ ਉਸ ਨੇ ਹੱਦ ਹੀ ਕਰ ਦਿੱਤੀ। ਆਪਣੇ ਮੋਬਾਈਲ ਵਾਲੀ ਪਰਚੀ ਉਸ ਵੱਲ ਸੁੱਟ ਦਿੱਤੀ। ਉਸ ਨੇ ਬੜੇ ਲਹਿਜੇ ਨਾਲ ਉਹ ਪਰਚੀ ਸਾਂਭ ਲਈ ਜਿਸ ਨੂੰ ਦੇਖਦਿਆਂ ਡਰਾਈਵਰ ਮਨ ਹੀ ਮਨ ਖ਼ੁਸ਼ ਹੋਣ ਲੱਗਾ।

ਡਰਾਈਵਰ ਦੀ ਖ਼ੁਸ਼ੀ ਉਸ ਸਮੇਂ ਖੰਭ ਲਾ ਕੇ ਉੱਡ ਗਈ ਜਦੋਂ ਦੋ-ਤਿੰਨ ਪੁਲਿਸ ਵਾਲੇ ਡਰਾਈਵਰ ਨੂੰ ਫੜ ਕੇ ਜੱਜ ਸਾਹਿਬਾਂ ਕੋਲ ਲੈ ਗਏ। ਜੱਜ ਦੀ ਕੁਰਸੀ 'ਤੇ ਬੈਠੀ ਔਰਤ ਨੂੰ ਦੇਖਦਿਆਂ ਹੀ ਡਰਾਈਵਰ ਦੇ ਮੂੰਹ ਦੀਆਂ ਹਵਾਈਆਂ ਉੱਡਣ ਲੱਗੀਆਂ ਅਤੇ ਆਵਾਜ਼ ਸੰਘ ਵਿਚ ਹੀ ਅੜ ਗਈ। ਜੱਜ ਸਾਹਿਬਾਂ ਨੇ ਮੁਸਕਰਾਦਿਆਂ ਹੋਇਆ ਕਿਹਾ ਕਿ 'ਮੁਸਕਰਾ ਤਾਂ ਮੈਂ ਹੁਣ ਵੀ ਰਹੀ ਹਾਂ, ਹੁਣ ਕਿਹੋ-ਜਿਹੀ ਲੱਗਦੀ ਹਾਂ।' ਡਰਾਈਵਰ ਦੇ ਸ਼ਰਮ ਨਾਲ ਹੱਥ ਜੁੜ ਰਹੇ ਸਨ। ਉਹ ਜੱਜ ਦੇ ਪੈਰ੍ਹਾਂ ਵਿਚ ਡਿੱਗ ਪਿਆ ਤੇ ਮਾਫ਼ ਕਰਨ ਦੀਆਂ ਦੁਹਾਈਆਂ ਦੇ ਲੱਗਾ।

ਜੱਜ ਸਾਹਿਬਾਂ ਉਸ ਨੂੰ ਸਜ਼ਾ ਦੇ ਕੇ ਸਬਕ ਸਿਖਾਉਣਾ ਚਾਹੁੰਦੀ ਸੀ ਪਰ ਡਰਾਈਵਰ ਦੇ ਮਿੰਨਤਾਂ ਤਰਲਿਆਂ ਨਾਲ ਉਸ ਦਾ ਮਨ ਪਿਘਲ ਗਿਆ। ਉਸ ਨੇ ਡਰਾਈਵਰ ਨੂੰ ਵਾਰਨਿੰਗ ਦੇ ਕੇ ਛੱਡ ਦਿੱਤਾ। ਕੁਝ ਦਿਨਾਂ ਬਾਅਦ ਉਹ ਫਿਰ ਉਸ ਡਰਾਈਵਰ ਦੀ ਬੱਸ ਵਿਚ ਬੈਠੀ ਤਾਂ ਡਰਾਈਵਰ ਨੇ ਆਪਣੀ ਸੀਟ ਦਾ ਪਿੱਛਲਾ ਹਿੱਸਾ ਲੱਕੜ ਉੱਪਰ ਲਾ ਕੇ ਸਨਮਾਈਕੇ ਨਾਲ ਕਵਰ ਕਰਵਾ ਲਿਆ ਸੀ ਜਿਸ ਦੇ ਪਿੱਛੇ ਪੰਜਾਬੀ ਦੇ ਮੋਟੇ ਅੱਖਰਾਂ ਵਿਚ ਲਿਖਿਆ ਸੀ ਕਿ 'ਹਰ ਵੱਡੀ ਔਰਤ ਨੂੰ ਮਾਂ ਸਮਝੋ ਅਤੇ ਛੋਟੀ ਨੂੰ ਭੈਣ' ਜਿਸ ਨੂੰ ਪੜ੍ਹਕੇ ਉਹ ਉੱਤਰਨ ਸਮੇ ਡਰਾਈਵਰ ਵੱਲ ਦੇਖ ਕੇ ਮੁਸਕਰਾ ਰਹੀ ਸੀ। ਹੁਣ ਡਰਾਈਵਰ ਉਸ ਦੀ ਮੁਸਕਰਾਹਟ ਦਾ ਜੁਵਾਬ ਮੁਸਕਰਾਹਟ ਨਾਲ ਨਹੀਂ ਦੇ ਰਿਹਾ ਸੀ ਸਗੋਂ ਉਸ ਦੇ ਮੂੰਹ 'ਤੇ ਗੰਭੀਰਤਾ ਦਿਖਾਈ ਦੇ ਰਹੀ ਸੀ ਜਿਹੜੀ ਉਸ ਨੂੰ ਉਸ ਜੱਜ ਸਾਹਿਬਾਂ ਨੇ ਦਿੱਤੀ ਸੀ। •

# ਪੰਜਾਬ 'ਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਆਮਦਨ ਵਿਚ ਜਨਵਰੀ ਮਹੀਨੇ ਵਿਚ 16 ਫ਼ੀਸਦੀ ਵਾਧਾ: ਜਿੰਪਾ

**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ 'ਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪੰਜਾਬ ਸਰਕਾਰ ਦੇ ਖਜ਼ਾਨੇ ਵਿਚ ਸਿਰਫ ਜਨਵਰੀ ਮਹੀਨੇ ਵਿਚ 16 ਫ਼ੀਸਦੀ ਤੋਂ ਜ਼ਿਆਦਾ ਆਮਦਨ ਆਈ ਹੈ। ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਹੈ ਕਿ ਪੰਜਾਬ ਵਾਸੀਆਂ ਨੂੰ ਪਾਰਦਰਸ਼ੀ, ਖੱਜਲ-ਖੁਆਰੀ ਰਹਿਤ ਅਤੇ ਭ੍ਰਿਸ਼ਟਾਚਾਰ ਮੁਕਤ ਸੇਵਾਵਾਂ ਦੇਣਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਟੀਚਾ ਹੈ ਅਤੇ ਇਸੇ ਸਦਕਾ ਸੂਬੇ ਦੀ ਆਮਦਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਵਿਸਥਾਰ ਵਿਚ ਜਾਣਕਾਰੀ ਦਿੰਦਿਆਂ ਜਿੰਪਾ ਨੇ ਕਿਹਾ ਕਿ ਜਨਵਰੀ 2024 ਵਿਚ ਸਟੈਂਪ ਅਤੇ ਰਜਿਸਟਰੇਸ਼ਨ ਅਧੀਨ ਪੰਜਾਬ ਸਰਕਾਰ ਨੂੰ 376.16 ਕਰੋੜ ਰੁਪਏ ਦੀ ਆਮਦਨ ਹੋਈ ਹੈ ਜੋ ਕਿ ਪਿਛਲੇ ਸਾਲ ਦੇ ਜਨਵਰੀ ਮਹੀਨੇ ਨਾਲੋਂ 16.83 ਫੀਸਦੀ ਜ਼ਿਆਦਾ ਹੈ। ਜਨਵਰੀ 2023 ਵਿਚ ਇਹ ਆਮਦਨ 321.96 ਕਰੋੜ ਰੁਪਏ ਸੀ। ਜਿੰਪਾ ਨੇ ਕਿਹਾ ਕਿ ਸੂਬੇ ਦੀ ਆਮਦਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਸਟੈਂਪ ਤੇ ਰਜਿਸਟਰੇਸ਼ਨ ਤਹਿਤ ਇਕ ਵੱਡੀ ਰਕਮ ਸਰਕਾਰ ਦੇ ਖਜ਼ਾਨੇ ਵਿਚ ਆ ਰਹੀ ਹੈ। ਉਨ੍ਹਾਂ ਕਿਹਾ ਕਿ ਮਾਲ ਵਿਭਾਗ ਦੇ ਕੰਮ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਲਈ ਪੰਜਾਬ ਸਰਕਾਰ ਪਹਿਲੇ ਦਿਨ ਤੋਂ ਹੀ ਸਾਰਥਕ ਹੰਭਲੇ ਮਾਰ ਰਹੀ ਹੈ। ਉਨ੍ਹਾਂ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਮਾਲ ਵਿਭਾਗ ਨਾਲ ਸਬੰਧਤ ਕਿਸੇ ਵੀ ਕੰਮ ਨੂੰ ਕਰਾਉਣ ਲਈ ਕਿਸੇ ਵੀ ਅਫਸਰ ਜਾਂ ਮੁਲਾਜ਼ਮ ਨੂੰ ਰਿਸ਼ਵਤ ਨਾ ਦਿੱਤੀ ਜਾਵੇ ਅਤੇ ਜੇਕਰ ਕੋਈ ਰਿਸ਼ਵਤ ਮੰਗਦਾ ਹੈ ਤਾਂ ਇਸ ਦੀ ਰਿਪੋਰਟ ਤੁਰੰਤ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਭ੍ਰਿਸ਼ਟ ਅਫਸਰਾਂ ਤੇ ਮੁਲਾਜ਼ਮਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆਂ ਨਹੀਂ ਜਾਵੇਗਾ। ਇਸ ਤੋਂ ਇਲਾਵਾ ਮਾਲ ਵਿਭਾਗ ਦੇ ਕੰਮਕਾਜ ਸਬੰਧੀ ਸ਼ਿਕਾਇਤ ਹੈਲਪਲਾਈਨ ਨੰਬਰ 8184900002 'ਤੇ ਵੀ ਦਰਜ ਕੀਤੀ ਜਾ ਸਕਦੀ ਹੈ। ਪ੍ਰਵਾਸੀ ਭਾਰਤੀ ਆਪਣੀ ਲਿਖਤੀ ਸ਼ਿਕਾਇਤ 9464100168 'ਤੇ ਦਰਜ ਕਰਵਾ ਸਕਦੇ ਹਨ।

# ਲਖਵਿੰਦਰ ਜੌਹਲ ਦੀ ਅਗਵਾਈ ਹੇਠ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀਆਂ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖ਼ਲ

**ਲੁਧਿਆਣਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



3 ਮਾਰਚ ਨੂੰ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਚੋਣ ਵਾਸਤੇ ਅੱਜ ਡਾ. ਲਖਵਿੰਦਰ ਸਿੰਘ ਜੌਹਲ, ਡਾ? ਸ਼ਿੰਦਰਪਾਲ ਸਿੰਘ ਤੇ ਡਾ. ਗੁਰਇਕਬਾਲ ਸਿੰਘ ਦੀ ਅਗਵਾਈ ਹੇਠ ਅੱਜ ਪੰਜਾਬੀ ਭਵਨ ਲੁਧਿਆਣਾ ਵਿਖੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਗਏ ਹਨ। ਡਾ. ਲਖਵਿੰਦਰ ਸਿੰਘ ਜੌਹਲ ਨੇ ਪ੍ਰਧਾਨ, ਡਾ? ਸ਼ਿੰਦਰਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ ਤੇ ਜਨਰਲ ਸਕੱਤਰ ਦੇ ਅਹੁਦੇ ਲਈ ਡਾ. ਗੁਰਇਕਬਾਲ ਸਿੰਘ ਨੇ ਕਾਗਜ਼ ਦਾਖ਼ਲ ਕੀਤੇ ਹਨ।

ਡਾ. ਲਖਵਿੰਦਰ ਸਿੰਘ ਜੌਹਲ ਨੇ ਦੱਸਿਆ ਕਿ ਮੀਤ ਪ੍ਰਧਾਨ ਲਈ ਭਗਵੰਤ ਸਿੰਘ (ਡਾ.), ਗੁਰਚਰਨ ਕੌਰ ਕੋਚਰ(ਡਾ.) ਤ੍ਰੈਲੋਚਨ ਲੋਚੀ, ਮਦਨ ਵੀਰਾ ਤੇ ਇਕਬਾਲ ਸਿੰਘ ਗੋਂਦਾਰਾ (ਡਾ.) (ਪੰਜਾਬੋਂ ਬਾਹਰ) ਤੋਂ ਇਲਾਵਾ ਪ੍ਰਬੰਧਕੀ ਬੋਰਡ ਦੇ ਮੈਂਬਰਾਂ ਲਈ ਗੁਰਵਿੰਦਰ ਸਿੰਘ ਅਮਨ ਰਾਜਪੁਰਾ, ਦੀਪ ਜਗਦੀਪ ਸਿੰਘ ਲੁਧਿਆਣਾ, ਕੇ ਸਾਧੂ ਸਿੰਘ ਮੁੱਲਾਂਪੁਰ, ਸਹਿਜਪ੍ਰੀਤ ਸਿੰਘ ਮਾਂਗਟ ਲੁਧਿਆਣਾ, ਬਲਜੀਤ ਪਰਮਾਰ (ਮੁੰਬਈ), ਹਰਦੀਪ ਢਿੱਲੋਂ ਅਬੋਹਰ, ਡਾ. ਸਰਘੀ ਅੰਮ੍ਰਿਤਸਰ, ਪਰਮਜੀਤ ਕੌਰ ਮਹਿਕ ਲੁਧਿਆਣਾ, ਜਗਦੀਸ਼ ਰਾਏ ਕੁੱਲਰੀਆਂ ਮਾਨਸਾ, ਹਰਵਿੰਦਰ ਸਿੰਘ ਗੁਲਾਬਾਸੀ ਚੰਡੀਗੜ੍ਹ, ਡਾ. ਨਾਇਬ ਸਿੰਘ ਮੰਡੇਰ ਰਤੀਆ ਹਰਿਆਣਾ (ਪੰਜਾਬੋਂ ਬਾਹਰ), ਰੋਜ਼ੀ ਸਿੰਘ ਫ਼ਤਹਿਗੜ੍ਹ ਚੂੜੀਆਂ, ਕਰਮਜੀਤ ਸਿੰਘ ਕੁੱਟੀ ਐਡਵੋਕੇਟ ਬਠਿੰਡਾ, ਡਾ. ਨਰੇਸ਼ ਕੁਮਾਰ ਨੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ।

ਇਸ ਮੌਕੇ ਡਾ. ਲਖਵਿੰਦਰ ਸਿੰਘ ਜੌਹਲ ਦੀ ਅਗਵਾਈ ਵਿਚ ਹੋਈ ਬੈਠਕ ਦੌਰਾਨ ਸਮੁੱਚੇ ਮੈਂਬਰ ਸਾਹਿਬਾਨ ਨੇ ਪ੍ਰਣ ਕੀਤਾ ਕਿ ਪੰਜਾਬੀ ਸਾਹਿਤ ਅਕਾਦਮੀ ਦੀ ਅਮੀਰ ਸਾਹਿਤਕ ਤੇ ਅਕਾਦਮਿਕ ਵਿਰਾਸਤ ਨੂੰ ਕਾਇਮ ਰੱਖਣ ਤੇ ਪ੍ਰਫੁੱਲਿਤ ਕਰਨ ਦੇ ਮਨੋਰਥ ਨਾਲ ਲੜੀ ਜਾਵੇਗੀ। ਡਾ. ਦੀਪਕ ਮਨਮੋਹਨ ਸਿੰਘ ਨੇ ਕਿਹਾ ਕਿ ਡਾ. ਲਖਵਿੰਦਰ ਸਿੰਘ ਜੌਹਲ ਦੀ ਅਗਵਾਈ ਵਾਲੀ ਟੀਮ ਨੇ ਪਿਛਲੇ ਦੋ ਸਾਲਾਂ ਵਿਚ ਅਕਾਡਮੀ ਨੇ ਇਸ ਮਹਾਨ ਸੰਸਥਾ ਦੇ ਮੋਢੀਆਂ ਤੇ ਵਡੇਰਿਆਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਦਿਆਂ ਬਹੁਤ ਸਾਰੇ ਉਹ ਕਾਰਜ ਕੀਤੇ ਹਨ ਜੋ ਚਿਰਾਂ ਤੋਂ ਰੁਕੇ ਹੋਏ ਸਨ।

ਉਨ੍ਹਾਂ ਕਿਹਾ ਕਿ ਨਾ ਸਿਰਫ਼ ਅਕਾਡਮੀ ਦੀ ਇਸ ਟੀਮ ਨੇ ਸਾਹਿਤਕ ਤੇ ਅਕਾਦਮਿਕ ਕਾਰਜਾਂ ਵਿਚ ਚੋਖਾ ਵਾਧਾ ਕੀਤਾ ਬਲਕਿ ਮਾਂ-ਬੋਲੀ ਨੂੰ ਤਕਨੀਕ ਦੇ ਹਾਣ ਦਾ ਬਣਾਉਣ ਲਈ ਉਚੇਚੇ ਉਪਰਾਲੇ ਕੀਤੇ। ਜਿਸ ਨਾਲ ਅਕਾਡਮੀ ਦੀ ਵਿਲੱਖਣ ਗਿਆਨ ਖ਼ਜ਼ਾਨੇ ਨਾਲ ਭਰਪੂਰ ਲਾਇਬ੍ਰੇਰੀ ਦੇਸ਼-ਵਿਦੇਸ਼ ਵਿਚ ਬੈਠੇ ਪੰਜਾਬੀ ਲੇਖਕਾਂ ਤੇ ਸਾਹਿਤ ਪ੍ਰੇਮੀਆਂ ਦੀ ਪਹੁੰਚ ਵਿਚ ਆਈ। ਉਨ੍ਹਾਂ ਕਿਹਾ ਕਿ ਇਸ ਅਨਮੋਲ ਖ਼ਜ਼ਾਨੇ ਨੂੰ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿਚ ਨਵੀਂ ਪੀੜ੍ਹੀਆਂ ਤੱਕ ਪਹੁੰਚਾਉਣ ਦੇ ਕਾਰਜ ਨੂੰ ਜਾਰੀ ਰੱਖਣ ਲਈ ਇਸ ਟੀਮ ਨੂੰ ਇਕ ਵਾਰ ਫੇਰ ਮੌਕਾ ਦੇਣਾ ਲਾਜ਼ਮੀ ਹੈ।

ਇਸ ਮੌਕੇ ਸਾਰੇ ਹਾਜ਼ਰ ਲੇਖਕਾਂ ਨੇ ਪਿਛਲੇ ਸਾਲ ਦੇ ਭਾਰਤੀ ਸਾਹਿੱਤ ਅਕਾਡਮੀ ਪੁਰਸਕਾਰ ਵਿਜੇਤਾ ਕਹਾਣੀਕਾਰ ਤੇ ਪੰਜਾਬੀ ਸਾਹਿੱਤ ਅਕਾਡਮੀ ਦੇ ਕਾਰਜਕਾਰਨੀ ਮੈਂਬਰ ਸੁਖਜੀਤ ਮਾਛੀਵਾੜਾ ਦੇ ਅਚਾਨਕ ਦੇਹਾਂਤ ਤੇ ਉਸ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਗੁਰਭਜਨ ਗਿੱਲ ਨੇ ਸਮੂਹ ਲੇਖਕਾਂ ਨੂੰ ਅਪੀਲ ਕੀਤੀ ਕਿ ਵਿੱਛੜੇ ਮਿੱਤਰ ਪਿਆਰੇ ਨੂੰ ਸ਼ਰਧਾ ਸੁਮਨ ਭੇਂਟ ਕਰਨ ਲਈ ਸਭ ਦੋਸਤ 22 ਫਰਵਰੀ ਨੂੰ ਗੁਰਦੁਆਰਾ ਚਰਨ ਕੰਵਲ ਸਾਹਿਬ ਮਾਛੀਵਾੜਾ (ਲੁਧਿਆਣਾ)ਵਿਖੇ ਦੁਪਹਿਰ 12ਵਜੇ ਤੋਂ 1ਵਜੇ ਤੀਕ ਜ਼ਰੂਰ ਪੁੱਜਣ। ਪੰਜਾਬੀ ਸਾਹਿੱਤ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਤੇ ਕੇਂਦਰੀ ਪੰਜਾਬੀ ਲੇਖਕ ਸਭਾ(ਸੇਖੋਂ) ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਕਿਹਾ ਕਿ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਆਪਣੀ ਵਿਲੱਖਣ ਸਾਹਿਤਕ ਤੇ ਅਕਾਦਮਿਕ ਰਿਵਾਇਤ ਲਈ ਜਾਣੀ ਜਾਂਦੀ ਹੈ। ਡਾ. ਲਖਵਿੰਦਰ ਸਿੰਘ ਜੌਹਲ ਦੀ ਅਗਵਾਈ ਵਾਲੀ ਟੀਮ ਨੇ ਅਕਾਡਮੀ ਦੀ ਸਾਹਿਤਕ ਪਰੰਪਰਾ ਤੇ ਆਧੁਨਿਕ ਤਕਨੀਕ ਵਿਚਾਲੇ ਪੁਲ ਉਸਰਾਦਿਆਂ ਆਪਣੀ ਪ੍ਰਬੰਧਕੀ ਸੂਝ ਨਾਲ ਅਕਾਡਮੀ ਦੀ ਬੁਨਿਆਦ ਨੂੰ ਮਜ਼ਬੂਤ ਕੀਤਾ ਹੈ। ਇਸ ਮਜ਼ਬੂਤੀ ਨੂੰ ਕਾਇਮ ਰੱਖਣ ਲਈ ਸਮੂਹ ਪੰਜਾਬੀ ਲੇਖਕ ਭਾਈਚਾਰਾ ਡਾ. ਜੌਹਲ ਦੀ ਅਗਵਾਈ ਵਾਲੇ ਅਦਬੀ ਕਾਫ਼ਲੇ ਦੇ ਭਰਪੂਰ ਸਮਰਥਨ ਵਿਚ ਆ ਗਿਆ ਹੈ। ਇਸ ਮੌਕੇ ਚੋਣਾਂ ਵਿੱਚ ਉਤਾਰੀ ਟੀਮ ਨੂੰ ਸਹਿਯੋਗ ਦੇਣ ਲਈ ਡਾ. ਨਿਰਮਲ ਜੌੜਾ, ਨਵਾਂ ਜ਼ਮਾਨਾ ਦੇ ਮੈਗਜ਼ੀਨ ਸੰਪਾਦਕ ਡਾ. ਹਰਜਿੰਦਰ ਸਿੰਘ ਅਟਵਾਲ,ਆਪਣੀ ਆਵਾਜ਼ ਦੇ ਮੁੱਖ ਸੰਪਾਦਕ ਸੁਰਿੰਦਰ ਸਿੰਘ ਸੁੱਨੜ, ਡਾ. ਓਮਿੰਦਰ ਜੌਹਲ, ਚੰਡੀਗੜ੍ਹ ਤੋਂ ਡਾ. ਸਵੈਰਾਜ ਸੰਧੂ, ਡਾ. ਨਿਰਮਲ ਸਿੰਘ ਬਾਸੀ, ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਗੁਰਭਜਨ ਸਿੰਘ ਗਿੱਲ, ਸੁਰਿੰਦਰਜੀਤ ਚੌਹਾਨ ਨਾਭਾ, ਇੰਦਰਜੀਤਪਾਲ ਕੌਰ ਭਿੰਡਰ, ਅਮਰਜੀਤ ਸ਼ੇਰਪੁਰੀ ਤੇ ਸਰਬਜੀਤ ਵਿਰਦੀ ਸਮੇਤ ਕਈ ਉੱਘੇ ਲੇਖਕ ਹਾਜ਼ਰ ਸਨ। ਡਾ. ਲਖਵਿੰਦਰ ਸਿੰਘ ਜੌਹਲ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਅਸੀਂ ਆਪਣਾ ਆਪਣਾ 22 ਨੁਕਾਤੀ ਚੋਣ ਮਨੋਰਥ ਪੱਤਰ ਜਾਰੀ ਕੀਤਾ ਹੈ ਜਿਸ ਤੋਂ ਸਾਡਾ ਮਨੋਰਥ ਸਪੱਸ਼ਟ ਹੈ ਕਿ ਸਾਡਾ ਸਾਹਿਤਕ ਕਾਫ਼ਲਾ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਬੰਧਾਂ ਨੂੰ ਬਿਹਤਰ ਕਰਨ, ਇਸ ਦੀ ਮੌਜੂਦਾ ਅਵਸਥਾ ਵਿਚ ਜ਼ਮੀਨੀ ਸੁਧਾਰ ਕਰਨ ਤੋਂ ਲੈ ਕੇ ਅਕਾਡਮੀ ਦੇ ਸਾਹਿਤਕ ਤੇ ਅਕਾਦਮਿਕ ਪਛਾਣ ਨੂੰ ਹੋਰ ਗੂੜ੍ਹਾ ਕਰਨਾ ਹੈ। ਅਸੀਂ ਸਮੂਹ ਲੇਖਕ ਮੈਂਬਰਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਸਾਡੇ ਮਨੋਰਥ ਪੱਤਰ 'ਤੇ ਮੋਹਰ ਲਾ ਕੇ ਸਾਡੇ ਵਿਸ਼ਵਾਸ ਤੇ ਪੰਜਾਬੀ ਸਾਹਿੱਤ ਅਕਾਡਮੀ ਦੀ ਸਰਬ-ਉੱਚਤਾ ਲਈ ਵਿੱਢੇ ਕਾਰਜਾਂ ਨੂੰ ਜਾਰੀ ਰੱਖਣ ਵਿਚ ਸਾਡਾ ਸਹਿਯੋਗ ਕਰਨ।

# ਪੁਲਿਸ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਰੈਕੇਟ ਦਾ ਕੀਤਾ ਪਰਦਾਫਾਸ਼

**ਜਲੰਧਰ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਿਸ ਨੇ 200 ਗ੍ਰਾਮ ਹੈਰੋਇਨ ਸਮੇਤ ਇੱਕ ਅਪਰਾਧੀ ਨੂੰ ਕਾਬੂ ਕਰਕੇ ਨਸ਼ਿਆਂ ਦੀ ਤਸਕਰੀ ਕਰਨ ਵਾਲੇ ਇੱਕ ਰੈਕੇਟ ਦਾ ਪਰਦਾਫਾਸ਼ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁਲਿਸ ਨੂੰ ਸੂਹ ਮਿਲੀ ਸੀ ਕਿ ਸ਼ਹਿਰ 'ਚ ਨਸ਼ਾ ਤਸਕਰੀ ਦਾ ਇੱਕ ਗਿਰੋਹ ਸਰਗਰਮ ਹੈ।

ਇਸ ਤੋਂ ਬਾਅਦ ਉਨ੍ਹਾਂ ਦੱਸਿਆ ਕਿ ਪੁਲਿਸ ਨੇ ਟੀ ਪੁਆਇੰਟ ਜੋਗਿੰਦਰ ਨਗਰ, ਰਾਮਾ ਮੰਡੀ, ਜਲੰਧਰ ਨੇੜੇ ਜਾਲ ਵਿਛਾਇਆ ਹੋਇਆ ਸੀ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਿਸ ਨੇ ਹੁਸ਼ਿਆਰਪੁਰ ਵਾਲੇ ਪਾਸਿਓਂ ਇੱਕ ਟੋਇਟਾ ਇਨੋਵਾ ਕਾਰ ਨੰਬਰ ਪੀ.ਬੀ.08-ਈ.ਡੀ.-0214 ਨੂੰ ਰੋਕਿਆ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁਲੀਸ ਨੇ ਗੱਡੀ ਦੀ ਤਲਾਸ਼ੀ ਲੈਣ 'ਤੇ ਕਾਰ ਵਿੱਚੋਂ 200 ਗ੍ਰਾਮ ਹੈਰੋਇਨ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਤੁਰੰਤ ਕਾਰ ਚਾਲਕ ਰੋਹਿਤ ਕੁਮਾਰ ਪੁੱਤਰ ਗੁਲਜ਼ਾਰ ਕੁਮਾਰ ਵਾਸੀ ਮੁਹੱਲਾ ਜਸਵੰਤ ਨਗਰ ਤਰਨਤਾਰਨ ਨੂੰ ਕਾਬੂ ਕਰ ਲਿਆ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਮੁਲਜ਼ਮ ਖ਼ਿਲਾਫ਼ ਥਾਣਾ ਰਾਮਾ ਮੰਡੀ ਜਲੰਧਰ ਵਿਖੇ ਮੁਕੱਦਮਾ ਨੰਬਰ 51 ਮਿਤੀ 17-02-2024 ਅਧੀਨ 21-61-85 ਐਨ.ਡੀ.ਪੀ.ਐਸ ਐਕਟ ਦਰਜ ਕੀਤਾ ਗਿਆ ਹੈ।

ਪੁਲਿਸ ਕਮਿਸ਼ਨਰ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਅਜੇ ਅਪਰਾਧੀ ਦਾ ਕੋਈ ਵੀ ਪਿਛੋਕੜ ਦਾ ਪਤਾ ਨਹੀਂ ਲੱਗਾ ਹੈ। ਸ੍ਰੀ ਸਵਪਨ ਸ਼ਰਮਾ ਨੇ ਜਲੰਧਰ ਕਮਿਸ਼ਨਰੇਟ ਪੁਲਿਸ ਦੀ ਸ਼ਹਿਰ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਮੰਗਾਂ ਹੱਲ ਨਾ ਹੋਣ 'ਤੇ ਸਿੱਖਿਆ ਮੰਤਰੀ ਦੇ ਪਿੰਡ ਪੁੱਜਾ ਡੀਟੀਐੱਫ ਦਾ ਵਫ਼ਦ



**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

'ਆਪ' ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਦੀ ਢਿੱਲੀ ਕਾਰਗੁਜ਼ਾਰੀ ਤੋਂ ਖ਼ਫ਼ਾ ਅਧਿਆਪਕਾਂ ਨੇ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਬੈਨਰ ਹੇਠ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਪਹੁੰਚ ਕੀਤੀ ਅਤੇ ਮਸਲੇ ਹੱਲ ਨਾ ਹੋਣ 'ਤੇ ਮੁੜ ਸੰਘਰਸ਼ੀ ਬਿਗਲ ਵਜਾਉਣ ਦਾ ਐਲਾਨ ਕੀਤਾ। ਇਸ ਮੌਕੇ ਡੀਟੀਐੱਫ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਪਿਛਲੇ 6 ਸਾਲ ਤੋਂ ਦੱਬ ਕੇ ਰੱਖੀ ਈਟੀਟੀ ਤੋਂ ਮਾਸਟਰ ਕਾਡਰ ਦੀ ਪੈਂਡਿੰਗ ਤਰੱਕੀ, ਮਾਸਟਰ, ਲੈਕਚਰਾਰ, ਹੈੱਡਮਾਸਟਰ, ਪ੍ਰਿੰਸੀਪਲਾਂ, ਸੀ.ਐਂਡ.ਵੀ. ਅਤੇ ਨਾਨ ਟੀਚਿੰਗ ਕਾਡਰਾਂ ਦੀਆਂ ਲਟਕੀਆਂ ਤਰੱਕੀਆਂ ਨੇਪਰੇ ਚਾੜ੍ਹਨ, ਇਸੇ ਢੰਗ ਨਾਲ 3582 ਅਤੇ 4161 ਭਰਤੀਆਂ 'ਤੇ ਨਿਯੁਕਤ ਅਧਿਆਪਕਾਂ ਲਈ ਕ੍ਰਮਵਾਰ 16 ਜੁਲਾਈ 2018 ਅਤੇ 9 ਮਈ 2022 ਤੋਂ ਸਾਰੇ ਆਰਥਿਕ ਲਾਭ ਦੇਣ, 5178, 3442, 7654 ਅਸਾਮੀਆਂ 'ਤੇ ਨਿਯੁਕਤ ਅਧਿਆਪਕਾਂ ਨੂੰ ਮੁੱਢਲੀ ਠੇਕਾ ਅਧਾਰਿਤ ਨਿਯੁਕਤੀ ਦੀ ਚੋਣ ਮੈਰਿਟ ਅਨੁਸਾਰ ਮਾਸਟਰ ਕਾਡਰ ਦੀ ਸੀਨੀਅਰਤਾ ਸੂਚੀ ਤਿਆਰ ਕਰਨ, ਪ੍ਰਾਇਮਰੀ ਦੀਆਂ ਪੈਂਡਿੰਗ 5994, 2364, 6635 ਭਰਤੀਆਂ ਨੂੰ ਫ਼ੌਰੀ ਮੁਕੰਮਲ ਕਰਨ ਸਬੰਧੀ ਮੰਗਾਂ ਦਾ ਲੰਮੇ ਸਮੇਂ ਤੋਂ ਹੱਲ ਨਹੀਂ ਕੀਤਾ ਜਾ ਰਿਹਾ।

ਇਸ ਦੌਰਾਨ ਆਗੂਆਂ ਨੇ ਰੋਸ ਜ਼ਾਹਰ ਕਰਦਿਆਂ ?ਕਿਹਾ ਕਿ ਵਿਭਾਗ ਵੱਲੋਂ ਪੁਰਸ਼ ਅਧਿਆਪਕਾਂ ਨੂੰ ਸਾਲਾਨਾ ਮਿਲਣ ਯੋਗ ਅਚਨਚੇਤ ਛੁੱਟੀਆਂ ਵਿੱਚ 10 ਤੋਂ 15 ਦਾ ਵਾਧਾ ਹੋਣ ਮੌਕੇ ਠੇਕਾ ਅਧਾਰਿਤ ਸੇਵਾ ਨੂੰ ਵੀ ਯੋਗ ਮੰਨਣ ਦਾ ਸਪੱਸ਼ਟੀਕਰਨ ਜਾਰੀ ਕਰਨ।

# ਇਨਾਮ ਨੇ ਗੋਲਡ ਮੈਡਲ ਜਿੱਤ ਕੇ ਜ਼ਿਲ੍ਹਾ ਮਾਲੇਰਕੋਟਲਾ ਦਾ ਨਾਮ ਰੌਸ਼ਨ ਕੀਤਾ



**ਮਲੇਰਕੋਟਲਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਸਰਕਾਰੀ ਪ੍ਰਾਇਮਰੀ ਸਕੂਲ, ਰਾਜਿੰਦਰ ਨਗਰ ਮਾਲੇਰਕੋਟਲਾ ਦੇ ਪੰਜਵੀਂ ਸ਼੍ਰੇਣੀ ਦੇ ਵਿਸ਼ੇਸ਼ ਲੋੜਾਂ ਵਾਲੇ ਬੱਚੇ ਮੁਹੰਮਦ ਇਨਾਮ ਨੇ ਪੰਜਾਬ ਪੱਧਰੀ 200 ਮੀਟਰ ਦੌੜ ਮੁਕਾਬਲੇ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਖੇਡ ਇੰਚਾਰਜ ਸ੍ਰੀ ਗੁਲਰੇਜ਼ ਆਬਿਦ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਕਪੂਰਥਲਾ ਵਿਖੇ ਹੋਈਆਂ ਪੰਜਾਬ ਰਾਜ ਪੱਧਰੀ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀਆਂ ਖੇਡਾਂ ਵਿੱਚ ਅਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਇਨਾਮ ਨੇ ਜ਼ਿਲ੍ਹਾ ਮਾਲੇਰਕੋਟਲਾ ਦਾ ਨਾਮ ਰੌਸ਼ਨ ਕਰਦਿਆਂ ਗੋਲਡ ਮੈਡਲਪ੍ਰਾਪਤ ਕੀਤਾ। ਸਕੂਲ ਦੀ ਮੁੱਖ ਵੀ ਪ੍ਰਸ਼ੰਸ਼ਾ ਕੀਤੀ। ਉਹਨਾਂ ਬੱਚੇ ਨੂੰ ਅਧਿਆਪਕਾ ਸ੍ਰੀਮਤੀ ਅਨੀਸ਼ ਉੱਜਵਲ ਭਵਿੱਖ ਲਈ ਕਾਮਨਾਵਾਂ ਦਿੱਤੀਆਂ ਅਤੇ ਉਮੀਦ ਜਤਾਈ ਕਿ ਉਹ ਦਿਨ ਦੂਰ ਨਹੀਂ ਜਦੋਂ ਇਹ ਬੱਚਾ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਜ਼ਿਲ੍ਹਾ ਮਾਲੇਰਕੋਟਲਾ ਦਾ ਨਾਮ ਰੌਸ਼ਨ ਕਰੇਗਾਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ਼੍ਰੀ ਮੁਹੰਮਦ ਖ਼ਲੀਲ ਅਖ਼ਤਰ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਜਿੱਥੇ ਜੇਤੂ ਵਿਦਿਆਰਥੀ ਅਤੇ ਉਸਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ, ਉੱਥੇ ਹੀ ਇਹਨਾਂ ਖੇਡਾਂ ਲਈ ਤਿਆਰੀ ਕਰਵਾਉਣ ਵਾਲੇ ਸਕੂਲ ਦੇ ਖੇਡ ਇੰਚਾਰਜ ਸ੍ਰੀ ਗੁਲਰੇਜ਼ ਆਬਿਦ ਦੀ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ੍ਰੀ ਅਖ਼ਤਰ ਸਲੀਮ ਨੇ ਬੱਚੇ ਦੀ ਇਸ ਪ੍ਰਾਪਤੀ ਤੇ ਵਿਸ਼ੇਸ਼ ਵਧਾਈ ਦਿੱਤੀ। ਬੱਚੇ ਦੇ ਪਿਤਾ ਹਾਜੀ ਮੁਹੰਮਦ ਅਸ਼ਫ਼ਾਕ ਜੀ ਨੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਸਰਵ ਪੱਖੀ ਵਿਕਾਸ ਲਈ ਕੀਤੇ ਜਾ ਰਹੇ ਕਾਰਜਾਂ ਲਈ ਪੰਜਾਬ ਸਰਕਾਰ ਅਤੇ ਵਿਸ਼ੇਸ਼ ਤੌਰ ਤੇ ਸਕੂਲ ਸਿੱਖਿਆ ਵਿਭਾਗ ਦਾ ਧੰਨਵਾਦ ਕੀਤਾ। ਉਪਰੋਕਤ ਤੋਂ ਇਲਾਵਾ ਮੁਹੰਮਦ ਰਿਜ਼ਵਾਨ (ਡੀ ਐਸ ਈ), ਜਸਵੀਰ ਕੌਰ (ਡੀ ਐਸ ਈ ਟੀ), ਹੈਡਮਾਸਟਰ ਸੱਜਾਦ ਅਲੀ ਗੌਰੀਆ, ਜ਼ਿਲ੍ਹਾ ਬਾਕਸਿੰਗ ਕੋਚ ਮੁਹੰਮਦ ਹਬੀਬ, ਸਕੂਲ ਚੇਅਰਮੈਨ ਰੀਨਾ ਰਾਣੀ, ਐੱਸ ਐਮ ਸੀ ਮੈਂਬਰ ਪਹਿਲਵਾਨ ਸ਼ੇਰ ਮੁਹੰਮਦ ਆਦਿ ਸਮੇਤ ਸਕੂਲ ਦਾ ਸਮੂਹ ਸਟਾਫ਼ ਵੀ ਹਾਜ਼ਰ ਸੀ।

# ਅੰਗਹੀਣਤਾ ਸਰਟੀਫਿਕੇਟ ਬਣਾਉਣ ਸਬੰਧੀ ਕੈਂਪ



ਸਰਕਾਰੀ ਹਸਪਤਾਲ ਦੂਧਨਸਾਧਾਂ ਵਿੱਚ ਕੈਂਪ ਦੌਰਾਨ ਸ਼ਾਮਲ ਮਾਹਿਰ।

**ਦੇਵੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ (ਪਟਿਆਲਾ) ਡਾ. ਰਮਿੰਦਰ ਕੌਰ ਦੇ ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਜੈਦੀਪ ਭਾਟੀਆ ਦੀ ਅਗਵਾਈ ਵਿੱਚ ਸਰਕਾਰੀ ਹਸਪਤਾਲ ਦੂਧਨਸਾਧਾਂ ਵਿੱਚ ਅੰਗਹੀਣਤਾ ਸਰਟੀਫਿਕੇਟ ਬਣਾਉਣ ਲਈ ਸਪੈਸ਼ਲ ਕੈਂਪ ਲਗਾਇਆ ਗਿਆ। ਇਸ ਮੌਕੇ ਹਰਮੀਤ ਸਿੰਘ ਪਠਾਣਮਾਜਰਾ ਵਿਧਾਇਕ ਹਲਕਾ ਸਨੌਰ ਵੱਲੋਂ ਹਰਦੇਵ ਸਿੰਘ ਘੜਾਮ ਪ੍ਰਧਾਨ ਟਰੱਕ ਯੂਨੀਅਨ ਅਤੇ ਹਰਵਿੰਦਰ ਸਿੰਘ ਬੱਬੂ ਨੇ ਵੀ ਸ਼ਿਰਕਤ ਕੀਤੀ।

ਸੀਨੀਅਰ ਮੈਡੀਕਲ ਅਫਸਰ ਡਾ. ਜੈਦੀਪ ਭਾਟੀਆ ਨੇ ਦੱਸਿਆ ਕਿ ਅੱਜ ਦੇ ਇਸ ਕੈਂਪ ਵਿੱਚ ਡਾ. ਅਨੁਜ ਬਾਂਸਲ ਬੱਚਿਆਂ ਦੇ ਮਾਹਿਰ, ਡਾ. ਮਨਪ੍ਰੀਤ ਕਪੂਰ ਮੈਡੀਸਨ ਦੇ ਮਾਹਿਰ, ਡਾ. ਕਮਲਦੀਪ ਸਿੰਘ ਅੱਖਾਂ ਦੇ ਮਾਹਿਰ, ਡਾ. ਨਿਰਮਲ ਦਾਸ ਹੱਡੀਆਂ ਦੇ ਮਾਹਿਰ, ਡਾ. ਅਭਿਨਵ ਸ਼ਰਮਾ ਮਨੋਚਿਕਿਤਸਕ, ਡਾ. ਗਗਨਦੀਪ ਕੌਰ ਈ.ਐਨ.ਟੀ. ਮਾਹਿਰ, ਸੰਗੀਤਾ ਅਤੇ ਹਰਜੀਤ ਸਿੰਘ ਦੋਵੇਂ ਕੰਪਿਊਟਰ ਆਪ੍ਰੇਟਰ, ਅਨੀਤਾ ਖੰਨਾ ਅਪਥਾਲਮਿਕ ਅਫਸਰ ਪਹੁੰਚੇ ਜਿਨ੍ਹਾਂ ਵੱਲੋਂ ਲੋੜਵੰਦ ਵਿਅਕਤੀਆਂ ਦਾ ਚੈੱਕਅੱਪ ਕਰਨ ਉਪਰੰਤ ਅੰਗਹੀਣਤਾ ਸਰਟੀਫਿਕੇਟ ਬਣਾਏ ਜਾਣਗੇ। ਗੁਰਵਿੰਦਰ ਸਿੰਘ ਬਲਾਕ ਪਸਾਰ ਸਿਖਿਆਕਾਰ ਨੇ ਸਿਖਿਆ ਵਿਭਾਗ ਵਲੋ ਕੀਤੇ ਯੋਗਦਾਨ ਦੀ ਸ਼ਲਾਘਾ ਕੀਤੀ। ਉਨਾ ਦੱਸਿਆ ਕਿ ਅੱਜ ਦੇ ਇਸ ਕੈਂਪ ਵਿੱਚ 16 ਲੋੜਵੰਦਾਂ ਨੇ ਫਾਇਦਾ ਉਠਾਇਆ।

# ਤਹਿਸੀਲਦਾਰ ਦੇ ਨਾਮ 'ਤੇ ਲੱਖ ਰੁਪਏ ਦੀ ਰਿਸ਼ਵਤ ਮੰਗਣ ਵਾਲਾ ਵਿਅਕਤੀ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫਤਾਰ



**ਕਪੂਰਥਲਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲ ਰਹੀ ਮੁਹਿੰਮ ਦੌਰਾਨ ਸੋਮਵਾਰ ਨੂੰ ਇੱਕ ਵਿਅਕਤੀ ਪਰਦੀਪ ਕੁਮਾਰ, ਵਾਸੀ ਖਲਵਾੜਾ ਕਾਲੋਨੀ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਨੂੰ ਤਹਿਸੀਲਦਾਰ ਅਤੇ ਮੈਨੇਜਰ ਫਰਦ ਕੇਂਦਰ ਫਗਵਾੜਾ ਦੇ ਨਾਮ 'ਤੇ ਇੱਕ ਲੱਖ ਰੁਪਏ ਦੀ ਰਿਸ਼ਵਤ ਮੰਗਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਓਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਵਿਰੁੱਧ ਇਹ ਮੁੱਕਦਮਾ ਤਹਿਸੀਲ ਫਗਵਾੜਾ ਦੇ ਪਿੰਡ ਮਾਧੋਪੁਰ ਦੇ ਵਸਨੀਕ ਮਨਜੀਤ ਸਿੰਘ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਅਧਾਰ 'ਤੇ ਦਰਜ ਕੀਤਾ ਗਿਆ ਹੈ।

ਉਸਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਉਸਦੀ ਪਤਨੀ ਨੇ ਜੱਦੀ ਜ਼ਮੀਨ ਦੇ ਵਿਰਾਸਤੀ ਇੰਤਕਾਲ ਸਬੰਧੀ ਇੱਕ ਦਰਖਾਸਤ ਤਹਿਸੀਲਦਾਰ ਨੂੰ ਦਿੱਤੀ ਹੈ ਜਿਸ ਨੇ ਉਹ ਅਰਜ਼ੀ ਸਬੰਧਤ ਪਟਵਾਰੀ ਨੂੰ ਭੇਜ ਦਿੱਤੀ ਹੈ ਪਰ ਉਪਰੋਕਤ ਮੁਲਜ਼ਮ ਇੱਸ ਕੇਸ ਵਿੱਚ ਇੱਕ ਲੱਖ ਰੁਪਏ ਦੀ ਮੰਗ ਕਰ ਰਿਹਾ ਹੈ ਕਿਉਂਕਿ ਉਸਨੇ ਸ਼ਿਕਾਇਤਕਰਤਾ ਨੂੰ ਕੰਮ ਨੇਪਰੇ ਚਾੜ੍ਹਨ ਦਾ ਭਰੋਸਾ ਦਿੰਦਿਆਂ ਕਿਹਾ ਹੈ ਕਿ ਇਸ ਸਬੰਧੀ ਤਹਿਸੀਲਦਾਰ ਅਤੇ ਫਰਦ ਕੇਂਦਰ ਦਾ ਮੈਨੇਜਰ ਇੱਕ ਲੱਖ ਰੁਪਏ ਰਿਸ਼ਵਤ ਮੰਗ ਰਹੇ ਹਨ। ਸ਼ਿਕਾਇਤਕਰਤਾ ਨੇ ਉਪਰੋਕਤ ਮੁਲਜ਼ਮ ਵੱਲੋਂ ਪੈਸਿਆਂ ਦੀ ਮੰਗ ਕਰਦੇ ਸਮੇਂ ਅਵਾਜ ਦੀ ਰਿਕਾਰਡਿੰਗ ਵੀ ਕਰ ਲਈ ਜੋ ਕਿ ਉਸਨੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ।

ਇਸ ਸਬੰਧੀ ਵਿਜੀਲੈਂਸ ਰੇਂਜ ਜਲੰਧਰ ਨੇ ਸ਼ਿਕਾਇਤ ਦੀ ਪੜਤਾਲ ਕਰਕੇ ਸ਼ਿਕਾਇਤਕਰਤਾ ਵੱਲੋਂ ਲਗਾਏ ਦੋਸ਼ਾਂ ਨੂੰ ਸਹੀ ਤੇ ਦਰੁੱਸਤ ਪਾਇਆ ਹੈ।

# 15 ਕਿੱਲੋ ਭੁੱਕੀ ਅਤੇ ਪੰਜ ਹਜ਼ਾਰ ਡਰੱਗ ਮਨੀ ਸਮੇਤ ਇਕ ਗ੍ਰਿਫਤਾਰ

**ਪਟਿਆਲਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਤ੍ਰਿਪੜੀ ਦੀ ਪੁਲਸ ਨੇ ਐੱਸ.ਐੱਚ.ਓ. ਇੰਸ. ਗੁਰਪ੍ਰੀਤ ਸਿੰਘ ਭਿੰਡਰ ਦੀ ਅਗਵਾਈ ਹੇਠ 15 ਕਿੱਲੋ ਭੁੱਕੀ ਅਤੇ ਪੰਜ ਹਜ਼ਾਰ ਰੁਪਏ ਦੀ ਡਰੱਗ ਮਨੀ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦਾ ਨਾਮ ਲਖਵਿੰਦਰ ਸਿੰਘ ਪੁੱਤਰ ਗੁਰਮੁੱਖ ਸਿੰਘ ਵਾਸੀ ਗਗਨ ਵਿਹਾਰ ਭਾਦਸੋਂ ਰੋਡ ਪਟਿਆਲਾ ਹੈ। ਪੁਲਸ ਮੁਤਾਬਕ ਏ. ਐੱਸ. ਆਈ. ਚਰਨ ਸਿੰਘ ਪੁਲਸ ਪਾਰਟੀ ਸਮੇਤ ਪਿੰਡ ਜੱਸੋਵਾਲ ਵਿਖੇ ਮੌਜੂਦ ਸੀ, ਜਿੱਥੇ ਉਕਤ ਵਿਅਕਤੀ ਨੂੰ ਸਕੂਟਰੀ 'ਤੇ ਆਉਂਦੇ ਨੂੰ ਜਦੋਂ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈੱਕ ਕੀਤਾ ਗਿਆ ਤਾਂ ਉਸ ਤੋਂ 15 ਕਿੱਲੋ ਭੁੱਕੀ ਅਤੇ ਪੰਜ ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ। ਜਿਸ ਖ਼ਿਲਾਫ ਐੱਨ. ਡੀ. ਪੀ. ਐੱਸ. ਐਕਟ ਦੇ ਤਹਿਤ ਕੇਸ ਦਰਜ ਕਰਕੇ ਪੁਲਸ ਨੇ ਅੱਗੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇੰਸ. ਭਿੰਡਰ ਨੇ ਕਿਹਾ ਕਿ ਐੱਸ. ਐੱਸ. ਪੀ. ਵਰੁਣ ਸ਼ਰਮਾ, ਐੱਸ.ਪੀ. ਸਿਟੀ ਮੁਹੰਮਦ ਸਰਫਰਾਜ ਆਲਮ ਵੱਲੋਂ ਸਪੱਸ਼ਟ ਦਿਸ਼ਾ ਨਿਰਦੇਸ਼ ਹਨ ਕਿ ਕਿਸੇ ਨਸ਼ਾ ਤਸਕਰ ਨਾ ਬਖਸ਼ਿਆ ਜਾਵੇ। ਉਨ੍ਹਾਂ ਕਿਹਾ ਕਿ ਉਹ ਆਪਣੇ ਇਲਾਕੇ ਵਿਚ ਕਿਸੇ ਵੀ ਕੀਮਤ 'ਤੇ ਨਸ਼ਾ ਤਸਕਰੀ ਨਹੀਂ ਹੋਣ ਦੇਣਗੇ।

# ਸਰਹੱਦੀ ਖੇਤਰਾਂ ਵਿੱਚ ਇੰਟਰਨੈੱਟ ਬੰਦ; ਲੋਕਾਂ ਦੇ ਕਾਰੋਬਾਰ ਠੱਪ

**ਪਾਤੜਾਂ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਰਾਜ ਨਾਲ ਲੱਗਦੇ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਪਿਛਲੇ ਸੱਤ ਦਿਨਾਂ ਤੋਂ ਇੰਟਰਨੈੱਟ ਬੰਦ ਹੋਣ ਕਾਰਨ ਕਾਰੋਬਾਰ ਠੱਪ ਹੋ ਕੇ ਰਹਿ ਗਏ ਹਨ। ਆਨਲਾਈਨ ਅਦਾਇਗੀਆਂ ਨਿਪਟਾਉਣ ਅਤੇ ਬਾਹਰ ਗਏ ਬੱਚਿਆਂ ਨਾਲ ਗੱਲਬਾਤ ਕਰਨ ਲਈ ਲੋਕ ਇੱਧਰ ਉੱਧਰ ਭਟਕਦੇ ਦਿਖਾਈ ਦਿੰਦੇ ਹਨ। ਨਿਆਲ ਦੁਗਾਲ ਅਤੇ ਸ਼ੁਤਰਾਣਾ ਵਿੱਚ ਨੈੱਟ ਚੱਲਦਾ ਹੋਣ ਪਾਤੜਾਂ ਦੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਿਸ ਗੱਲ ਦੀ ਸਜ਼ਾ ਮਿਲ ਰਹੀ ਹੈ। ਬੈਂਕਾਂ ਅਤੇ ਸਰਕਾਰੀ ਸੇਵਾਵਾਂ ਦਾ ਕੰਮ ਠੱਪ ਰਹਿਣ ਨਾਲ ਲੋਕ ਆਖ ਰਹੇ ਹਨ ਕਿ ਸਰਕਾਰ ਜਾਂ ਪ੍ਰਸ਼ਾਸਨ ਨਾਂਅ ਦੀ ਕੋਈ ਚੀਜ਼ ਨਹੀਂ। ਲੋਕਾਂ ਦੇ ਦੁਆਰ ਜਾ ਕੇ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਦਾ ਦਾਅਵਾ ਕਰਨ ਵਾਲੀ ਪੰਜਾਬ ਸਰਕਾਰ ਨੈੱਟ ਬੰਦ ਕਰਨ ਨਾਲ ਵਿਹਲੇ ਹੋਏ ਲੋਕਾਂ ਦੀ ਆਵਾਜ਼ ਨੂੰ ਸੁਣਨ ਵਾਲਾ ਕੋਈ ਮੰਤਰੀ ਜਾਂ ਅਫ਼ਸਰ ਵਿਖਾਈ ਨਹੀਂ ਦਿੰਦਾ। ਲੋਕ ਸਰਕਾਰ ਦੇ ਦੋਹਰੇ ਮਾਪਦੰਡ ਤੋਂ ਹੈਰਾਨ ਵੀ ਹਨ ਅਤੇ ਪ੍ਰੇਸ਼ਾਨ ਵੀ ਹਨ। ਵੱਖ ਵੱਖ ਲੋਕਾਂ ਨੇ ਗੱਲਬਾਤ ਵਿੱਚ ਸਰਕਾਰ ਨੂੰ ਭੰਡਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਦਾ ਕਹਿਣਾ ਸੀ ਕਿ ਹਰਿਆਣਾ ਪੁਲੀਸ ਪੰਜਾਬ ਦੇ ਖ਼ੇਤਰ ਵਿਚ ਰਬੱੜ ਦੀਆਂ ਗੋਲੀਆਂ ਮਾਰ ਕੇ ਅੱਥਰੂ ਗੈਸ ਦੇ ਗੋਲੇ ਦਾਗ ਕੇ ਸੈਂਕੜੇ ਕਿਸਾਨਾਂ ਨੂੰ ਜ਼ਖ਼ਮੀ ਕਰਨ ਵਿਰੁੱਧ ਪੰਜਾਬ ਦੇ ਮੁੱਖ ਮੰਤਰੀ ਨੇ ਹਰਿਆਣਾ ਸਰਕਾਰ ਕੋਲ ਇਤਰਾਜ਼ ਨਹੀਂ ਕੀਤਾ ਅਤੇ ਨੈੱਟ ਬੰਦ ਕਰਕੇ ਹਰਿਆਣਾ ਤੇ ਦਿੱਲੀ ਸਰਕਾਰ ਦਾ ਸਾਥ ਦਿੱਤਾ ਗਿਆ ਹੈ।

# ਸਰਦਾਰ ਸਵਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ਼ ਬਾਇਓ-ਐਨਰਜੀ ਨੇ ਪੰਜ ਰੋਜ਼ਾ ਰਾਸ਼ਟਰੀ ਸਿਖਲਾਈ ਪ੍ਰੋਗਰਾਮ ਦਾ ਕੀਤਾ ਆਯੋਜਨ



**ਜਲੰਧਰ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਦਾਰ ਸਵਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ਼ ਬਾਇਓ-ਐਨਰਜੀ (ਐੱਸਐੱਸਐੱਸ-ਐੱਨਆਈਬੀਈ), ਕਪੂਰਥਲਾ ਵੱਲੋਂ 19 ਤੋਂ 23 ਫ਼ਰਵਰੀ ਤੱਕ 'ਬਾਇਓਗੈਸ ਤਕਨਾਲੋਜੀ ਅਤੇ ਇਸ ਦੇ ਅਮਲ' ਵਿਸ਼ੇ 'ਤੇ ਪੰਜ ਰੋਜ਼ਾ ਰਾਸ਼ਟਰੀ ਸਿਖਲਾਈ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਇਸ ਸਿਖਲਾਈ ਪ੍ਰੋਗਰਾਮ ਦੇ ਉਦਘਾਟਨੀ ਸਮਾਗਮ ਵਿੱਚ ਜਿੱਥੇ ਇੰਡੀਅਨ ਬਾਇਓ ਗੈਸ ਐਸੋਸੀਏਸ਼ਨ, ਗੁਰੂਗ੍ਰਾਮ ਦੇ ਪ੍ਰਧਾਨ ਡਾ. ਏ ਆਰ ਸ਼ੁਕਲਾ ਵਰਚੂਅਲ ਤੌਰ 'ਤੇ ਹਾਜ਼ਰ ਰਹੇ, ਉੱਥੇ ਐਸੋਸੀਏਸ਼ਨ ਦੇ ਚੇਅਰਮੈਨ ਸ੍ਰੀ ਗੌਰਵ ਕੇਡੀਆ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਸਰਦਾਰ ਸਵਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ਼ ਬਾਇਓ-ਐਨਰਜੀ ਦੇ ਡਾਇਰੈਕਟਰ ਜਨਰਲ ਡਾ. ਜੀ ਸ਼੍ਰੀਧਰ ਨੇ ਪਹੁੰਚੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਸਿਖਲਾਈ ਪ੍ਰੋਗਰਾਮ ਇੰਡੀਅਨ ਬਾਇਓ ਗੈਸ ਐਸੋਸੀਏਸ਼ਨ ਨਾਲ ਮਿਲ ਕੇ ਕੀਤਾ ਜਾ ਰਿਹਾ ਹੈ, ਜਿਸ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਨੂੰ ਬਾਇਓਗੈਸ ਤਕਨਾਲੋਜੀ ਸਬੰਧੀ ਸਾਰੇ ਪੱਖਾਂ ਬਾਰੇ ਮਾਹਿਰਾਂ ਵੱਲੋਂ ਲੈਕਚਰ ਦਿੱਤੇ ਜਾਣਗੇ ਅਤੇ ਫੀਲਡ ਦਾ ਦੌਰਾ ਵੀ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਟ੍ਰੇਨਿੰਗ ਪ੍ਰੋਗਰਾਮ ਦਾ ਦੇਸ਼ ਨੂੰ ਬਹੁਤ ਫਾਇਦਾ ਹੋਵੇਗਾ ਅਤੇ ਅਸੀਂ ਆਤਮ-ਨਿਰਭਰ ਭਾਰਤ ਦੀ ਦਿਸ਼ਾ ਵੱਲ ਹੋਰ ਅੱਗੇ ਵਧਾਂਗੇ।

ਇਸ ਮੌਕੇ ਵਰਚੂਅਲ ਤੌਰ 'ਤੇ ਮੁਖ਼ਾਤਿਬ ਹੁੰਦੇ ਹੋਏ ਡਾ. ਏ ਆਰ ਸ਼ੁਕਲਾ ਨੇ ਭਾਰਤੀ ਲੋਕਾਂ ਦੀ ਊਰਜਾ ਦੀ ਮੰਗ ਨੂੰ ਪੂਰਾ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਰਣਨੀਤੀ ਨੂੰ ਬੁਨਿਆਦੀ ਸੱਤ ਟੀਚਿਆਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ, ਜੋ ਕਿ ਲਾਗਤ ਨੂੰ ਘਟਾਉਣ, ਕੁਸ਼ਲਤਾ ਨੂੰ ਵੱਧ ਤੋਂ ਵੱਧ ਕਰਨ, ਰੋਜ਼ਗਾਰ ਸਿਰਜਣਾ, ਪ੍ਰਣਾਲੀ ਦੀ ਭਰੋਸੇਯੋਗਤਾ, ਪੈਟਰੋਲੀਅਮ ਉਤਪਾਦਾਂ ਨੂੰ ਘਟਾਉਣਾ, ਸਥਾਨਕ ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਅਤੇ ਨਿਕਾਸ ਨੂੰ ਘੱਟੋ ਘੱਟ ਕਰਨਾ ਹੈ। ਪ੍ਰੋਗਰਾਮ ਕੋਆਰਡੀਨੇਟਰ ਡਾ. ਸਚਿਨ ਕੁਮਾਰ, ਡਿਪਟੀ ਡਾਇਰੈਕਟਰ, ਐੱਸਐੱਸਐੱਸ-ਐੱਨਆਈਬੀਈ ਨੇ ਸਮਾਗਮ ਦੀ ਰੂਪ-ਰੇਖਾ ਬਾਰੇ ਦੱਸਿਆ ਅਤੇ ਡਾ. ਸੰਜੀਵ ਮਿਸ਼ਰਾ, ਵਿਗਿਆਨੀ-ਡੀ, ਐੱਸਐੱਸਐੱਸ-ਐੱਨਆਈਬੀਈ ਨੇ ਸਭ ਦਾ ਧੰਨਵਾਦ ਕੀਤਾ।

# ਘਰ ਪਹੁੰਚ ਬਣਾ ਕੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ 'ਚ ਦਾਖਲਾ ਲੈਣ ਲਈ ਕੀਤਾ ਜਾਵੇ ਪ੍ਰੇਰਿਤ : ਹਰਭਗਵੰਤ ਸਿੰਘ

**ਪਠਾਨਕੋਟ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਵੱਡੇ ਪੱਧਰ 'ਤੇ ਸਰਕਾਰੀ ਸਕੂਲਾਂ 'ਚ ਦਾਖਲ ਕਰਵਾਉਣ ਲਈ ਵਿਸ਼ੇਸ਼ ਮੁਹਿੰਮ ਜਾਰੀ ਹੈ। ਸਿੱਖਿਆ ਮੰਤਰੀ ਪੰਜਾਬ ਸਰਦਾਰ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਪਠਾਨਕੋਟ ਵਿੱਚ ਇਸ ਮੁਹਿੰਮ ਨੂੰ ਹੋਰ ਰਫ਼ਤਾਰ ਦੇਣ ਲਈ ਅੱਜ ਬੀਪੀਈਓ ਦਫ਼ਤਰ ਪਠਾਨਕੋਟ -3 ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਹਰਭਗਵੰਤ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਵੱਲੋਂ ਸਮੂਹ ਬੀਪੀਈਓ ਅਤੇ ਸੈਂਟਰ ਸਕੂਲ ਮੁਖੀਆਂ ਨਾਲ ਨਵੇਂ ਦਾਖਲੇ ਅਤੇ ਨਵੇਂ ਵਿੱਦਿਅਕ ਸੈਸ਼ਨ ਨੂੰ ਲੈਕੇ ਮੀਟਿੰਗ ਕੀਤੀ ਗਈ। ਜਿਸ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਐ. ਸਿੱ.) ਸ੍ਰੀ ਹਰਭਗਵੰਤ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ. ਸਿੱ.) ਸ੍ਰੀ ਡੀਜੀ ਸਿੰਘ ਨੇ ਅਧਿਆਪਕਾਂ ਨੂੰ ਪ੍ਰੇਰਿਤ ਕਰਦਿਆਂ ਵਿਸਤਾਰ ਨਾਲ ਦਾਖ਼ਲਾ ਮੁਹਿੰਮ ਦੇ ਹਰ ਪੱਖ ਦਾ ਰਿਵਿਊ ਕੀਤਾ ਅਤੇ ਸਕੂਲ ਮੁਖੀਆਂ ਨੂੰ ਸਕੂਲ ਨੂੰ ਸਾਫ਼ ਸੁਥਰਾ ਰੱਖਣ, ਮਿਡ ਡੇ ਮੀਲ ਮੀਨੂੰ ਅਨੁਸਾਰ ਬਣਾਉਣ ਅਤੇ ਸਮੂਚਾ ਰਿਕਾਰਡ ਵਿਭਾਗ ਦੇ ਈ-ਪੰਜਾਬ ਪੋਰਟਲ ਤੇ ਅਪਡੇਟ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਹਰਭਗਵੰਤ ਸਿੰਘ ਨੇ ਦੱਸਿਆ ਕਿ ਇਸ ਸਾਲ ਲਈ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਮੁਹਿੰਮ ਪੂਰੇ ਜ਼ੋਰਾਂ ਨਾਲ ਚੱਲ ਰਹੀ ਹੈ, ਜਿਸ ਵਿੱਚ ਸਿੱਖਿਆ ਅਧਿਕਾਰੀ, ਅਧਿਆਪਕ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਰਾਹੀਂ ਘਰ ਘਰ ਤੱਕ ਪਹੁੰਚ ਬਣਾ ਕੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਕਰਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਫਿਲਹਾਲ ਇਸ ਸਾਲ ਦਾਖਲੇ ਵਿੱਚ ਵਾਧੇ ਦਾ 10 ਫੀਸਦੀ ਟੀਚਾ ਰੱਖਿਆ ਗਿਆ ਹੈ ਜਿਸ ਨੂੰ ਹਰ ਹਾਲਤ ਵਿੱਚ ਹਾਸਿਲ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਵੱਡੀ ਯੋਜਨਾ ਉਲੀਕੀ ਗਈ ਹੈ। ਇਸ ਯੋਜਨਾ ਤਹਿਤ ਸਾਰੇ ਬਲਾਕਾਂ ਵਿੱਚ ਪੜਾਅਵਾਰ ਪ੍ਰੇਰਨਾਦਾਇਕ ਮੀਟਿੰਗਾਂ ਵੀ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਉਚ ਯੋਗਤਾ ਵਾਲੇ ਅਧਿਆਪਕ ਅਤੇ ਉੱਤਮ ਦਰਜੇ ਦਾ ਬੁਨਿਆਦੀ ਢਾਂਚਾ ਹੈ ਜਿੱਥੋਂ ਵਿਦਿਆਰਥੀ ਸਮੇਂ ਦੇ ਹਾਣ ਦੀ ਸਿੱਖਿਆ ਗ੍ਰਹਿਣ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਮਿਲਦੀਆਂ ਸਹੂਲਤਾਂ ਦੀ ਜਾਣਕਾਰੀ ਇਸ ਮੁਹਿੰਮ ਦੌਰਾਨ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦਾ ਨਜ਼ਰੀਆ ਬਦਲਿਆ ਹੈ ਅਤੇ ਹੁਣ ਲੋਕ ਆਪਣੇ ਬੱਚਿਆਂ ਨੂੰ ਮੁੜ ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾਉਣ ਵਿਚ ਰੁਚੀ ਲੈ ਰਹੇ ਹਨ।

ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮ ਜ਼ਿਲ੍ਹਾ ਨੋਡਲ ਅਫ਼ਸਰ ਦਾਖ਼ਲਾ ਕਮੇਟੀ ਸ੍ਰੀ ਡੀਜੀ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਦੇ ਦਾਖਲੇ ਲਈ ਨੇੜੇ ਦੇ ਸਕੂਲ ਦੇ ਨਾਲ-ਨਾਲ ਹੁਣ ਆਨਲਾਈਨ ਪੋਰਟਲ ਤੇ ਵੀ ਰਜਿਸਟਰ ਕਰਵਾਇਆ ਜਾ ਸਕਦਾ ਹੈ। ਇਸ ਦਾਖ਼ਲਾ ਅਭਿਆਨ ਦੌਰਾਨ ਅਧਿਆਪਕ ਸਮਾਜ ਵਿੱਚ ਰਾਬਤਾ ਕਾਇਮ ਕਰਕੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲੇ ਬਾਰੇ ਜਾਣਕਾਰੀ ਦੇ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਅਗਲੀ ਕਲਾਸ ਵਿੱਚ ਹੋਣ ਵਾਲੇ ਵਿਦਿਆਰਥੀਆਂ ਦੇ ਮੁੜ ਸਰਕਾਰੀ ਸਕੂਲਾਂ ਵਿੱਚ ਦਾਖਲੇ ਦੇ ਨਾਲ-ਨਾਲ ਸਕੂਲਾਂ ਤੋਂ ਵਾਂਝੇ ਵਿਦਿਆਰਥੀਆਂ ਨੂੰ ਵੀ ਸਕੂਲਾਂ ਵਿਚ ਦਾਖਲ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਦਾਖ਼ਲਾ ਮੁਹਿੰਮ ਨੂੰ ਪਿੰਡਾਂ ਦੇ ਸਰਪੰਚਾਂ, ਪੰਚਾਂ, ਆਂਗਣਵਾੜੀ ਵਰਕਰਾਂ, ਮਿਡ ਡੇ ਮੀਲ ਵਰਕਰਾਂ ਸਮੇਤ ਪਿੰਡ ਦੇ ਮੋਹਤਬਰਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ ਅਤੇ ਦਾਖ਼ਲਾ ਮੁਹਿੰਮ ਦੌਰਾਨ ਘਰਾਂ ਘਰਾਂ ਵਿੱਚ ਨਾਲ ਜਾ ਕੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਪੀਈਓ ਨਰੇਸ਼ ਪਨਿਆੜ, ਬੀਪੀਈਓ ਪੰਕਜ ਅਰੋੜਾ, ਬੀਪੀਈਓ ਕੁਲਦੀਪ ਸਿੰਘ, ਬੀਪੀਈਓ ਰਾਕੇਸ਼ ਕੁਮਾਰ , ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਸਮੇਤ ਸਮੂਹ ਸੈਂਟਰ ਸਕੂਲ ਮੁਖੀ ਹਾਜ਼ਰ ਸਨ।

# ਸਭ ਤੋਂ ਖ਼ਤਰਨਾਕ ਸੱਤ ਰੋਗ

## ਹਾਰਟ ਅਟੈਕ ਦਾ ਕਹਿਰ

ਹਾਰਟ ਅਟੈਕ ਲਈ ਅੱਜ ਦੀ ਜੀਵਨ ਸ਼ੈਲੀ 'ਚ ਉਮਰ ਦੀ ਕੋਈ ਰੁਕਾਵਟ ਨਹੀਂ ਹੈ ਇਹ ਕਿਸੇ ਵੀ ਉਮਰ ਦੇ ਵਿਅਕਤੀ ਨੂੰ ਹੋ ਸਕਦਾ ਹੈ। ਜੇ ਤੁਸੀਂ ਕਸਰਤ ਨਹੀਂ ਕਰਦੇ ਜਾਂ ਥੱਕਿਆ-ਥੱਕਿਆ ਮਹਿਸੂਸ ਕਰਦੇ ਹੋ, ਸਰੀਰਿਕ ਜਾਂ ਭਾਵਨਾਤਮਕ ਤੌਰ 'ਤੇ ਮੁਸ਼ਕਿਲ 'ਚ ਫਸਣ 'ਤੇ ਛਾਤੀ 'ਚ ਦਰਦ ਮਹਿਸੂਸ ਕਰਦੇ ਹੋ ਜਾਂ ਪੈਦਲ ਚੱਲਦੇ ਸਮੇਂ ਸਾਹ ਫੁੱਲਣ ਲੱਗ ਪੈਂਦਾ ਹੈ ਤਾਂ ਤੁਹਾਨੂੰ ਹਾਰਟ ਅਟੈਕ ਦਾ ਖ਼ਤਰਾ ਹੋ ਸਕਦਾ ਹੈ। ਇਕ ਨਾਰਮਲ ਈਸੀਜੀ ਦਾ ਮਤਲਬ ਬਿਲਕੁਲ ਇਹ ਨਹੀਂ ਕਿ ਸਭ ਕੁੱਝ ਠੀਕ ਚੱਲ ਰਿਹਾ ਹੈ ਕਿਉਂਕਿ ਇਹ ਉਦੋਂ ਕੀਤੀ ਜਾਂਦੀ ਹੈ ਜਦੋਂ ਤੁਸੀਂ ਆਰਾਮ ਨਾਲ ਬੈਠੇ ਹੁੰਦੇ ਹੋ। ਇਹ ਵੀ ਹੋ ਸਕਦਾ ਹੈ ਕਿ ਤੁਸੀਂ ਹਾਰਟ ਅਟੈਕ ਦੇ ਮੂੰਹ 'ਤੇ ਬੈਠੇ ਹੋਵੋ। ਟ੍ਰੇਡਮਿਲ ਟੈਸਟ ਦੇ ਨਾਲ-ਨਾਲ ਲਿਪਿਡ ਪ੍ਰੋਫਾਈਲ ਅਤੇ ਬਲੱਡ ਸ਼ੂਗਰ ਦੀ ਜਾਂਚ ਕਰਵਾਉ। ਕਈ ਵਾਰ ਪੇਟ 'ਚ ਗੜਬੜੀ ਵੀ ਹਾਰਟ ਅਟੈਕ ਦਾ ਸੰਕੇਤ ਦਿੰਦੀ ਹੈ। ਇਸ ਲਈ ਜੇ ਤੁਹਾਡੇ ਪੇਟ ਦੇ ਉੱਪਰਲੇ ਹਿੱਸੇ 'ਚ ਤਕਲੀਫ਼ ਰਹਿੰਦੀ ਹੈ ਅਤੇ ਇਹ ਐਂਟਾਐਸਿਡ ਅਤੇ ਦਵਾਈਆਂ ਨਾਲ ਵੀ ਠੀਕ ਨਹੀਂ ਹੋ ਰਹੀ ਤਾਂ ਈਸੀਜੀ ਕਰਵਾਉਣ 'ਚ ਦੇਰ ਨਾ ਕਰੋ। ਸਰਦੀਆਂ ਦਾ ਮੌਸਮ ਦਿਲ ਦੇ ਮਰੀਜ਼ਾਂ ਲਈ ਜਾਨਲੇਵਾ ਸਾਬਤ ਹੋ ਸਕਦਾ ਹੈ ਕਿਉਂਕਿ ਖ਼ੂਨ ਦੀਆਂ ਨਾੜਾਂ ਸੁੰਗੜ ਜਾਂਦੀਆਂ ਹਨ ਤੇ ਇਸ ਲਈ ਬਲੱਡ ਪ੍ਰੈਸ਼ਰ ਵੱਧ ਜਾਂਦਾ ਹੈ।



### ਬਚਾਅ

- ਜੋ ਲੋਕ ਸਿਗਰਟ ਬੀੜੀ ਜਾਂ ਤੰਬਾਕੂ ਦਾ ਇਸਤੇਮਾਲ ਕਰਦੇ ਹਨ ਤੁਰੰਤ ਇਸਨੂੰ ਬੰਦ ਕਰ ਦਿਓ।
- ਜੋ ਲੋਕ ਸ਼ਰਾਬ ਪੀਂਦੇ ਹਨ ਉਹ ਇਸਦਾ ਸੇਵਨ 60 ਮਿਲੀਲੀਟਰ ਪ੍ਰਤੀ ਦਿਨ ਤੋਂ ਜ਼ਿਆਦਾ ਨਾ ਕਰਨ। ਉਹ ਵੀ ਤਾਂ ਜੇ ਉਸ ਦਿਨ ਤੁਸੀਂ ਘੱਟੋ-ਘੱਟ ਕੁੱਝ ਕਿਲੋਮੀਟਰ ਪੈਦਲ ਚੱਲੇ ਹੋ।
- ਪੈਦਲ ਚੱਲੋ ਜ਼ਰੂਰ ਪਰ ਇਹ ਵੀ ਧਿਆਨ 'ਚ ਰੱਖੋ ਕਿ ਠੰਢ ਤੋਂ ਬਚਣਾ ਹੈ ਅਤੇ ਖ਼ੁਦ ਨੂੰ ਗਰਮ ਰੱਖਣਾ ਹੈ।
- ਘੱਟ ਖਾਓ ਨਾਰਮਲ ਰਹੋ। ਫ਼ੈਟ ਅਤੇ ਕਾਰਬੋਹਾਈਡ੍ਰੇਟ ਦੀ ਮਾਤਰਾ ਘਟਾ ਦਿਓ ਪਰ ਬਿਲਕੁਲ ਵੀ ਭੁੱਖੇ ਨਾ ਰਹੋ।
- ਖ਼ੁਸ਼ ਰਹੋ, ਤਣਾਅ ਅਤੇ ਗੁੱਸੇ ਤੋਂ ਬਚੋ, ਵਧੇਰੇ ਸਹਿਨਸ਼ੀਲਤਾ ਰੱਖੋ। ਖ਼ੁਸ਼ ਰਹਿਣ ਨਾਲ ਤੁਹਾਡੀ ਤੰਦਰੁਸਤੀ ਵਧਦੀ ਹੈ।
- ਜੇ ਅਚਾਨਕ ਛਾਤੀ 'ਚ ਤੇਜ਼ ਦਰਦ ਹੋਣ ਲੱਗੇ ਤਾਂ ਇਸ ਨੂੰ ਅਣਗੌਲਿਆ ਨਾ ਕਰੋ।

## ਦਿਲ ਲਈ ਖ਼ਤਰਨਾਕ ਬਲੱਡ ਪ੍ਰੈਸ਼ਰ

ਡਾ. ਸ਼ਿਆਮ ਸੁੰਦਰ ਦੀਪਤੀ



ਬਲੱਡ ਪ੍ਰੈਸ਼ਰ ਦਿਵਸ 17 ਮਈ ਨੂੰ ਮਨਾਇਆ ਜਾਂਦਾ ਹੈ। ਬਲੱਡ-ਪ੍ਰੈਸ਼ਰ ਦਾ ਵਧਣਾ ਜਾਂ ਘਟਣਾ ਘਰ-ਘਰ ਦੀ ਕਹਾਣੀ ਹੈ। ਭਾਵੇਂ ਕੋਈ ਛੋਟਾ, ਵੱਡਾ ਜਾਂ ਕੋਈ ਬਜ਼ੁਰਗ ਸਭ ਇਸ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ 90 ਫ਼ੀਸਦੀ ਮਰੀਜ਼ਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਨ੍ਹਾਂ ਨੂੰ ਇਹ ਬਿਮਾਰੀ ਹੈ। 10 ਫ਼ੀਸਦੀ ਮਰੀਜ਼ਾਂ ਨੂੰ ਇਸ ਬਿਮਾਰੀ ਦੇ ਲੱਛਣ ਮਹਿਸੂਸ ਹੁੰਦੇ ਹਨ। ਸ਼ਾਇਦ ਇਸ ਕਰਕੇ ਡਾਕਟਰੀ ਸ਼ਬਦਾਵਲੀ 'ਚ ਇਸ ਨੂੰ ਚੁੱਪ ਚਪੀਤੇ ਸਰੀਰ 'ਚ ਦਾਖਲ ਹੋਣ ਵਾਲਾ ਰੋਗ ਕਿਹਾ ਜਾਂਦਾ ਹੈ। ਅਸੀਂ ਇਸ ਗੱਲ ਤੋਂ ਅਣਜਾਣ ਹਾਂ ਕਿ ਵੱਧ ਬਲੱਡ-ਪ੍ਰੈਸ਼ਰ ਕਈ ਰੋਗਾਂ ਲਈ ਰਾਹ ਪੱਧਰਾ ਕਰਦਾ ਹੈ। 35 ਸਾਲ ਦੀ ਉਮਰ ਤੋਂ ਬਾਅਦ ਇਸ ਦੀ ਜਾਂਚ ਪੜਤਾਲ ਜ਼ਰੂਰੀ ਹੈ। ਦਰਅਸਲ ਇਹ ਬਿਮਾਰੀ ਵੱਡੀ ਉਮਰ ਦੇ ਲੋਕਾਂ ਦੀ ਹੈ ਪਰ ਕੁਝ ਜਮਾਂਦਰੂ ਗੜਬੜੀਆਂ ਕਰ ਕੇ ਬੱਚੇ ਵੀ ਇਸ ਰੋਗ ਦੀ ਲਪੇਟ 'ਚ ਆ ਸਕਦੇ ਹਨ ਪਰ ਇਸ ਦੇ ਉਲਟ ਘੱਟ ਬਲੱਡ ਪ੍ਰੈਸ਼ਰ ਸਿਹਤ ਲਈ ਵਰਦਾਨ ਹੈ। ਉਹ ਮਰੀਜ਼ ਆਪਣੇ-ਆਪ ਨੂੰ ਖ਼ੁਸ਼ਨਸੀਬ ਸਮਝਣ ਜਿਨ੍ਹਾਂ ਦਾ ਖ਼ੂਨ ਦਾ ਦਬਾ ਉਪਰ ਵਾਲਾ 100 ਤੇ ਹੇਠਲਾ 80 ਹੁੰਦਾ ਹੈ। ਇਨ੍ਹਾਂ ਦੋਵਾਂ ਕਿਰਿਆਵਾਂ ਦਾ ਸੰਤੁਲਨ ਬਣਾ ਕੇ ਰੱਖਣ ਵਾਲੇ ਮਰੀਜ਼ ਆਪ ਸ਼ਾਂਤ ਰਹਿੰਦੇ ਹੋਏ ਸਮਾਜ 'ਚ ਖ਼ੁਸ਼ੀਆਂ ਵੰਡਦੇ ਹਨ। ਘੱਟੇ ਹੋਏ ਬਲੱਡ-ਪ੍ਰੈਸ਼ਰ ਦਾ ਇਹ ਵੀ ਮਤਲਬ ਨਹੀਂ ਕਿ ਇਸ ਨੂੰ ਪੂਰਾ ਕਰਨ ਲਈ ਲੂਣ ਦੇ ਫੱਕੇ ਮਾਰੇ ਜਾਣ ਕਿਉਂਕਿ ਜ਼ਿਆਦਾ ਲੂਣ ਦੀ ਵਰਤੋਂ ਨਾਲ ਸਰੀਰ 'ਚ ਹੋਰ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਵਧਦੇ ਖ਼ੂਨ ਦਾ ਦਬਾ ਗੁੱਸੇ ਤੇ ਚਿੜਚਿੜੇ ਸੁਭਾਅ ਦਾ ਪ੍ਰਤੀਕ ਹੈ। ਇਹ ਗੱਲ ਵੀ ਪੱਕੀ ਹੈ ਕਿ ਘੱਟ ਹੋਏ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਨੂੰ ਡਾਕਟਰਾਂ ਦੇ ਬਹੁਤੇ ਚੱਕਰ ਲਗਾਉਣ ਦੀ ਲੋੜ ਨਹੀਂ ਹੈ ਪਰ ਅਣਰਜਿਸਟਰਡ ਡਾਕਟਰਾਂ ਵੱਲੋਂ ਘਟੇ ਹੋਏ ਬਲੱਡ-ਪ੍ਰੈਸ਼ਰ ਨੂੰ ਗੋਲੀਆਂ, ਟੀਕਿਆਂ ਤੇ ਗਲੂਕੋਜ਼ ਦੀਆਂ ਬੋਤਲਾਂ ਨਾਲ ਪੂਰਾ ਕਰਨਾ ਵੀ ਮਾੜਾ ਰੁਝਾਨ ਹੈ। ਜਿੱਥੇ ਘੱਟ ਬਲੱਡ ਪ੍ਰੈਸ਼ਰ ਖਾਣ-ਪੀਣ ਦੀ ਮੌਜ ਲਗਾਉਂਦਾ ਹੈ ਪਰ ਉਥੇ ਵੱਧ ਬਲੱਡ ਪ੍ਰੈਸ਼ਰ ਖਾਣ-ਪੀਣ 'ਤੇ ਕਈ ਪਾਬੰਦੀਆਂ ਲਗਾ ਦਿੰਦਾ ਹੈ। ਜਿਵੇਂ ਕਿ ਨਮਕ, ਅਚਾਰ, ਪਾਪੜ, ਸਨੈਕਸ, ਸ਼ਰਾਬ, ਸਿਗਰੇਟ, ਤਲ਼ੀਆਂ ਚੀਜ਼ਾਂ ਕਾਫ਼ੀ ਚਿਕਨਾਈ ਵਾਲੇ ਭੋਜਨ ਤੇ ਨਸ਼ੇ ਤੋਂ ਬਚਣ ਦਾ ਸੰਕੇਤ ਦਿੰਦਾ ਹੈ। ਜੇ ਅਸੀਂ ਇਸ ਦੇ ਲੱਛਣਾਂ ਨੂੰ ਅਣਗੌਲਿਆ ਕਰਦੇ ਹਾਂ ਤਾਂ ਦਿਲ ਦਾ ਦੌਰਾ, ਅਧਰੰਗ ਤੇ ਗੁਰਦੇ ਫੇਲ ਹੋਣ ਦਾ ਡਰ ਬਣਿਆ ਰਹਿੰਦਾ ਹੈ। ਇਸ ਬਿਮਾਰੀ ਦੇ ਸੰਬੰਧ 'ਚ ਸਭ ਤੋ ਫ਼ਾਇਦੇ ਵਾਲੀ ਗੱਲ ਇਹ ਹੈ ਕਿ ਇਹ ਚੁੱਪ ਚਪੀਤੇ ਲੱਗਣ ਵਾਲੀ ਬਿਮਾਰੀ ਨੂੰ ਆਸਾਨੀ ਨਾਲ ਕੰਟਰੋਲ ਕੀਤਾ ਜਾ ਸਕਦਾ ਹੈ। ਇਸ ਦਾ ਇਲਾਜ ਵੀ ਬਹੁਤਾ ਮਹਿੰਗਾ ਨਹੀਂ ਜਿਸ ਨਾਲ ਮਰੀਜ਼ ਦੀ ਜੇਬ 'ਤੇ ਭਾਰ ਪਵੇ। ਇਕ ਅਸਾਨ ਜਿਹੀ ਜਾਂਚ ਤੇ 40 ਪੈਸੇ ਦੀ ਇਕ ਗੋਲੀ ਨਾਲ ਤੁਸੀ ਲੰਬੀ ਉਮਰ ਜਿਉਣ ਦੇ ਕਾਬਲ ਬਣ ਸਕਦੇ ਹੋ। ਕਈ ਮਰੀਜ਼ ਇਹ ਗ਼ਲਤੀ ਕਰਦੇ ਹਨ ਕਿ ਇਹ ਬਿਮਾਰੀ ਕੰਟਰੋਲ ਹੋਣ 'ਤੇ ਉਹ ਦਵਾਈ ਛੱਡ ਦਿੰਦੇ ਹਨ ਉਹ ਇਹ ਨਹੀਂ ਸਮਝਦੇ ਕਿ ਇਹ ਉਮਰ ਭਰ ਦਾ ਰੋਗ ਹੈ ਜਿਸ ਦਾ ਕੋਈ ਪੱਕਾ ਇਲਾਜ ਨਹੀਂ ਹੈ। ਜੇ ਮਰੀਜ਼ਾਂ ਨੂੰ ਆਪਣੇ ਚਸ਼ਮੇ ਦਾ ਨੰਬਰ ਪਤਾ ਹੈ ਤਾਂ ਇਹ ਵੀ ਪਤਾ ਰੱਖਣ ਦੀ ਲੋੜ ਹੈ ਕਿ ਤੁਹਾਡਾ ਨਾਰਮਲ ਬਲੱਡ ਪ੍ਰੈਸ਼ਰ ਕਿੰਨਾ ਹੋਣਾ ਚਾਹੀਦਾ ਹੈ। ਬਲੱਡ-ਪ੍ਰੈਸ਼ਰ ਦੀ ਗਿਣਤੀ ਮਿਣਤੀ ਸਿੱਖਣ ਤੋਂ ਪਹਿਲਾਂ ਕਿਉਂ ਨਾ ਇਹ ਜਾਣ ਲਿਆ ਜਾਵੇ ਕਿ ਕਿੰਨਾ ਕਾਰਨਾਂ ਕਰ ਕੇ ਇਹ ਰੋਗ ਵਧਦਾ ਹੈ ਕਿਉਂਕਿ ਹਾਈ ਬਲੱਡ-ਪ੍ਰੈਸ਼ਰ ਨੂੰ ਕੰਟਰੋਲ 'ਚ ਲਿਆਉਣ ਤੋਂ ਪਹਿਲਾਂ ਇਸ ਦਾ ਮੂਲ ਕਾਰਨ ਲੱਭਣਾ ਵੀ ਜ਼ਰੂਰੀ ਹੈ।

### ਕਾਰਨ

- ਦਿਲ ਦੇ ਜਮਾਂਦਰੂ ਰੋਗ ਤੇ ਸ਼ੂਗਰ ਦਾ ਹੋਣਾ।
- ਗੁਰਦੇ ਦੀਆਂ ਬਿਮਾਰੀਆਂ
- ਖਾਣ-ਪੀਣ 'ਚ ਗੜਬੜੀ
- ਗਰਮੀਆਂ ਨਾਲੋਂ ਸਰਦੀਆਂ 'ਚ ਬਲੱਡ-ਪ੍ਰੈਸ਼ਰ ਵਧਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।
- ਇਹ ਰੋਗ ਪੀੜ੍ਹੀ ਦਰ ਪੀੜ੍ਹੀ ਸਫ਼ਰ ਕਰਦਾ ਹੈ।
- ਤਲ਼ੀਆਂ ਚੀਜ਼ਾਂ ਬਲੱਡ ਪ੍ਰੈਸ਼ਰ ਰੋਗ ਪੈਦਾ ਕਰਦੀਆਂ ਹਨ।
- ਖ਼ੂਨ 'ਚ ਮਾੜੀ ਚਰਬੀ ਦਾ ਵਧਣਾ ਤੇ ਖ਼ੂਨ ਦਾ ਗਾੜ੍ਹਾ ਹੋਣਾ।
- ਮੋਟਾਪਾ ਤੇ ਜ਼ਿਆਦਾ ਦਵਾਈਆਂ ਦੀ ਵਰਤੋ।
- ਜ਼ਿਆਦਾ ਨਮਕ ਦੀ ਵਰਤੋ ਤੇ ਪਸੀਨਾ ਨਾ ਆਉਣਾ ਬਲੱਡ-ਪ੍ਰੈਸ਼ਰ ਵਧਾਉਂਦਾ ਹੈ।
- ਨਸ਼ੇ ਦੀ ਵਰਤੋਂ ਜਿਵੇਂ ਕਿ ਤੰਬਾਕੂਨੋਸ਼ੀ, ਸ਼ਰਾਬ, ਸਿਗਰੇਟ ਤੇ ਕੌਫੀ ਦੀ ਵਰਤੋ।
- ਵਿਟਾਮਿਨ ਡੀ ਦੀ ਘਾਟ ਕਰ ਕੇ ਵੀ ਬਲੱਡ-ਪ੍ਰੈਸ਼ਰ ਵੱਧ ਸਕਦਾ ਹੈ।
- ਨੀਂਦ 'ਚ ਸਾਹ ਰੁਕਣਾ।

### ਲੱਛਣ

- ਥਕਾਵਟ ਮਹਿਸੂਸ ਹੋਣਾ।
- ਸਿਰ ਭਾਰੀ ਤੇ ਚੱਕਰ ਆਉਣੇ।
- ਘਬਰਾਹਟ ਮਹਿਸੂਸ ਹੋਣੀ।
- ਗੁੱਸਾ ਆਉਣਾ ਤੇ ਮਰੀਜ਼ ਦਾ ਸੁਭਾਅ ਚਿੜਚਿੜਾ ਹੋ ਜਾਣਾ।
- ਸਾਹ ਫੁਲਣਾ ਤੇ ਖਾਣ 'ਚ ਪਰੇਸ਼ਾਨੀ।
- ਨੀਂਦ ਪੂਰੀ ਨਾ ਹੋਣੀ।
- ਦਿਲ ਦੀ ਧੜਕਣ ਦਾ ਵਧਣਾ।
- ਨੱਕ ਦੀ ਨਕਸੀਰ ਦਾ ਫੁੱਟਣਾ।
- ਛਾਤੀ 'ਚ ਦਰਦ ਹੋਣਾ।
- ਪਿਸ਼ਾਬ 'ਚ ਖ਼ੂਨ ਆਉਣਾ
- ਅੱਖਾਂ 'ਚ ਗੜਬੜੀ ਹੋਣੀ।
- ਮੂੰਹ ਲਾਲ ਹੋਣਾ।

**ਜਾਂਚ ਪੜਤਾਲ**

- ਕਿਡਨੀ ਦੀ ਜਾਂਚ ਲਈ ਪੇਟ ਦਾ ਅਲਟਰਾਸਾਊਂਡ ਕਰਵਾਉਣਾ ਚਾਹੀਦਾ ਹੈ।
- ਪਿਸ਼ਾਬ ਦਾ ਟੈਸਟ।
- ਬਲੱਡ-ਪ੍ਰੈਸ਼ਰ ਚੈਕ ਕਰਨ ਵਾਲੀਆਂ ਡਿਜੀਟਲ ਮਸ਼ੀਨਾਂ ਨਾਲੋਂ ਪਾਰੇ ਵਾਲੀ ਮਸ਼ੀਨ ਦੀ ਪੜਤਾਲ ਜ਼ਿਆਦਾ ਠੀਕ ਹੈ।
- ਗੁਰਦਿਆਂ ਦੀ ਜਾਂਚ।

**ਇਲਾਜ-** ਅਸੀਂ ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਤੇ ਰਹਿਣ ਸਹਿਣ 'ਚ ਤਬਦੀਲੀ ਕਰ ਕੇ ਇਸ 'ਤੇ ਕਾਬੂ ਪਾ ਸਕਦੇ ਹਾਂ। ਮੋਟਾਪਾ ਘਟਾਉਣਾ, ਸਿਗਰੇਟ, ਬੀੜੀ ਦਾ ਸੇਵਨ ਨਾ ਕਰਨ ਨਾਲ ਇਸ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਰੋਜ਼ਾਨਾ ਕਸਰਤ, ਯੋਗਾ, ਮੈਡੀਟੇਸ਼ਨ ਤੇ ਸਵੇਰ ਦੀ ਸੈਰ ਲਾਹੇਵੰਦ ਹੈ। ਆਪਣੇ ਭੋਜਨ 'ਚ ਦਹੀਂ, ਹਰੀਆਂ ਸਬਜ਼ੀਆਂ, ਮੌਸਮੀ ਫਲ਼, ਟਮਾਟਰ, ਖਰਬੂਜਾ, ਪਿਆਜ਼, ਮੱਛੀ ਸ਼ਾਮਿਲ ਕਰੋ।

## ਫੇਫੜਿਆਂ ਦੀ ਦੁਸ਼ਮਣ ਟੀਬੀ

ਸੰਸਾਰ ਭਰ 'ਚ 24 ਮਾਰਚ ਨੂੰ ਵਿਸ਼ਵ ਟੀ.ਬੀ ਦਿਵਸ ਮਨਾਇਆ ਜਾਂਦਾ ਹੈ। ਇਕ ਖੋਜ ਦੇ ਅਨੁਸਾਰ ਹਰ ਸਾਲ 25 ਲੱਖ ਲੋਕ ਟੀ.ਬੀ ਦਾ ਸ਼ਿਕਾਰ ਹੁੰਦੇ ਹਨ ਤੇ ਇਨ੍ਹਾਂ 'ਚੋਂ 17 ਲੱਖ ਕੇਸ ਹੀ ਸਾਹਮਣੇ ਆਉਂਦੇ ਹਨ। ਟੀ. ਬੀ ਇਕ ਛੂਤ ਦੀ ਬਿਮਾਰੀ ਹੈ ਜੋ ਕਿ ਮਾਇਕਰੋਬੈਕਟੀਰੀਅਮ ਟਿਊਬਰਕੁਲੋਸਿਸ ਨਾਮਕ ਬੈਕਟੀਰੀਆ ਦੀ ਵਜ੍ਹਾ ਕਰ ਕੇ ਹੁੰਦੀ ਹੈ। ਜ਼ਿਆਦਾਤਰ ਇਹ ਬੈਕਟੀਰੀਆ ਫੇਫੜਿਆਂ 'ਚ ਪਾਇਆ ਜਾਂਦਾ ਹੈ ਪ੍ਰੰਤੂ ਇਸਦੇ ਇਲਾਵਾ ਦਿਮਾਗ਼, ਹੱਡੀਆਂ, ਗੁਰਦੇ, ਚਮੜੀ ਅਤੇ ਦਿਲ ਵੀ ਟੀਬੀ ਤੋਂ ਗ੍ਰਸਤ ਹੋ ਸਕਦੇ ਹਨ। ਦੁਨੀਆ ਭਰ 'ਚ ਬਿਮਾਰੀਆਂ ਦੇ ਕਾਰਨ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਵਿੱਚੋਂ ਟੀ.ਬੀ. ਇਕ ਹੈ। ਸੰਸਾਰ ਭਰ 'ਚ 2016 ਦੇ ਅੰਕੜਿਆਂ ਅਨੁਸਾਰ ਤਕਰੀਬਨ 10.4 ਮਿਲੀਅਨ ਲੋਕ ਟੀ.ਬੀ ਦੇ ਸ਼ਿਕਾਰ ਹੋਏ ਅਤੇ 1.7 ਮਿਲੀਅਨ ਲੋਕਾਂ ਨੂੰ ਹਮੇਸ਼ਾ ਲਈ ਟੀ.ਬੀ. ਨਾਲ ਜੂਝਣਾ ਪਿਆ। ਐੱਚ.ਆਈ.ਵੀ ਪੌਜ਼ੀਟਿਵ ਲੋਕਾਂ 'ਚ ਟੀ.ਬੀ. ਹੋਣ ਦਾ ਖਤਰਾ 60 ਫ਼ੀਸਦੀ ਜ਼ਿਆਦਾ ਹੈ। ਐੱਚ.ਆਈ.ਵੀ ਪੌਜੀਟਿਵ ਰੋਗੀਆਂ 'ਚ ਟੀ.ਬੀ. ਮੋਹਰੀ ਕਾਤਲ ਦੀ ਭੂਮਿਕਾ ਅਦਾ ਕਰ ਰਿਹਾ ਹੈ ਅਤੇ ਸਾਲ 2016 ਦੇ ਅੰਕੜਿਆਂ ਅਨੁਸਾਰ 40 ਫ਼ੀਸਦੀ ਐੱਚ.ਆਈ.ਵੀ. ਰੋਗੀਆਂ ਦੀ ਮੌਤ ਟੀ.ਬੀ. ਕਾਰਨ ਹੋਈ। ਦੁਨੀਆ ਭਰ 'ਚ ਸਫ਼ਲ ਇਲਾਜ ਦੁਆਰਾ ਸਾਲ 2000 ਤੋਂ 2016 ਤਕ ਤਕਰੀਬਨ 53 ਮੀਲੀਅਨ ਲੋਕਾਂ ਨੂੰ ਟੀ.ਬੀ ਤੋਂ ਬਚਾਇਆ ਗਿਆ ਹੈ। ਵਿਸ਼ਵ ਸਿਹਤ ਸੰਗਠਨ ਦੀ ਟੀ.ਬੀ ਰਿਪੋਰਟ 2016 'ਚ ਸਾਹਮਣੇ ਆਈ ਹੈ। ਇਸ ਬਿਮਾਰੀ ਕਾਰਨ ਹਰ ਸਾਲ 5 ਲੱਖ ਭਾਰਤੀਆਂ ਦੀ ਮੌਤ ਹੋ ਰਹੀ ਹੈ।



### ਲੱਛਣ

ਰੋਗੀਆਂ ਨੂੰ ਖਾਂਸੀ ਆਉਣੀ, ਛਿੱਕ ਮਾਰਨਾ, ਥੁੱਕਣਾ ਅਤੇ ਉਨ੍ਹਾਂ ਦੁਆਰਾ ਛੱਡੀ ਗਈ ਸਾਹ ਦੁਆਰਾ ਹਵਾ 'ਚ ਬੈਕਟੀਰੀਆ ਫੈਲ ਜਾਂਦੇ ਹਨ ਜੋ ਕਿ ਕਈ ਘੰਟੇ ਤਕ ਹਵਾ 'ਚ ਰਹਿੰਦੇ ਹਨ ਜਿਸ ਕਾਰਨ ਇਕ ਸਿਹਤਮੰਦ ਵਿਅਕਤੀ ਆਸਾਨੀ ਨਾਲ ਇਸਦਾ ਸ਼ਿਕਾਰ ਹੋ ਸਕਦਾ ਹੈ। ਤਿੰਨ ਹਫ਼ਤਿਆਂ ਤੋਂ ਜ਼ਿਆਦਾ ਖਾਂਸੀ ਆਉਣੀ, ਲਸੀਕਾ ਗ੍ਰੰਥੀਆਂ ਦਾ ਵੱਧ ਜਾਣਾ, ਬੁਖ਼ਾਰ ਜੋ ਖ਼ਾਸ ਕਰਕੇ ਸ਼ਾਮ ਨੂੰ ਵੱਧਦਾ ਹੈ, ਛਾਤੀ 'ਚ ਤੇਜ਼ ਦਰਦ, ਭਾਰ ਦਾ ਘੱਟਣਾ, ਭੁੱਖ ਨਾ ਲੱਗਣਾ, ਬਲਗਮ 'ਚ ਖ਼ੂਨ ਆਉਣਾ, ਫੇਫੜਿਆਂ ਦੀ ਇਨਫੈਕਸ਼ਨ , ਸਾਹ ਲੈਣ 'ਚ ਤਕਲੀਫ਼ ਆਦਿ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅੱਜ ਦੇ ਦੌਰ 'ਚ ਟੀ. ਬੀ ਦਾ ਇਲਾਜ ਸੰਭਵ ਹੈ ਅਤੇ ਦੇਸ਼ ਭਰ 'ਚ ਡੌਟਸ (ਡਾਇਰੈਕਟਲੀ ਓਬਜ਼ਰਵਡ ਟ੍ਰੀਟਮੈਂਟ ਸ਼ੌਰਟ ਕੋਰਸ) ਕੇਂਦਰਾਂ 'ਚ ਟੀ. ਬੀ ਦਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਮਰੀਜ਼ ਨੂੰ ਆਪਣਾ ਕੋਰਸ ਪੂਰਾ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਇਸ ਬਿਮਾਰੀ ਤੋਂ ਛੁਟਕਾਰਾ ਪਾ ਕੇ ਅੱਗੇ ਵੱਧ ਸਕਦੇ ਹਾਂ।

## ਸਾਈਲੈਂਟ ਕਿਲਰ ਸ਼ੂਗਰ

ਹਰ ਸਾਲ 14 ਨਵੰਬਰ ਨੂੰ ਵਿਸ਼ਵ ਸ਼ੂਗਰ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਮਕਸਦ ਹੈ ਲੋਕਾਂ ਨੂੰ ਇਸ ਬਿਮਾਰੀ ਪ੍ਰਤੀ ਜਾਗਰੂਕ ਕਰਨਾ। ਇਹ ਇਸ ਤਰ੍ਹਾਂ ਦੀ ਬਿਮਾਰੀ ਹੈ ਕਿ ਇਕ ਵਾਰ ਕਿਸੇ ਵਿਅਕਤੀ ਨੂੰ ਹੋ ਜਾਵੇ ਤਾਂ ਪੂਰੀ ਤਰ੍ਹਾਂ ਠੀਕ ਹੋਣਾ ਮੁਸ਼ਕਲ ਹੈ ਪਰ ਜੇ ਥੋੜ੍ਹੀ ਸਾਵਧਾਨੀ ਵਰਤੀ ਜਾਵੇ ਤਾਂ ਇਸ ਤੋਂ ਬਚਿਆ ਜਾ ਸਕਦਾ ਹੈ। ਡਾਇਬਟੀਜ਼ ਇਕ ਆਮ ਬਿਮਾਰੀ ਹੋ ਗਈ ਹੈ। ਅੱਜਕੱਲ੍ਹ ਅਸੀਂ ਦੇਖ ਰਹੇ ਹਾਂ ਕਿ ਲੋਕ ਇਸ ਪਰੇਸ਼ਾਨੀ ਦਾ ਕਿੰਨਾ ਜ਼ਿਆਦਾ ਸਾਹਮਣਾ ਕਰ ਰਹੇ ਹਨ। ਜਦੋਂ ਅਸੀਂ ਛੋਟੀਆਂ-ਛੋਟੀਆਂ ਗੱਲਾਂ 'ਤੇ ਧਿਆਨ ਨਹੀਂ ਦਿੰਦੇ ਤਾਂ ਫਿਰ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਡੀਆਂ ਆਦਤਾਂ ਹੀ ਇਨ੍ਹਾਂ ਬਿਮਾਰੀਆਂ ਨਾਲ ਜੂਝਣ ਲਈ ਮਜਬੂਰ ਕਰਦੀਆਂ ਹਨ। ਜੇ ਅਸੀਂ ਇਨ੍ਹਾਂ ਪਰੇਸ਼ਾਨੀਆਂ ਤੋਂ ਛੁਟਕਾਰਾ ਪਾਉਣਾ ਹੈ ਤਾਂ ਇਨ੍ਹਾਂ ਆਦਤਾਂ ਨੂੰ ਸੁਧਾਰਨਾ ਪਵੇਗਾ ਜਿਵੇਂ ਜ਼ਿਆਦਾ ਮਿੱਠਾ ਖਾਣਾ, ਬਾਹਰ ਦੇ ਖਾਣੇ ਨੂੰ ਪਹਿਲ ਦੇਣੀ, ਫਾਸਟ ਫੂਡ, ਤਲ਼ੀਆਂ ਚੀਜ਼ਾਂ ਦਾ ਸੇਵਨ ਕਰਨਾ ਆਦਿ ਬਿਮਾਰੀਆਂ ਲਈ ਰਾਹ ਖੋਲ੍ਹਦੇ ਹਨ। ਡਾਇਬਟੀਜ਼ ਬਹੁਤ ਸਾਰੇ ਲੋਕਾਂ ਨੂੰ ਘੇਰ ਰਹੀ ਹੈ। ਹੁਣ ਤਾਂ ਇਸ ਦੀ ਚਪੇਟ 'ਚ ਬੱਚੇ ਵੀ ਆ ਰਹੇ ਹਨ। ਬੀਟਾ-ਕੋਸ਼ਕਾਵਾਂ ਦੇ ਖ਼ਤਮ ਹੋਣ 'ਤੇ ਸਰੀਰ 'ਚ ਇਨਸੁਲਿਨ ਬਣਨਾ ਬੰਦ ਹੋ ਜਾਂਦਾ ਹੈ ਅਤੇ ਸਰੀਰ 'ਚ ਸ਼ੂਗਰ ਲੈਵਲ ਵਧਣ ਲੱਗਦਾ ਹੈ। ਜੇ ਇਸ ਬਿਮਾਰੀ ਦੇ ਲੱਛਣ ਸਮੇਂ 'ਤੇ ਪਛਾਣ ਕੇ ਇਸ ਦਾ ਇਲਾਜ ਕੀਤਾ ਜਾਵੇ ਤਾਂ ਬੱਚਿਆਂ ਦਾ ਬਚਪਨ ਦੁਬਾਰਾ ਹੱਸੀ, ਖੇਡ ਵਾਲਾ ਹੋ ਸਕਦਾ ਹੈ ਅਤੇ ਉਹ ਪੜ੍ਹਾਈ 'ਚ ਪਹਿਲੇ ਨੰਬਰ 'ਤੇ ਆ ਸਕਦੇ ਹਨ। ਇਸ ਲਈ ਮਾਤਾ-ਪਿਤਾ ਨੂੰ ਬੱਚਿਆਂ 'ਚ ਡਾਇਬਟੀਜ਼ ਦੇ ਲੱਛਣਾਂ ਨੂੰ ਪਛਾਣ ਕੇ ਤੁਰੰਤ ਇਲਾਜ ਕਰਵਾਉਣ ਦੀ ਜ਼ਰੂਰਤ ਹੈ।

- ਟਾਈਪ 1 ਇਹ ਜ਼ਿਆਦਾਤਰ ਬੱਚਿਆਂ 'ਚ ਪਾਈ ਜਾਂਦੀ ਹੈ। ਇਸ ਨਾਲ ਸਰੀਰ 'ਚ ਇਨਸੁਲਿਨ ਬਣਨਾ ਬੰਦ ਹੋ ਜਾਂਦਾ ਹੈ। ਇਲਾਜ ਦੇ ਰੂਪ 'ਚ ਬੱਚਿਆਂ ਨੂੰ ਇਨਸੁਲਿਨ ਦੇ ਟੀਕੇ ਲਗਾਉਣੇ ਪੈਂਦੇ ਹਨ ਤਾਂ ਕਿ ਗੁਲੂਕੋਜ਼ ਦੀ ਮਾਤਰਾ ਬਣਦੀ ਰਹੇ।
- 90 ਫ਼ੀਸਦੀ ਲੋਕਾਂ ਨੂੰ ਟਾਈਪ 2 ਸ਼ੂਗਰ ਪਰੇਸ਼ਾਨ ਕਰਦੀ ਹੈ। ਕਈ ਵਾਰ ਇਸ ਦੀ ਪ੍ਰਮੁੱਖ ਵਜ੍ਹਾ ਸਾਡਾ ਲਾਈਫ ਸਟਾਈਲ ਹੁੰਦਾ ਹੈ। ਇਸ 'ਚ ਇਨਸੁਲਿਨ ਘੱਟ ਬਣਦਾ ਹੈ ਜਿਸ ਕਰਕੇ ਸਰੀਰ 'ਚ ਗੁਲੂਕੋਜ਼ ਮਾਤਰਾ ਵਧਣ ਲੱਗਦੀ ਹੈ ਤੇ ਵਿਅਕਤੀ ਮੋਟਾ ਹੋਣ ਲੱਗ ਜਾਂਦਾ ਹੈ।

### ਲੱਛਣ

- ਵਾਰ-ਵਾਰ ਪਿਸ਼ਾਬ ਆਉਣਾ।
- ਅੱਖਾਂ ਦੀ ਰੋਸ਼ਨੀ ਘੱਟ ਹੋਣੀ ਤੇ ਸਰੀਰ 'ਚ ਭਾਰੀਪਨ ਮਹਿਸੂਸ ਹੋਣਾ।
- ਚਿਹਰੇ 'ਤੇ ਫਿੰਸੀਆਂ ਹੋਣੀਆਂ।
- ਸਰੀਰ 'ਤੇ ਜਗ੍ਹਾ-ਜਗ੍ਹਾ ਤੇ ਖ਼ਾਸ ਤੌਰ 'ਤੇ ਉਂਗਲੀਆਂ 'ਤੇ ਖ਼ਾਰਿਸ਼ ਹੋਣਾ।
- ਸੱਟ ਲੱਗਣ 'ਤੇ ਜਲਦੀ ਠੀਕ ਨਾ ਹੋਣਾ।



### ਇਲਾਜ

- ਮਿੱਠੀਆਂ ਚੀਜ਼ਾਂ ਤੋਂ ਪਰਹੇਜ਼।
- ਮੈਦੇ ਤੋਂ ਬਣੀਆਂ ਚੀਜ਼ਾਂ ਤੋਂ ਦੂਰ ਰਹੋ।
- ਜੰਕ ਫੂਡ ਤੇ ਫਾਸਟ ਫੂਡ ਤੋਂ ਪਰਹੇਜ਼ ਕਰੋ।
- ਆਲੂ, ਅਰਬੀ, ਚਾਵਲ ਆਦਿ ਖਾਣ ਤੋਂ ਬਚੋ।
- ਅਮਰੂਦ, ਆਂਵਲਾ, ਨਿੰਬੂ, ਜਾਮੁਨ, ਸੰਤਰਾ ਤੇ ਪਪੀਤਾ ਵਰਗੇ ਫਲ਼ਾਂ ਦਾ ਸੇਵਨ ਕਰੋ।
- ਟਮਾਟਰ, ਪੱਤਾਗੋਭੀ, ਗਾਜਰ, ਮੂਲੀ, ਪਾਲਕ, ਭਿੰਡੀ, ਖੀਰਾ, ਸ਼ਲਗਮ, ਸ਼ਿਮਲਾ ਮਿਰਚ, ਮੂਲੀ, ਮੇਥੀ, ਕਰੇਲਾ ਆਦਿ ਦਾ ਇਸਤੇਮਾਲ ਕਰੋ।
- ਦਲੀਆ, ਬਰਾਊਨ ਚਾਵਲ, ਲਸਣ, ਦਾਲਚੀਨੀ, ਗ੍ਰੀਨ ਟੀ, ਆਦਿ ਫ਼ਾਇਦੇਮੰਦ ਹੈ।
- ਖਾਣਾ ਬਣਾਉਣ ਲਈ ਸਰ੍ਹੋਂ ਦੇ ਤੇਲ ਦੀ ਵਰਤੋਂ ਕਰੋ।

## ਏਡਜ਼ ਚੇਤਨਾ ਦੀ ਘਾਟ

ਏਡਜ਼ ਦਿਵਸ 1 ਦਸੰਬਰ ਨੂੰ ਮਨਾਇਆ ਜਾਂਦਾ ਹੈ। ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਬਹੁਤ ਸਾਰੇ ਲੋਕ ਇਸ ਬਿਮਾਰੀ ਤੋਂ ਪੀੜਤ ਹਨ। ਇਸ ਬਿਮਾਰੀ ਨੇ ਲੱਖਾਂ ਹੀ ਲੋਕਾਂ ਦੇ ਘਰ ਤੇ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਤਬਾ ਕੀਤੀਆਂ ਹਨ। ਇਕ ਸਮਾਂ ਸੀ ਜਦੋਂ ਏਡਜ਼ ਦਾ ਮਤਲਬ ਸੀ ਮੌਤ। ਸਾਡੇ ਦੇਸ਼ 'ਚ ਏਡਜ਼ ਦਾ ਪਹਿਲ ਕੇਸ 1986 'ਚ ਚੇਨਈ 'ਚ ਮਿਲਿਆ। ਇਨ੍ਹਾਂ ਤਿੰਨਾਂ ਦਹਾਕਿਆਂ 'ਚ ਏਡਜ਼ ਬਿਮਾਰੀ ਨੂੰ ਲੈ ਕੇ ਦੁਨੀਆ ਭਰ 'ਚ ਕਈ ਤਰ੍ਹਾਂ ਦੀਆਂ ਖੋਜਾਂ ਹੋਈਆਂ ਹਨ ਤੇ ਅਨੇਕਾਂ ਹੀ ਜਾਗਰੂਕਤਾ ਪ੍ਰੋਗਰਾਮ ਚਲਾਏ ਗਏ ਹਨ। ਹੁਣ ਸਥਿਤੀ ਕਾਫ਼ੀ ਹੱਦ ਤਕ ਕਾਬੂ ਹੇਠ ਹੈ, ਭਾਵ ਮੁੱਕੀ ਨਹੀਂ ਹੈ ਤੇ ਡਰ ਵਾਲੀ ਸਥਿਤੀ 'ਚ ਵੀ ਕਾਫ਼ੀ ਸੁਧਾਰ ਹੈ। ਜੇ ਗੱਲ ਸਿਰਫ਼ ਪੰਜਾਬ ਦੀ ਕਰੀਏ ਤਾਂ ਪੰਜਾਬ 'ਚ ਏਡਜ਼ ਦਾ ਪ੍ਰਕੋਪ ਦੀ ਗਿਣਤੀ 39,345 ਪਹੁੰਚ ਚੁੱਕਿਆ ਹੈ। ਜੇ ਅਸੀਂ ਪਿਛਲੇ ਸਾਲ ਦੀ ਗੱਲ ਕਰੀਏ ਤਾਂ ਅੰਮ੍ਰਿਤਸਰ 'ਚ ਸਭ ਤੋਂ ਜ਼ਿਆਦਾ ਮਰੀਜ਼ ਪਾਏ ਗਏ ਹਨ 1,052। ਸਰਕਾਰ ਵੱਲੋਂ ਹਰ ਸਾਲ ਮਰੀਜ਼ਾਂ ਦੀ ਇਕ ਸੂਚੀ ਪੇਸ਼ ਕੀਤੀ ਗਈ ਹੈ ਜੁਲਾਈ 2011-12 'ਚ 6,027, 2013 'ਚ 5565, 2014 'ਚ 8207 ਤੇ ਇਸ ਤੋਂ ਬਾਅਦ ਦੇ ਤਿੰਨਾਂ ਸਾਲਾਂ ਦੀ ਸੂਚੀ ਕੁਝ ਇਸ ਤਰ੍ਹਾਂ ਹੈ 8,925 ਹੈ। ਅੱਜ ਦੇਸ਼ 'ਚ ਏਡਜ਼ ਬਿਮਾਰੀ ਦੇ ਇਲਾਜ ਦੀ ਸੁਵਿਧਾ ਹੈ। ਜੋ ਕਿ ਮੁਫ਼ਤ ਮਿਲਦਾ ਹੈ ਪਰ ਫਿਰ ਵੀ ਸਿਰਫ਼ 50 ਫ਼ੀਸਦੀ ਹੀ ਇਨ੍ਹਾਂ ਦਵਾਈ ਕੇਂਦਰਾਂ ਤਕ ਪਹੁੰਚ ਕਰ ਪਾਉਂਦੇ ਹਨ। ਇਸ ਬਿਮਾਰੀ ਦੇ ਫੈਲਣ ਦੇ ਚਾਰ ਪ੍ਰਮੁੱਖ ਰਾਹ ਹਨ। ਅਸੁਰੱਖਿਅਤ ਸਰੀਰਕ ਸਬੰਧ, ਅਸੁਰੱਖਿਅਤ ਸੂਈਆਂ ਦੀ ਵਰਤੋਂ, ਅਸੁਰੱਖਿਅਤ ਖ਼ੂਨ ਦਾ ਚੜ੍ਹਣਾ ਤੇ ਮਾਂ ਤੋਂ ਬੱਚੇ ਨੂੰ(ਗਰਭ ਰਾਹੀ) ਇਨ੍ਹਾਂ 'ਚੋਂ ਕਈ ਤਰੀਕਿਆਂ 'ਚ ਕਾਫ਼ੀ ਸੁਧਾਰ ਹੋਇਆ ਹੈ। ਇਸ ਬਿਮਾਰੀ ਦਾ ਸਾਹਮਣਾ ਜ਼ਿਆਦਾ ਉਨ੍ਹਾਂ ਲੋਕਾਂ ਨੂੰ ਕਰਨਾ ਪੈਂਦਾ ਹੈ ਜੋ ਟਰੱਕਾਂ ਵਾਲੇ ਜਾਂ ਘਰ ਤੋਂ ਬਾਹਰ ਰਹਿਣ ਵਾਲੇ ਲੋਕਾਂ 'ਚ ਵੱਧ ਦੇਖਣ ਨੂੰ ਮਿਲਦਾ ਹੈ। ਇਸ ਸਰਵੇਖਣ ਮੁਤਾਬਕ ਸਿਰਫ਼ 40 ਫ਼ੀਸਦੀ ਟਰੱਕ ਡਰਾਇਵਰ ਪੀੜਤ ਹਨ। ਨੀਮ-ਹਕੀਮ ਡਾਕਟਰਾਂ ਵਲੋਂ ਸਰਿੰਜਾਂ ਦੀ ਬਿਨਾਂ ਉਬਾਲੇ ਵਰਤਨ ਦੀ ਦਰ ਭਾਵੇਂ ਘੱਟ ਹੋਈ ਹੈ ਪਰ ਨਸ਼ਾ ਕਰਨ ਵਾਲੇ ਲੋਕ ਆਮ ਤੌਰ 'ਤੇ ਇਕੋ ਸਰਿੰਜ ਦਾ ਹੀ ਇਸਤੇਮਾਲ ਕਰਦੇ ਹਨ। ਉਨ੍ਹਾਂ 'ਚ ਇਹ ਦਰ 9.9 ਫ਼ੀਸਦੀ ਹੈ। ਜ਼ਿਆਦਾਤਰ ਦੇਖਿਆ ਜਾਂਦਾ ਹੈ ਕਿ ਤਕਰੀਬਨ 75 ਫ਼ੀਸਦੀ ਏਡਜ਼ ਪੀੜਤ ਔਰਤਾਂ ਦੇ ਪਤੀ ਬਾਹਰ ਕੰਮ ਕਰਦੇ ਹਨ। ਅੱਜ ਦੇ ਹਾਲਾਤ ਦੀ ਗੱਲ ਕਰੀਏ ਤਾਂ ਇਹ ਅਮੀਰ-ਗਰੀਬ, ਸ਼ਹਿਰੀ ਪੇਂਡੂ, ਮਰਦ-ਔਰਤਾਂ ਆਦਿ ਸਭ 'ਚ ਦੇਖਣ ਨੂੰ ਮਿਲ ਰਿਹਾ ਹੈ। ਸ਼ੁਰੂ ਤੋਂ ਹੀ ਦੇਸ਼ 'ਚ ਇਸ ਬਿਮਾਰੀ ਨੂੰ ਲੈ ਕੇ ਵੱਖਰਾ ਪ੍ਰੋਗਰਾਮ ਚਲਦਾ ਰਿਹਾ ਹੈ। ਇਹ ਇਸ ਵੇਲੇ ਚੌਥੇ ਪੜਾਅ 'ਚ ਹੈ। ਪਹਿਲਾਂ ਇਸ ਬਾਰੇ ਜ਼ਿਆਦਾ ਜਾਣਕਾਰੀ ਵੀ ਨਹੀਂ ਸੀ ਤਾਂ ਉਸ ਤੋਂ ਬਾਅਦ ਟੈਸਟਿੰਗ ਤੇ ਕੌਂਸਲਿੰਗ ਸੈਂਟਰ ਖੋਲ੍ਹੇ ਗਏ ਤੇ ਅੱਗਲੇ ਪੜਾਅ 'ਚ ਦਵਾਈਆਂ ਦੇ ਕੇਂਦਰ। ਇਨ੍ਹਾਂ ਕਾਰਨਾਂ ਲਈ ਵਿਦੇਸ਼ੀ ਸੰਸਥਾਵਾਂ ਦਾ ਵੀ ਕਾਫ਼ੀ ਸਹਿਯੋਗ ਮਿਲਦਾ ਰਿਹਾ ਹੈ। ਇਸ ਤਰ੍ਹਾਂ ਦੀ ਬਿਮਾਰੀ ਨਾਲ ਜੁੜੇ ਹੋਣਾ ਲੋਕ ਆਪਣੀ ਬੇਇਜਤੀ ਪੱਖੋ ਖੁੱਲ੍ਹ ਕੇ ਅੱਗੇ ਨਹੀਂ ਆਉਂਦੇ। ਇਹ ਵੀ ਦੇਖਣ 'ਚ ਆਇਆ ਹੈ ਕਿ ਜੇ ਕੋਈ ਵਿਅਕਤੀ ਇਸ ਬਿਮਾਰੀ ਤੋਂ ਪੀੜਤ ਹੈ ਤਾਂ ਦੂਜੇ ਲੋਕ ਉਸ ਨੂੰ ਨਫ਼ਰਤ ਦੀਆਂ ਅੱਖਾਂ ਨਾਲੇ ਦੇਖਦੇ ਹਨ। 2014 'ਚ ਸੁਪਰੀਮ ਕੋਰਟ ਨੇ ਬਿਮਾਰੀ ਨਾਲ ਜੁੜੇ ਵਿਤਕਰੇ ਨੂੰ ਲੈ ਕੇ ਕਾਨੂੰਨ ਵੀ ਪਾਸ ਕੀਤਾ ਹੈ ਕਿ ਕੰਮ, ਇਲਾਜ ਜਾਂ ਹੋਰ ਪਬਲਿਕ ਥਾਵਾਂ 'ਤੇ ਇਨ੍ਹਾਂ ਨਾਲ ਕੋਈ ਭੇਦ-ਭਾਵ ਨਾ ਕੀਤਾ ਜਾਵੇ। ਇਸ ਬਿਮਾਰੀ 'ਤੇ ਹੋਰ ਜ਼ਿਆਦਾ ਕਾਬੂ ਪਾਉਣ ਲਈ ਕੰਮ ਹੋ ਰਹੇ ਹਨ।



## ਬਵਾਸੀਰ ਦੇ ਲੱਛਣ

ਇਹ ਬਹੁਤ ਹੀ ਭਿਆਨਕ ਬਿਮਾਰੀ ਹੈ। ਇਸ ਰੋਗ 'ਚ ਗੁਦਾ ਦੇ ਕੋਲ ਮੋਕੇ ਨਿਕਲ ਆਉਂਦੇ ਹਨ। ਜਿਸ 'ਚੋਂ ਖ਼ੂਨ ਨਿਕਲਣਾ, ਖ਼ਾਰਿਸ਼ ਤੇ ਤੇਜ਼ ਦਰਦ ਦੀ ਸ਼ੁਰੂਆਤ ਹੁੰਦੀ ਹੈ। ਜ਼ਿਆਦਾ ਖ਼ੂਨ ਆਉਣ ਕਾਰਨ ਰੋਗੀ ਦੇ ਸਰੀਰ 'ਚ ਕਮਜ਼ੋਰੀ ਆ ਜਾਂਦੀ ਹੈ। ਇਕ ਖੋਜ ਦੇ ਅਨੁਸਾਰ ਭਾਰਤੀ 40 ਫ਼ੀਸਦੀ ਸ਼ਿਕਾਰ ਹੁੰਦੇ ਹਨ। ਕਈ ਮਾਮਲਿਆਂ 'ਚ ਬਵਾਸੀਰ ਦਾ ਇਲਾਜ ਦਵਾਈ ਨਾਲ ਜਾਂ ਆਪਣੇ ਖਾਣ ਪੀਣ ਦੇ ਤਰੀਕੇ 'ਚ ਸੁਧਾਰ ਲਿਆਉਣ ਨਾਲ ਵੀ ਠੀਕ ਹੋ ਜਾਂਦੀ ਹੈ। ਇਹ ਵੀ ਅਨੁਮਾਨ ਲਗਾਇਆ ਗਿਆ ਹੈ ਕਿ ਕੇਵਲ 10ਫ਼ੀਸਦੀ ਮਾਮਲਿਆਂ 'ਚ ਬਵਾਸੀਰ 'ਚ ਸਰਜਰੀ ਕੀਤੀ ਜਾਂਦੀ ਹੈ। ਬਵਾਸੀਰ ਨੂੰ ਹੈਮੋਰਾਹੋਇਡ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਜਿਸ 'ਚ ਗੁਦਾ ਦੇ ਕੋਲ ਖ਼ੂਨ ਵਾਲੀਆਂ ਨਾੜੀਆਂ ਫੂਲ ਜਾਂਦੀਆਂ ਹਨ। ਬਵਾਸੀਰ ਦੀਆਂ ਨਾੜੀਆਂ ਗੁਦਾ ਦੇ ਸਭ ਤੋਂ ਨਿੱਚੇ ਵਾਲੇ ਹਿੱਸੇ 'ਚ ਸਥਿਤ ਹੈ। ਕਈ ਵਾਰ ਇਹ ਨਸਾਂ ਫੁਲ ਜਾਂਦੀਆਂ ਹਨ ਤੇ ਪਤਲੀਆਂ ਹੋ ਜਾਂਦੀਆਂ ਹਨ। ਜਿਸ ਕਰਕੇ ਤੁਹਾਨੂੰ ਮਲ ਜਾਂ ਪਿਸ਼ਾਬ ਕਰਨ 'ਚ ਬਹੁਤ ਜ਼ਿਆਦਾ ਪਰੇਸ਼ਾਨੀ ਤੇ ਦਰਦ ਵੀ ਹੋ ਸਕਦੀ ਹੈ।

> ਇਸ ਤਰ੍ਹਾਂ ਦੀ ਬਿਮਾਰੀ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ ਲੱਛਣ ਦਿਖਾਈ ਦੇਣ 'ਤੇ ਜਲਦ ਡਾਕਟਰ ਦੀ ਸਲਾਹ ਲਓ...

### ਦੋ ਪ੍ਰਕਾਰ ਦੀ ਬਵਾਸੀਰ

- ਅੰਦਰੂਨੀ ਬਵਾਸੀਰ
- ਬਾਹਰੀ ਬਵਾਸੀਰ

ਅੰਦਰੂਨੀ ਬਵਾਸੀਰ 'ਚ ਮੋਕੇ ਗੁਦਾ ਦੇ ਅੰਦਰ ਵੱਲ ਨੂੰ ਹੁੰਦੇ ਹਨ ਤੇ ਮਲ ਕਰਨ ਵੇਲੇ ਇਨ੍ਹਾਂ ਮੋਕਿਆਂ 'ਚ ਤੇਜ਼ ਦਰਦ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਕਰਕੇ ਖ਼ੂਨ ਵੀ ਆਉਣ ਲੱਗ ਜਾਂਦਾ ਹੈ।

- ਇਸ ਰੋਗ ਦੀ ਸ਼ੁਰੂਆਤ 'ਚ ਗੁਦਾ ਦੇ ਕੋਲ ਖ਼ੂਨ ਨਿਕਲਣਾ ਤੇ ਸੋਜ ਪੈਣ ਲੱਗ ਜਾਂਦੀ ਹੈ ਤੇ ਸੋਜ ਮੋਕਿਆਂ ਦਾ ਰੂਪ ਧਾਰਨ ਕਰ ਲੈਂਦੀ ਹੈ ਤੇ ਮਲ ਕਰਦੇ ਸਮੇਂ ਇਹ ਮੋਕੇ ਬਾਹਰ ਵੱਲ ਆ ਜਾਂਦੇ ਹਨ। ਇਸ ਨਾਲ ਖ਼ੂਨ ਵੀ ਆਉਣਾ ਸ਼ੁਰੂ ਹੋ ਜਾਂਦਾ ਹੈ।

### ਬਾਹਰੀ ਬਵਾਸੀਰ

ਬਾਹਰੀ ਬਵਾਸੀਰ 'ਚ ਰੋਗੀ ਦੇ ਗੁਦੇ ਦੇ ਬਾਹਰ ਵੱਲ ਮੋਕੇ ਹੋ ਜਾਂਦੇ ਹਨ ਜਿਸ 'ਚ ਖ਼ਾਰਿਸ਼ ਹੋਣੀ ਸ਼ੁਰੂ ਹੋ ਜਾਂਦੀ ਹੈ। ਜਦੋਂ ਇਸ 'ਚ ਖ਼ਾਰਿਸ਼ ਆਉਂਦੀ ਹੈ ਤਾਂ ਇਸ 'ਚੋਂ ਖ਼ੂਨ ਨਿਕਲਣਾ ਸ਼ੁਰੂ ਹੋ ਜਾਂਦਾ ਹੈ।

### ਲੱਛਣ

- ਕਬਜ਼ ਤੇ ਦਸਤ
- ਤਣਾਅ 'ਚ ਰਹਿਣਾ
- ਮੋਟਾਪਾ ਤੇ ਜ਼ਿਆਦਾ ਭਾਰ ਵਧਣਾ
- ਗੁਦਾ ਦੇ ਚਾਰੇ ਪਾਸੇ ਇਕ ਗਠ ਮਹਿਸੂਸ ਹੋਣੀ। ਇਹ ਬਹੁਤ ਹੀ ਦਰਦਨਾਕ ਹੋ ਸਕਦੀ ਹੈ।
- ਮਲ ਕਰਦੇ ਸਮੇਂ ਲਗਾਤਾਰ ਦਰਦ
- ਤੇਜ਼ ਲਾਲ ਖ਼ੂਨ
- ਗੁਦਾ ਦੇ ਆਸ-ਪਾਸ ਖ਼ਾਰਿਸ਼।

### ਕਾਰਨ

- ਆਹਾਰ 'ਚ ਫਾਇਬਰ ਦਾ ਘਾਟ
- ਕਬਜ਼
- ਜ਼ਿਆਦਾ ਭਾਰ ਚੁੱਕਣਾ।

## ਲਾਇਲਾਜ ਨਹੀਂ ਕੈਂਸਰ



ਕੈਂਸਰ ਦਿਵਸ 14 ਫਰਵਰੀ ਨੂੰ ਮਨਾਇਆ ਜਾਂਦਾ ਹੈ। ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਸ ਦਾ ਪ੍ਰਕੋਪ ਦਿਨ ਪ੍ਰਤੀ ਦਿਨ ਵੱਧ ਰਿਹਾ ਹੈ। ਜ਼ਿਆਦਾਤਰ ਲੋਕ ਇਸ ਬਿਮਾਰੀ ਨਾਲ ਜੂਝ ਰਹੇ ਹਨ। ਕੈਂਸਰ ਰੋਗਾਂ ਦਾ ਇਕ ਵਰਗ ਹੈ, ਜਿਸ ਵਿਚ ਕੋਸ਼ਿਕਾਵਾਂ ਦਾ ਇਕ ਸਮੂਹ ਬੇਕਾਬੂ ਵਾਧੇ ਜਾਂ ਸਾਧਾਰਨ ਸੀਮਾ ਤੋਂ ਵੱਧ ਵੰਡ, ਰੋਗ ਹਮਲੇ ਅਤੇ ਕਈ ਵਾਰ ਮੈਟਾਸਟੈਸਿਸ (ਲਸਿਕਾ ਜਾਂ ਲਹੂ ਰਾਹੀਂ ਸਰੀਰ ਦੇ ਹੋਰ ਭਾਗਾਂ ਵਿਚ ਫੈਲਣਾ) ਦੀ ਪੇਸ਼ਕਾਰੀ ਕਰਦਾ ਹੈ। ਚਿਕਿਤਸਾ ਵਿਗਿਆਨ ਦੀ ਜੋ ਸ਼ਾਖਾ ਕੈਂਸਰ ਦੇ ਅਧਿਐਨ, ਨਿਦਾਨ ਇਲਾਜ ਅਤੇ ਰੋਕਥਾਮ ਨਾਲ ਸੰਬੰਧਤ ਹੈ। ਉਸਨੂੰ ਓਨਕੋਲੋਜੀ ਆਖਿਆ ਜਾਂਦਾ ਹੈ। ਕੈਂਸਰ ਇਕ ਜਟਿਲ ਬਿਮਾਰੀ ਹੈ ਜੋ ਮੂਲ ਰੂਪ ਵਿਚ ਕਈ ਬਿਮਾਰੀਆਂ ਦਾ ਵਰਗ ਜਾਂ ਸਮੂਹ ਹੈ। ਅੱਜ ਦੇ ਸਮੇਂ ਵਿਚ ਇਹ ਲਾਇਲਾਜ ਨਹੀਂ ਹੈ ਬਲਕਿ ਇਸਦਾ ਇਲਾਜ ਸੰਭਵ ਹੈ ਪਰ ਜੇ ਸਮੇਂ ਸਿਰ ਇਸ ਦਾ ਪਤਾ ਲੱਗ ਜਾਵੇ। ਪਹਿਲੇ ਤਿੰਨ ਪੜਾਵਾਂ ਵਿਚ ਇਲਾਜ ਨਾਲ ਕੈਂਸਰ ਤੋਂ ਨਿਜਾਤ ਪਾਈ ਜਾ ਸਕਦੀ ਹੈ ਪਰ ਚੌਥੇ ਵਿਚ ਇਲਾਜ ਨਾਲ ਬਿਮਾਰੀ ਨੂੰ ਕੁੱਝ ਸਮੇਂ ਤਕ ਰੋਕਿਆ ਜਾ ਸਕਦਾ ਹੈ। ਜੜ੍ਹੋਂ ਹਟਾਇਆ ਨਹੀਂ ਜਾ ਸਕਦਾ। ਬਹੁਤ ਜ਼ਿਆਦਾ ਫੈਲੇ ਹੋਣ ਦੀ ਸਥਿਤੀ ਵਿਚ ਜਾਂ ਸਰੀਰਕ ਹਾਲਤ ਜ਼ਿਆਦਾ ਖਸਤਾ ਹੋਣ 'ਤੇ ਰੋਗੀ ਦਾ ਦਰਦ ਘੱਟ ਕਰਨ ਲਈ ਦਵਾ-ਦਾਰੂ ਦਿੱਤੀ ਜਾਂਦੀ ਹੈ। ਕੈਂਸਰ ਹਰ ਉਮਰ ਦੇ ਵਿਅਕਤੀ ਨੂੰ ਹੋ ਸਕਦਾ ਹੈ। ਇਥੋਂ ਤਕ ਕਿ ਭਰੂਣ ਨੂੰ ਵੀ ਹੋ ਸਕਦਾ ਹੈ। ਜੇ ਉਹ ਮਾਂ ਦੇ ਗਰਭ ਵਿਚ ਹੋਵੇ ਪਰ ਉਮਰ ਵਧਣ ਨਾਲ ਇਸਦੇ ਪੀੜਤ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਦੁਨੀਆ ਵਿਚ ਮੌਤਾਂ ਲਈ ਜ਼ਿੰਮੇਵਾਰ ਪਹਿਲੇ ਨੰਬਰ 'ਤੇ ਦਿਲ ਤੇ ਦਿਮਾਗ਼ ਦੇ ਰੋਗ, ਦੂਜੇ 'ਤੇ ਕਿਸੇ ਵੀ ਕਿਸਮ ਦੀ ਲਾਗ ਨਾਲ ਹੋਣ ਵਾਲੀਆਂ ਬਿਮਾਰੀਆਂ ਅਤੇ ਕੈਂਸਰ ਹੈ ਪਰ ਕੈਂਸਰ ਦੀ ਬਦਨਾਮੀ ਵੱਧ ਹੈ ਕਿਉਂਕਿ ਚੌਥੇ ਪੜਾਅ 'ਤੇ ਪਹੁੰਚ ਕੇ ਇਹ ਲਾਇਲਾਜ ਬਣ ਜਾਂਦੀ ਹੈ।

ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿਚ ਜ਼ਿਆਦਾਤਰ ਰੋਗੀ ਚੌਥੇ ਪੜਾਅ 'ਤੇ ਪਹੁੰਚ ਕੇ ਹੀ ਡਾਕਟਰ ਕੋਲ ਜਾਂਦਾ ਹੈ। ਜਿਸ ਕਰਕੇ ਭਾਰਤ ਵਿਚ ਕੈਂਸਰ ਰੋਗੀਆਂ ਦਾ ਇਕ ਵੱਡਾ ਹਿੱਸਾ ਲਾਇਲਾਜ ਹੋ ਜਾਂਦਾ ਹੈ। ਇਸ ਲਈ ਭਾਰਤ ਵਿਚ ਕੈਂਸਰ ਦਾ ਡਰ ਅਤੇ ਦਹਿਸ਼ਤ ਵੱਧ ਹੈ ਅਤੇ ਇਹ ਖ਼ੌਫ਼ ਜਾਇਜ਼ ਵੀ ਹੈ। ਕੈਂਸਰ ਦੇ ਬਾਰੇ ਅਧੂਰੀ ਅਤੇ ਅਣਢੁੱਕਵੀ ਜਾਣਕਾਰੀ ਕਾਰਨ ਇਹ ਇਕ ਹਊਆ ਬਣ ਚੁੱਕਿਆ ਹੈ। ਕੈਂਸਰ ਬਾਰੇ ਢੁੱਕਵੀ ਅਤੇ ਸਹੀ ਜਾਣਕਾਰੀ ਹਾਸਲ ਕਰ ਕੇ ਅਸੀਂ ਇਸ ਬਾਰੇ ਸੁਚੇਤ ਹੋ ਕੇ ਭੁਲੇਖਿਆਂ ਤੋਂ ਬਚ ਕੇ ਆਪਣਾ ਬਚਾ ਕਰ ਸਕਦੇ ਹਾਂ। ਸਭ ਤੋਂ ਅਹਿਮ ਇਹ ਹੈ ਕਿ ਕੈਂਸਰ ਲਾਗ ਦੀ ਬਿਮਾਰੀ ਨਹੀਂ ਹੈ। ਇਹ ਸੱਚਾਈ ਜਾਣਦੇ ਹੋਏ ਵੀ ਸਾਡੇ ਵਿਚੋਂ ਜ਼ਿਆਦਾਤਰ ਲੋਕ ਕੈਂਸਰ ਰੋਗੀਆਂ ਬਾਰੇ ਇਕ ਅਜੀਬ ਤਰ੍ਹਾਂ ਦਾ ਭੇਦਭਾਵ ਰੱਖਦੇ ਹਨ ਹਾਂਲਾਕਿ ਵਧੇਰੇ ਕਰਕੇ ਕੈਂਸਰ ਸ਼ਰਾਬ ਜਾਂ ਤੰਬਾਕੂ ਦਾ ਸੇਵਨ ਕਰਨ ਵਾਲੇ ਇਨਸਾਨਾਂ ਵਿਚ ਹੁੰਦਾ ਹੈ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਕਿਸੇ ਨੂੰ ਵੀ ਤੇ ਕਦੇ ਵੀ ਹੋ ਸਕਦਾ ਹੈ। ਸਮਾਜ ਦਾ ਕੋਈ ਵੀ ਵਰਗ, ਖਿੱਤਾ ਜਾਂ ਕੌਮ ਇਸ ਤੋਂ 100 ਫ਼ੀਸਦੀ ਸੁਰੱਖਿਅਤ ਨਹੀਂ ਹੈ।

ਅਸਲ ਵਿਚ ਕੈਂਸਰ ਕਈ ਬਿਮਾਰੀਆਂ ਦਾ ਇਕ ਸਮੂਹ ਹੈ ਜਿਸ ਵਿਚ ਸਰੀਰ ਦੀਆਂ ਕੋਸ਼ਿਕਾਵਾਂ ਦਾ ਨਿਰੰਤਰ, ਅਸਾਧਾਰਨ ਵਿਕਾਸ ਹੋ ਜਾਂਦਾ ਹੈ। ਜਿਸ ਲਈ ਸਰੀਰ ਦੇ ਹੋਰ ਭਾਗਾਂ ਵਿਚ ਪਹੁੰਚਣ ਤਕ ਜਾਂ ਫੈਲਣ ਅਤੇ ਹਮਲਾ ਕਰਨ ਦੀ ਸੰਭਾਵਨਾ ਹੁੰਦੀ ਹੈ। ਇਨ੍ਹਾਂ ਦੇ ਮੁਕਾਬਲੇ ਬੀਨਾਈਨ ਟਿਊਮਰ ਹੁੰਦੇ ਹਨ। ਜੋ ਸਰੀਰ ਦੇ ਹੋਰ ਭਾਗਾਂ ਤਕ ਨਹੀਂ ਫੈਲਦੇ। ਕੈਂਸਰ ਦੇ ਲੱਛਣਾਂ ਵਿਚ ਸਰੀਰ ਦੇ ਕਿਸੇ ਭਾਗ ਤੇ ਲੰਪ ਦੀ ਹੋਂਦ, ਅਸਧਾਰਨ ਲਹੂ ਵਗਣਾ, ਦੇਰ ਤਕ ਖਾਂਸੀ, ਭਾਰ ਘਟਣਾ ਅਤੇ ਪੇਟ ਸਾਫ਼ ਹੋਣ ਦੀਆਂ ਗਤੀਵਿਧੀਆਂ ਵਿਚ ਪਰਿਵਰਤਨ ਹੈ। ਇਹ ਲੱਛਣ ਕੈਂਸਰ ਦੇ ਹੋ ਸਕਦੇ ਹਨ ਪਰ ਇਨ੍ਹਾਂ ਦੇ ਹੋਰ ਕਾਰਨ ਵੀ ਹੋ ਸਕਦੇ ਹਨ। ਵੈਸੇ ਹੁਣ ਤਕ 100 ਤੋਂ ਵੱਧ ਕਿਸਮਾਂ ਦੇ ਕੈਂਸਰ ਦੁਨੀਆ ਵਿਚ ਪਾਏ ਜਾਂਦੇ ਹਨ। ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਵਿਚੋਂ 22 ਫ਼ੀਸਦੀ ਦਾ ਕਾਰਨ ਤੰਬਾਕੂ ਦੀ ਵਰਤੋਂ ਹੈ। ਅਗਲੇ 10 ਫ਼ੀਸਦੀ ਦਾ ਕਾਰਨ ਮੋਟਾਪਾ, ਨਿਮਨ ਪੱਧਰ ਦੀ ਖ਼ੁਰਾਕ, ਸਰੀਰਕ ਗਤੀਵਿਧੀਆਂ ਦੀ ਘਾਟ ਅਤੇ ਬਹੁਤ ਜ਼ਿਆਦਾ ਸ਼ਰਾਬ ਦਾ ਸੇਵਨ ਹੈ। ਇਸਦੇ ਇਲਾਵਾ ਪ੍ਰਦੂਸ਼ਨ ਅਤੇ ਕੁੱਝ ਲਾਗ ਰੋਗ ਵੀ ਇਸਦੇ ਕਾਰਨ ਬਣਦੇ ਹਨ।

ਵਿਕਸਿਤ ਦੇਸ਼ਾਂ ਦੇ ਮੁਕਾਬਲੇ ਵਿਕਾਸਸ਼ੀਲ ਦੇਸ਼ਾਂ ਵਿਚ ਤਾਂ ਹੈਪੀਟੇਟਿਸ ਬੀ, ਸੀ ਜਾਂ ਹੋਰ ਖ਼ਤਰਨਾਕ ਮਾਨਵੀ ਲਾਗਾਂ ਹੀ ਬਹੁਤ ਸਾਰੇ ਕੈਂਸਰ ਦਾ ਕਾਰਨ ਬਣਦੀਆਂ ਹਨ। ਇਹ ਘੱਟੋ-ਘੱਟ ਅੰਸ਼ਕ ਰੂਪ ਵਿਚ ਕੋਸ਼ਿਕਾ ਦੇ ਜ਼ੀਨ ਨੂੰ ਬਦਲਦੇ ਹਨ। ਵੈਸੇ 10-20 ਫ਼ੀਸਦੀ ਕੈਂਸਰ ਤਾਂ ਮਾਪਿਆਂ ਤੋਂ ਹਾਸਲ ਜੈਨੇਟਿਕ ਨੁਕਸਾਂ ਕਰਕੇ ਹੁੰਦੇ ਹਨ। ਸਕਰੀਨਿੰਗ ਪ੍ਰੀਖਣਾਂ ਜਾਂ ਖ਼ਾਸ ਲੱਛਣਾਂ ਤੋਂ ਕੈਂਸਰ ਦੀ ਪਛਾਣ ਕੀਤੀ ਜਾ ਸਕਦੀ ਹੈ। ਇਸ ਬਾਰੇ ਪੱਕੇ ਰੂਪ ਵਿਚ ਇਕ ਮਾਹਿਰ ਹੀ ਦੱਸ ਸਕਦਾ ਹੈ। ਸਿਗਰਟ-ਬੀੜੀ ਨਾ ਪੀਣ, ਸੰਤੁਲਤ ਭਾਰ ਕਾਇਮ ਰੱਖਣ, ਜ਼ਿਆਦਾ ਸ਼ਰਾਬ ਦਾ ਸੇਵਨ ਨਾ ਕਰਨ, ਰੱਜ ਕੇ ਕੱਚੇ ਫ਼ਲ-ਸਬਜ਼ੀਆਂ ਖਾਣ, ਦਾਣੇਦਾਰ ਸਬਜ਼ੀਆਂ ਅਤੇ ਅਨਾਜ ਨੂੰ ਤਰਜੀਹ ਦੇਣੀ, ਲਾਲ ਮਾਸ ਅਤੇ ਪ੍ਰੋਸੈਸਿਡ ਮਾਸ ਦਾ ਸੇਵਨ ਘੱਟ ਕਰਨ, ਸੂਰਜ ਦੀ ਰੌਸ਼ਨੀ ਵਿਚ ਜ਼ਿਆਦਾ ਚਿਰ ਨਾ ਰਹਿਣ ਅਤੇ ਲਾਗ ਰੋਗਾਂ ਦਾ ਨਿਰੰਤਰ ਟੀਕਾਕਰਨ ਕਰਵਾ ਕੇ ਕੈਂਸਰ ਤੋਂ ਬਚਿਆ ਜਾ ਸਕਦਾ ਹੈ। ਸਕਰੀਨਿੰਗ ਰਾਹੀਂ ਪਤਾ ਲਗਾ ਕੇ ਛਾਤੀ, ਸਰਵਾਈਕਲ ਅਤੇ ਕੈਂਸਰ ਤੋਂ ਬਚਾਅ ਸੰਭਵ ਹੈ।

### ਸਾਵਧਾਨੀਆਂ

ਕੈਂਸਰ ਦੇ ਮਰੀਜ਼ਾਂ ਵਿਚ 2ਫ਼ੀਸਦੀ ਬੱਚੇ ਹੁੰਦੇ ਹਨ। ਬੱਚਿਆਂ 'ਚ ਮੁੱਖ ਖ਼ੂਨ ਦਾ ਕੈਂਸਰ 33ਫ਼ੀਸਦੀ ਨਿਊਰੋਬਲਾਸਟੋਮਾ, ਨੈਫਰੋਬਲਾਸਟੋਮਾ, ਮੈਡੂਲੋਬਲਾਸਟੋਮਾ ਅਤੇ ਅੱਖ ਦਾ ਕੈਂਸਰ ਹੈ। ਹਰ ਸਾਲ ਦੁਨੀਆ ਭਰ ਵਿਚ 2 ਲੱਖ ਬੱਚੇ ਕੈਂਸਰ ਦਾ ਸ਼ਿਕਾਰ ਹੁੰਦੇ ਹਨ ਪਰ ਸਮੇਂ ਸਿਰ ਸਹੀ ਇਲਾਜ ਨਾਲ ਇਨ੍ਹਾਂ ਵਿਚੋਂ 80ਫ਼ੀਸਦੀ ਠੀਕ ਹੋ ਕੇ ਲੰਬੀ ਉਮਰ ਪਾ ਸਕਦੇ ਹਨ। ਵਿਕਸਿਤ ਦੇਸ਼ਾਂ ਵਿਚ 80ਫ਼ੀਸਦੀ ਬੱਚੇ ਕੈਂਸਰ ਦੇ ਇਲਾਜ ਤੋਂ ਬਾਅਦ ਲੰਬੀ ਉਮਰ ਭੋਗਦੇ ਹਨ। ਬੱਚਿਆਂ ਦੀਆਂ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਵਿਚੋਂ 90ਫ਼ੀਸਦੀ ਮੌਤਾਂ ਗਰੀਬ ਦੇਸ਼ਾਂ ਵਿਚ ਹੁੰਦੀਆਂ ਹਨ। ਦੁਨੀਆ ਭਰ ਵਿਚ ਹੋਣ ਵਾਲੀਆਂ ਹਰ 6 ਮੌਤਾਂ ਵਿਚੋਂ 1 ਮੌਤ ਕੈਂਸਰ ਨਾਲ ਹੁੰਦੀ ਹੈ। ਕੈਂਸਰ ਕਾਰਨ ਹੋਣ ਵਾਲੀਆਂ ਮੌਤਾਂ ਵਿਚੋਂ 70ਫ਼ੀਸਦੀ ਗਰੀਬ ਅਤੇ ਮੱਧਵਰਗੀ ਦੇਸ਼ਾਂ ਵਿਚ ਹੁੰਦੀਆਂ ਹਨ। ਅੰਕੜਿਆਂ ਅਨੁਸਾਰ ਫੇਫੜੇ, ਜਿਗਰ, ਅੰਤੜੀਆਂ, ਮਿਹਦੇ ਦਾ ਅਤੇ ਛਾਤੀ ਦਾ ਕੈਂਸਰ ਲਹਿੰਦੇ ਕ੍ਰਮਵਾਰ ਸਭ ਤੋਂ ਵੱਧ ਜਾਨਲੇਵਾ ਹਨ। ਭਾਰਤ ਵਿਚ ਹਰ ਸਾਲ 10 ਲੱਖ ਨਵੇਂ ਕੈਂਸਰ ਦੇ ਮਰੀਜ਼ ਅਤੇ 6.5 ਲੱਖ ਮੌਤਾਂ ਕੈਂਸਰ ਨਾਲ ਹੁੰਦੀਆਂ ਹਨ। ਭਾਰਤ ਵਿਚ ਮਰਦਾਂ ਦੇ 5 ਮੁੱਖ ਕੈਂਸਰ ਨੱਕ, ਕੰਨ, ਗਲਾ, ਫੇਫੜੇ, ਖਾਣਾ ਨਾਲੀ, ਮਿਹਦਾ ਅਤੇ ਅੰਤੜੀਆਂ ਦਾ ਕੈਂਸਰ ਹਨ ਜਦਕਿ ਔਰਤਾਂ ਦੇ 5 ਮੁੱਖ ਕੈਂਸਰ ਬੱਚੇਦਾਨੀ , ਛਾਤੀ, ਨੱਕ, ਕੰਨ, ਗਲ਼ਾ, ਅੰਡਕੋਸ਼ ਅਤੇ ਖਾਣਾ ਨਾਲੀ ਦਾ ਹਨ। ਹਰ ਸਾਲ 1 ਲੱਖ ਦੀ ਆਬਾਦੀ ਪਿੱਛੇ ਭਾਰਤ ਵਿਚ ਕੈਂਸਰ ਦੇ 80 ਅਤੇ ਪੰਜਾਬ ਵਿਚ 90 ਨਵੇਂ ਮਰੀਜ਼ ਪੀੜਤ ਹਨ। ਭਾਰਤ ਅਤੇ ਪੰਜਾਬ ਵਿਚ ਇਹ ਅੰਕੜਾ ਇਕ-ਸਮਾਨ ਭਾਵ 80 ਹੈ। ਪੰਜਾਬ ਵਿਚ ਕੈਂਸਰ ਦਾ ਮੁੱਖ ਕਾਰਨ ਖਾਣਾ ਨਾਲੀ, ਛਾਤੀ ਦਾ ਅਤੇ ਬੱਚੇਦਾਨੀ ਦਾ ਕੈਂਸਰ ਹੈ। ਪੰਜਾਬ ਵਿਚ ਵੱਧ ਕੈਂਸਰ ਵਾਲੇ ਜ਼ਿਲ੍ਹੇ ਕ੍ਰਮਵਾਰ ਮੁਕਤਸਰ, ਮਾਨਸਾ, ਬਠਿੰਡਾ ਅਤੇ ਫਿਰੋਜ਼ਪੁਰ ਹਨ। ਕੈਂਸਰ ਰੋਕਥਾਮ ਦੇ ਮੁੱਖ ਤਰੀਕੇ ਤੰਬਾਕੂ, ਸ਼ਰਾਬ ਦਾ ਪਰਹੇਜ਼, ਮੋਟਾਪੇ ਦਾ ਕੰਟਰੋਲ, ਰੋਜ਼ਾਨਾ ਕਸਰਤ, ਟੀਕਾਕਰਣ, ਸਕਰੀਨਿੰਗ ਅਤੇ ਸਾਫ਼ ਸੁਥਰੀ ਹਵਾ, ਪਾਣੀ, ਖਾਣੇ ਦਾ ਉਪਯੋਗ ਹੈ। ਭਾਰਤ ਵਿਚ ਤੰਬਾਕੂ ਦਾ ਪਾਨ, ਜਰਦੇ ਜਾਂ ਸੁਪਾਰੀ ਦੇ ਜ਼ਿਆਦਾ ਸੇਵਨ ਕਾਰਨ ਨੱਕ, ਮੂੰਹ ਤੇ ਗਲ਼ੇ ਦਾ ਕੈਂਸਰ ਪ੍ਰਮੁੱਖ ਕੈਂਸਰ ਹੈ। ਗਰੀਬ ਅਤੇ ਮੱਧਵਰਗੀ ਦੇਸ਼ਾਂ ਵਿਚ ਹੋਣ ਵਾਲੇ ਹਰ 4 ਕੈਂਸਰ ਦੇ ਕੇਸਾਂ ਵਿਚੋਂ 1 ਅਜਿਹੇ ਵਾਇਰਲ ਇਨਫੈਕਸ਼ਨ (ਹੈਪੇਟਾਈਟਸ ਬੀ, ਸੀ ਅਤੇ ਹਿਊਮਨ ਪੈਪੀਲੋਮਾ ਵਿਸ਼ਾਣੂ) ਨਾਲ ਹੁੰਦਾ ਹੈ। ਜੋ ਕਿ ਰੋਕਥਾਮਯੋਗ ਵੀ ਹੈ ਅਤੇ ਇਲਾਜਯੋਗ ਵੀ।

### ਇਲਾਜ

ਸਰਜਰੀ, ਰੇਡੀਓਥੈਰੇਪੀ ਅਤੇ ਕੀਮੋਥੈਰੇਪੀ। ਸਰਜਰੀ ਅਕਸਰ ਪੜਾਅ 1 ਅਤੇ 2 ਵਿਚ ਕੀਤੀ ਜਾਂਦੀ ਹੈ ਜਿਸ ਦੌਰਾਨ ਕੈਂਸਰ ਦੀ ਗੰਢ (ਟਿਊਮਰ) ਨੂੰ ਉਸਦੇ ਆਸ-ਪਾਸ ਦੇ ਕੁੱਝ ਤੰਦਰੁਸਤ ਤੰਤੂਆਂ ਸਮੇਤ ਚੀਰਫਾੜ ਕਰਕੇ ਕੱਢ ਦਿੱਤਾ ਜਾਂਦਾ ਹੈ। ਰੇਡੀਓਥੈਰੇਪੀ ਵਧੇਰੇ ਇਸਤੇਮਾਲ ਹੁੰਦੀ ਹੈ ਜਿਸ ਦੌਰਾਨ ਜ਼ਿਆਦਾ ਸ਼ਕਤੀਸ਼ਾਲੀ ਐਕਸ ਕਿਰਨਾਂ ਦੁਆਰਾ ਕਈ ਦਿਨਾਂ ਵਿਚ ਕੈਂਸਰ ਨੂੰ ਖ਼ਤਮ ਕੀਤਾ ਜਾਂਦਾ ਹੈ। ਬਹੁਤ ਵਾਰ ਰੇਡੀਓਥੈਰੇਪੀ ਕੀਮੋਥੈਰੇਪੀ ਨਾਲ ਮਿਲਾ ਕੇ ਵੀ ਦਿੱਤੀ ਜਾਂਦੀ ਹੈ ਤਾਂ ਜੋ ਬੇਹਤਰ ਨਤੀਜੇ ਆ ਸਕਣ। ਕੈਂਸਰ ਸਭ ਤੋਂ ਘਾਤਕ ਉਸ ਹਾਲਤ ਜਾਂ ਅਵਸਥਾ ਵਿਚ ਮੰਨਿਆ ਜਾਂਦਾ ਹੈ ਜਦੋਂ ਇਹ ਸਰੀਰ ਦੇ ਹੋਰ ਭਾਗਾਂ ਵਿਚ ਵੀ ਫੈਲ ਜਾਂਦਾ ਹੈ। ਇਸ ਸਥਿਤੀ ਵਿਚ ਇਹ ਉਪਚਾਰ ਦੀ ਯੋਗਤਾ ਤੋਂ ਬਾਹਰ ਹੋ ਜਾਂਦਾ ਹੈ। ਕੈਂਸਰ ਦੇ ਫੈਲਣ ਦੇ ਤਿੰਨ ਮੁੱਖ ਢੰਗ ਕ੍ਰਮਵਾਰ ਸਥਾਨਕ ਵਾਧਾ, ਲਿੰਫੈਟਿਕ ਦੁਆਰਾ ਫੈਲਣਾ ਅਤੇ ਖ਼ੂਨ ਦੁਆਰਾ ਫੈਲਣਾ ਹਨ। ਟਿਊਮਰ ਦੇ ਇਕ ਸੈਂਟੀਮੀਟਰ ਆਕਾਰ ਹੋਣ ਤਕ ਉਸ ਦੇ ਅੰਦਰ 1,000,000,000,000 ਕੋਸ਼ਿਕਾਵਾਂ ਪੈਦਾ ਹੋ ਚੁਕੀਆਂ ਹੁੰਦੀਆਂ ਹਨ। ਕਈ ਵਾਰ ਇਸ ਸਥਿਤੀ ਤਕ ਪਹੁੰਚਣ ਲਈ ਕੈਂਸਰ ਨੂੰ 5-10 ਸਾਲ ਵੀ ਲੱਗ ਜਾਂਦੇ ਹਨ ਜਿਸ ਦੌਰਾਨ ਅਸੀਂ ਸਕਰੀਨਿੰਗ ਟੈਸਟ ਕਰ ਕੇ ਕੈਂਸਰ 'ਤੇ ਜਲਦੀ ਤੋਂ ਜਲਦੀ ਕਾਬੂ ਪਾ ਸਕਦੇ ਹਾਂ।

# ਖਨੌਰੀ ਬਾਰਡਰ ਉਪਰ ਸਥਿਤੀ ਤਣਾਅਪੂਰਨ, ਅੱਥਰੂ ਗੈਸ ਦੇ ਗੋਲਿਆਂ ਤੇ ਰਬੜ ਦੀਆਂ ਗੋਲੀਆਂ ਕਾਰਨ, ਇਕ ਕਿਸਾਨ ਦੀ ਮੌਤ ਦਰਜਨ ਜ਼ਖ਼ਮੀ

**ਸੰਗਰੂਰ/ਖਨੌਰੀ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਖਨੌਰੀ ਬਾਰਡਰ ਉਪਰ ਮਾਹੌਲ ਤਣਾਅਪੂਰਨ ਹੈ। ਹਰਿਆਣਾ ਪੁਲੀਸ ਤੇ ਕੇਂਦਰੀ ਸੁਰੱਖਿਆ ਬਲਾਂ ਵਲੋਂ ਅੱਥਰੂ ਗੈਸ ਦੇ ਗੋਲਿਆਂ, ਰਬੜ ਦੀਆਂ ਗੋਲੀਆਂ ਅਤੇ ਪਾਣੀ ਦੀਆਂ ਬੁਛਾੜਾਂ ਨਾਲ ਕੀਤੀ ਕਾਰਵਾਈ 'ਚ ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਸਮੇਤ ਕਰੀਬ ਦੋ ਦਰਜਨ ਕਿਸਾਨ ਜ਼ਖ਼ਮੀ ਹੋਏ ਹਨ। ਜ਼ਖ਼ਮੀਆਂ ਨੂੰ ਪਾਤੜਾਂ ਅਤੇ ਹੋਰ ਨੇੜਲੇ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ। ਕੇਂਦਰ ਸਰਕਾਰ ਦੇ ਪ੍ਰਸਤਾਵ ਨੂੰ ਰੱਦ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਵਲੋਂ ਅੱਜ ਦਿੱਲੀ ਕੂਚ ਕਰਨ ਦਾ ਐਲਾਨ ਕੀਤਾ ਗਿਆ ਸੀ ਜਿਸਦੇ ਤਹਿਤ ਖਨੌਰੀ ਬਾਰਡਰ 'ਤੇ ਤਾਇਨਾਤ ਹਜ਼ਾਰਾਂ ਕਿਸਾਨ ਪੰਜਾਬ-ਹਰਿਆਣਾ ਹੱਦ ਨਜ਼ਦੀਕ ਇਕੱਠੇ ਹੋਏ ਤਾਂ ਉਥੇ ਤਾਇਨਾਤ ਹਰਿਆਣਾ ਪੁਲੀਸ ਅਤੇ ਕੇਂਦਰੀ ਸੁਰੱਖਿਆ ਬਲਾਂ ਵਲੋਂ ਕਿਸਾਨਾਂ ਉਪਰ ਅੱਥਰੂ ਗੈਸ ਦੇ ਗੋਲੇ ਦਾਗੇ ਗਏ, ਰਬੜ ਦੀਆਂ ਗੋਲੀਆਂ ਅਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ ਤਾਂ ਜੋ ਕਿਸਾਨ ਅੱਗੇ ਨਾ ਵਧ ਸਕਣ। ਕਿਸਾਨਾਂ ਵਲੋਂ ਖੇਤਾਂ 'ਚੋਂ ਹੁੰਦਿਆਂ ਅੱਗੇ ਵਧਣ ਦਾ ਯਤਨ ਕੀਤਾ ਗਿਆ ਪਰ ਕਿਸਾਨਾਂ ਉਪਰ ਅੱਥਰੂ ਗੈਸ ਦੇ ਗੋਲੇ ਦਾਗੇ ਗਏ, ਜਿਸ ਨਾਲ ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਸਮੇਤ ਕਰੀਬ ਦੋ ਦਰਜਨ ਕਿਸਾਨ ਜ਼ਖ਼ਮੀ ਹੋਏ ਹਨ, ਜਿਨ੍ਹਾਂ ਨੂੰ ਪੰਜਾਬ ਸਰਕਾਰ ਵਲੋਂ ਤਾਇਨਾਤ ਐਂਬੂਲੈਂਸਾਂ ਰਾਹੀਂ ਹਸਪਤਾਲਾਂ ਵਿਚ ਪਹੁੰਚਾਇਆ ਜਾ ਰਿਹਾ ਹੈ। ਹਾਲਾਤ ਤਣਾਅਪੂਰਨ ਹਨ ਅਤੇ ਰੁਕ-ਰੁਕ ਕੇ ਅੱਥਰੂ ਗੈਸ ਦੇ ਗੋਲੇ ਬਰਸ ਰਹੇ ਹਨ।





**ਐਮਐਸਪੀ ਗਾਰੰਟੀ ਕਾਨੂੰਨ ਬਣਾਉਣ ਨਾਲ ਅੰਦੋਲਨ ਖ਼ਤਮ ਹੋ ਸਕਦਾ ਹੈ: ਪੰਧੇਰ**

ਪੰਜਾਬ ਕਿਸਾਨ ਮਜ਼ਦੂਰ ਦੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਅੱਜ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਦੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਦੁਹਰਾਇਆ ਅਤੇ 'ਸ਼ਾਂਤਮਈ' ਤਰੀਕੇ ਨਾਲ ਅੱਗੇ ਵਧਣ ਦਾ ਭਰੋਸਾ ਦਿੱਤਾ। ਕਿਸਾਨ ਆਗੂ ਨੇ ਜ਼ੋਰ ਦੇ ਕੇ ਕਿਹਾ ਕਿ ਸਾਰੇ ਕਿਸਾਨ ਇਕੱਠੇ ਹੋ ਕੇ 'ਦਿੱਲੀ ਚਲੋ' ਮਾਰਚ ਨਹੀਂ ਕਰਨਗੇ। ਸਿਰਫ ਕਿਸਾਨ ਆਗੂ ਹੀ ਰਾਸ਼ਟਰੀ ਰਾਜਧਾਨੀ ਵੱਲ ਮਾਰਚ ਕਰਨਗੇ। ਉਨ੍ਹਾਂ ਕਿਹਾ,'ਅਸੀਂ ਫੈਸਲਾ ਕੀਤਾ ਹੈ ਕਿ ਕੋਈ ਵੀ ਕਿਸਾਨ, ਨੌਜਵਾਨ ਅੱਗੇ ਨਹੀਂ ਵਧੇਗਾ। ਆਗੂ ਦਿੱਲੀ ਮਾਰਚ ਕਰਨਗੇ। ਅਸੀਂ ਆਪਣੇ ਜਵਾਨਾਂ 'ਤੇ ਹਮਲਾ ਨਹੀਂ ਕਰਾਂਗੇ। ਅਸੀਂ ਸ਼ਾਂਤੀ ਨਾਲ ਚੱਲਾਂਗੇ। ਇਹ ਸਭ ਕੁਝ ਖਤਮ ਹੋ ਸਕਦਾ ਹੈ ਜੇ ਕੇਂਦਰੀ ਸਰਕਾਰ ਐਮਐਸਪੀ 'ਤੇ ਕਾਨੂੰਨ ਬਣਾਵੇ।'

ਦੱਸ ਦਈਏ ਕਿ ਅੱਜ ਸਵੇਰੇ ਜਿਉਂ ਹੀ ਕਿਸਾਨਾਂ ਨੇ ਸ਼ੰਭੂ ਤੇ ਖਨੌਰੀ ਬਾਰਡਰ ਤੋਂ ਦਿੱਲੀ ਕੂਚ ਦੀ ਕੋਸ਼ਿਸ਼ ਕੀਤੀ ਤਾਂ ਸੁਰੱਖਿਆ ਬਲਾਂ ਵੱਲੋਂ ਸਖਤੀ ਕੀਤੀ ਗਈ। ਹਾਲਾਤ ਨੂੰ ਵੇਖਦਿਆਂ ਕੇਂਦਰ ਸਰਕਾਰ ਨੇ ਮੁੜ ਮੀਟਿੰਗ ਬੁਲਾ ਲਈ। ਕੇਂਦਰੀ ਖੇਤੀਬਾੜੀ ਮੰਤਰੀ ਅਰਜੁਨ ਮੁੰਡਾ ਨੇ ਕਿਹਾ ਕਿ ਉਹ ਕਿਸਾਨ ਆਗੂਆਂ ਨਾਲ 5ਵੇਂ ਗੇੜ ਦੀ ਗੱਲਬਾਤ ਲਈ ਤਿਆਰ ਹਨ। ਖੇਤੀਬਾੜੀ ਮੰਤਰੀ ਨੇ ਟਵੀਟ ਕਰਦਿਆਂ ਕਿਹਾ ਕਿ ਚੌਥੇ ਗੇੜ ਤੋਂ ਬਾਅਦ ਸਰਕਾਰ ਪੰਜਵੇਂ ਗੇੜ ਦੀ ਗੱਲਬਾਤ ਲਈ ਤਿਆਰ ਹੈ।

ਸਰਕਾਰ MSP ਦੀ ਮੰਗ, ਫਸਲੀ ਵਿਭਿੰਨਤਾ, ਪਰਾਲੀ ਦਾ ਮੁੱਦਾ, FIR ਵਰਗੇ ਸਾਰੇ ਮੁੱਦਿਆਂ 'ਤੇ ਚਰਚਾ ਕਰਨ ਲਈ ਤਿਆਰ ਹੈ। ਮੈਂ ਕਿਸਾਨ ਆਗੂਆਂ ਨੂੰ ਮੁੜ ਚਰਚਾ ਲਈ ਸੱਦਾ ਦਿੰਦਾ ਹਾਂ। ਸਾਡੇ ਲਈ ਸ਼ਾਂਤੀ ਬਣਾਈ ਰੱਖਣਾ ਜ਼ਰੂਰੀ ਹੈ

## ਮੁੰਡਾ ਨੇ ਕਿਸਾਨਾਂ ਨੂੰ ਪੰਜਵੇਂ ਗੇੜ ਲਈ ਗੱਲਬਾਤ ਦੀ ਪੇਸ਼ਕਸ਼ ਕੀਤੀ: ਭਾਜਪਾ

**ਨਵੀਂ ਦਿੱਲੀ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**


ਭਾਜਪਾ ਨੇ ਕਿਹਾ ਕਿ ਕੇਂਦਰੀ ਖੇਤੀਬਾੜੀ ਮੰਤਰੀ ਅਰਜੁਨ ਮੁੰਡਾ ਨੇ ਕਿਸਾਨਾਂ ਨੂੰ ਗੱਲਬਾਤ ਦੇ ਪੰਜਵੇਂ ਗੇੜ ਦੀ ਪੇਸ਼ਕਸ਼ ਕਰਦਿਆਂ ਉਨ੍ਹਾਂ ਨੂੰ ਸ਼ਾਂਤੀਪੂਰਨ ਹੱਲ ਕੱਢਣ ਦੀ ਅਪੀਲ ਕੀਤੀ ਹੈ। ਭਾਜਪਾ ਨੇ ਕਿਹਾ ਕਿ ਕਿਸਾਨਾਂ ਦਾ ਵਿਕਾਸ ਕੇਂਦਰ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ। ਸਾਬਕਾ ਕੇਂਦਰੀ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਨੇਤਾ ਰਵੀਸ਼ੰਕਰ ਪ੍ਰਸਾਦ ਨੇ ਇੱਥੇ ਭਾਜਪਾ ਦੇ ਮੁੱਖ ਦਫਤਰ ਵਿਖੇ ਪੱਤਰਕਾਰਾਂ ਨੂੰ ਕਿਹਾ, 'ਖੇਤੀ ਮੰਤਰੀ ਅਰਜੁਨ ਮੁੰਡਾ ਨੇ ਗੱਲਬਾਤ ਦੀ ਪੇਸ਼ਕਸ਼ ਕੀਤੀ ਹੈ।

ਗੱਲਬਾਤ ਨਾਲ ਹੀ ਹੱਲ ਨਿਕਲੇਗਾ। ਸਰਕਾਰ ਖੁੱਲ੍ਹੇ ਦਿਮਾਗ ਨਾਲ ਗੱਲਬਾਤ ਲਈ ਤਿਆਰ ਹੈ। ਕਿਸਾਨਾਂ ਨੂੰ ਸਾਡੀ ਅਪੀਲ ਹੈ ਕਿ ਇਸ ਦਾ ਸ਼ਾਂਤਮਈ ਢੰਗ ਨਾਲ ਹੱਲ ਲੱਭਿਆ ਜਾਵੇ।'

## ਖਨੌਰੀ ਬਾਰਡਰ 'ਤੇ ਹਰਿਆਣਾ ਪੁਲਿਸ ਨਾਲ ਟਕਰਾਅ ਦੌਰਾਨ 20 ਸਾਲਾ ਕਿਸਾਨ ਦੀ ਮੌਤ

**ਪਟਿਆਲਾ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਖਨੌਰੀ ਬਾਰਡਰ 'ਤੇ ਕਿਸਾਨਾਂ ਅਤੇ ਹਰਿਆਣਾ ਪੁਲੀਸ ਦਰਮਿਆਨ ਹੋਏ ਟਕਰਾਅ ਦੌਰਾਨ 20 ਸਾਲਾ ਕਿਸਾਨ ਦੀ ਮੌਤ ਹੋ ਗਈ, ਜਿਸ ਦੀ ਪਛਾਣ ਜ਼ਿਲ੍ਹਾ ਬਠਿੰਡਾ ਦੇ ਵਸਨੀਕ ਸ਼ੁਭਕਰਨ ਸਿੰਘ ਵਜੋਂ ਹੋਈ ਹੈ। ਮੁੱਢਲੀ ਜਾਣਕਾਰੀ ਅਨੁਸਾਰ ਉਸ ਦੀ ਮੌਤ ਦਾ ਕਾਰਨ ਹਰਿਆਣਾ ਪੁਲੀਸ ਵੱਲੋਂ ਚਲਾਈ ਰਬੜ ਦੀ ਗੋਲੀ ਹੈ। ਲਾਸ਼ ਪਟਿਆਲਾ ਦੇ ਸਰਕਾਰੀ ਰਜਿੰਦਰਾ ਹਸਪਤਾਲ ਵਿਖੇ ਰੱਖੀ ਗਈ ਹੈ, ਕਿਉਂਕਿ ਇਸ ਘਟਨਾ ਦੌਰਾਨ ਗੰਭੀਰ ਜ਼ਖ਼ਮੀ ਹੋਣ ਤੋਂ ਬਾਅਦ ਉਸ ਨੂੰ ਪਟਿਆਲਾ ਲਿਆਂਦਾ ਗਿਆ ਸੀ ਪਰ ਇੱਥੇ ਆ ਕੇ ਉਸ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਦੋ ਕਿਸਾਨ ਹੋਰ ਜ਼ਖ਼ਮੀ ਹੋਏ ਹਨ, ਜਿਨ੍ਹਾਂ ਨੂੰ ਵੀ



ਰਜਿੰਦਰ ਹਸਪਤਾਲ ਪਟਿਆਲਾ ਵਿਖੇ ਭੇਜਿਆ। ਜ਼ਖ਼ਮੀਆਂ ਦੀ ਪਛਾਣ ਸੰਗਰੂਰ ਦੇ ਪਿੰਡ ਸੇਰੋਂ ਦੇ ਵਸਨੀਕ ਸਿਮਰਨਜੀਤ ਸਿੰਘ ਅਤੇ ਥਾਣਾ ਲਹਿਰਾ ਗਾਗਾ ਦੇ ਅਧੀਨ ਪੈਂਦੇ ਪਿੰਡ ਭੁਟਾਲ ਖੁਰਦ ਦੇ ਵਾਸੀ ਜੁਗਰਾਜ ਸਿੰਘ ਵਜੋਂ ਹੋਈ ਹੈ।

# ਮੁੱਖ ਮੰਤਰੀ ਵੱਲੋਂ ਪੱਛਮੀ ਬੰਗਾਲ ਵਿੱਚ ਸਿੱਖ ਪੁਲਿਸ ਅਫਸਰ ਦੀ ਵਤਨਪ੍ਰਸਤੀ 'ਤੇ ਸਵਾਲ ਚੁੱਕਣ ਲਈ ਭਾਜਪਾ ਲੀਡਰਸ਼ਿਪ ਦੀ ਸਖ਼ਤ ਅਲੋਚਨਾ

**➢ ਭਾਜਪਾ ਨੇਤਾਵਾਂ ਦਾ ਵਿਤਕਰੇ ਭਰਿਆ ਰਵੱਈਆ ਸਹਿਣਯੋਗ ਨਹੀਂ ➢ ਭਾਜਪਾ ਲੀਡਰਸ਼ਿਪ ਨੂੰ ਮੁਆਫੀ ਮੰਗਣ ਲਈ ਕਿਹਾ**

**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੱਛਮੀ ਬੰਗਾਲ ਵਿੱਚ ਸਿੱਖ ਪੁਲਿਸ ਅਫਸਰ ਦੀ ਵਤਨਪ੍ਰਸਤੀ ਉਤੇ ਸਵਾਲ ਚੁੱਕਣ ਲਈ ਭਾਜਪਾ ਨੇਤਾਵਾਂ ਦੀ ਸਖ਼ਤ ਅਲੋਚਨਾ ਕੀਤੀ ਹੈ।

ਅੱਜ ਇੱਥੋਂ ਜਾਰੀ ਇਕ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਭਗਵਾਂ ਪਾਰਟੀ ਦੇ ਆਗੂ ਉਸ ਭਾਈਚਾਰੇ ਦੇ ਅਕਸ ਤੇ ਕਾਬਲੀਅਤ ਉਤੇ ਸਵਾਲ ਚੁੱਕ ਰਹੇ ਹਨ ਜਿਸ ਭਾਈਚਾਰੇ ਨੂੰ ਵਤਨਪ੍ਰਸਤੀ ਅਤੇ ਰਾਸ਼ਟਰਵਾਦੀ ਦੇ ਤੌਰ ਉਤੇ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇਤਾ ਇਸ ਹਕੀਕਤ ਤੋਂ ਮੁਨਕਰ ਹੋ ਚੁੱਕੇ ਹਨ ਕਿ ਪੰਜਾਬੀਆਂ ਖਾਸ ਕਰਕੇ ਸਿੱਖ ਭਾਈਚਾਰੇ ਨੇ ਦੇਸ਼ ਦੀ ਆਜ਼ਾਦੀ ਲਈ ਮਿਸਾਲੀ ਕੁਰਬਾਨੀਆਂ ਕੀਤੀਆਂ ਹਨ। ਇਸ ਦੌਰਾਨ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੁਲਕ ਨੂੰ ਅੰਨ ਸੁਰੱਖਿਆ ਪੱਖੋਂ ਆਤਮ ਨਿਰਭਰ



ਬਣਾਉਣ ਲਈ ਸਿੱਖ ਕਿਸਾਨਾਂ ਨੇ ਵੀ ਵੱਡਾ ਯੋਗਦਾਨ ਪਾਇਆ ਹੈ ਜਿਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਇਸੇ ਤਰ੍ਹਾਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਬਹਾਦਰ ਪੁੱਤ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਲਾਮਿਸਾਲ ਕੁਰਬਾਨੀਆਂ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਭਾਜਪਾ ਲੀਡਰ ਤਨਦੇਹੀ ਨਾਲ ਡਿਊਟੀ ਨਿਭਾਅ ਰਹੇ ਸਿੱਖ ਅਫਸਰ ਨੂੰ ਦੇਸ਼ ਵਿਰੋਧੀ ਦੱਸ ਰਹੇ ਹਨ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਨੇਤਾਵਾਂ ਦੀ ਇਹ ਹਰਕਤ ਪੰਜਾਬੀਆਂ ਖਾਸ ਕਰਕੇ ਸਿੱਖ ਭਾਈਚਾਰੇ ਦਾ ਘੋਰ ਨਿਰਾਦਰ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਸਿੱਖ ਗੁਰੂ ਸਾਹਿਬਾਨ ਨੇ ਸਾਨੂੰ ਜਬਰ-ਜ਼ੁਲਮ, ਬੇਇਨਸਾਫੀ ਅਤੇ ਦਮਨ ਦੇ ਟਾਕਰਾ ਕਰਨ ਦਾ ਸੰਦੇਸ਼ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਲੀਡਰਸ਼ਿਪ ਦੇ ਇਸ ਜ਼ਲਾਲਤ ਭਰੇ ਕਦਮ ਨੂੰ ਕਿਸੇ ਵੀ ਕੀਮਤ ਉਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਭਾਜਪਾ ਲੀਡਰਸ਼ਿਪ ਨੂੰ ਆਪਣੇ ਨੇਤਾਵਾਂ ਦੇ ਇਸ ਗੈਰ-ਜ਼ਿੰਮੇਵਾਰਾਨਾ, ਨਿਰਾਦਰ ਅਤੇ ਵਿਤਕਰੇ ਵਾਲੇ ਰਵੱਈਏ ਲਈ ਮੁਆਫੀ ਮੰਗਣੀ ਚਾਹੀਦੀ ਹੈ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਮੁੱਚਾ ਪੰਜਾਬ ਬਹਾਦਰ ਸਿੱਖ ਪੁਲਿਸ ਅਫਸਰ ਨਾਲ ਡਟ ਕੇ ਖੜ੍ਹਾ ਹੈ ਜਿਸ ਨੇ ਆਪਣੀ ਡਿਊਟੀ ਨਿਭਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।

# ਪੰਜਾਬ ਸਰਕਾਰ ਨੇ ਸੂਬੇ 'ਚ ਅਮਨ-ਕਾਨੂੰਨ ਦੀ ਸਥਿਤੀ ਵਿਗੜਨ ਸਬੰਧੀ ਦੋਸ਼ਾਂ ਨੂੰ ਸਿਰੇ ਤੋਂ ਨਕਾਰਿਆ

**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਵਿਗੜਨ ਸਬੰਧੀ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸੂਬੇ ਵਿੱਚ ਕਿਸਾਨ ਅੰਦੋਲਨ ਦੇ ਚੱਲਦਿਆਂ ਬਣੇ ਹਾਲਾਤਾਂ ਨਾਲ ਬਹੁਤ ਹੀ ਸੁਚੱਜੇ ਅਤੇ ਕਾਰਗਰ ਢੰਗ ਨਾਲ ਨਜਿੱਠਿਆ ਜਾ ਰਿਹਾ ਹੈ।

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਉੱਤੇ ਪੰਜਾਬ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਵਰਮਾ ਵੱਲੋਂ ਭਾਰਤ ਸਰਕਾਰ ਦੇ ਸਕੱਤਰ ਗ੍ਰਹਿ ਮੰਤਰਾਲੇ ਨੂੰ ਲਿਖੇ ਪੱਤਰ ਵਿੱਚ ਕਿਹਾ ਗਿਆ ਹੈ ਕਿ ਇਹ ਕਹਿਣਾ ਬਿਲਕੁਲ ਗਲਤ ਹੈ ਕਿ ਪੰਜਾਬ ਸਰਕਾਰ ਦੀ ਆਗਿਆ ਨਾਲ ਹੀ ਸ਼ੰਭੂ ਅਤੇ ਢਾਬੀ-ਗੁਜਰਾਂ ਬਾਰਡਰ 'ਤੇ ਵੱਡੀ ਗਿਣਤੀ ਲੋਕ ਇਕੱਠੇ ਹੋਏ ਹਨ। ਉਨ੍ਹਾਂ ਕਿਹਾ ਕਿ ਆਪਣੇ ਸੰਘਰਸ਼ ਲਈ ਦਿੱਲੀ ਕੂਚ ਕਰਨ ਵਾਲੇ ਕਿਸਾਨਾਂ 'ਤੇ ਹਰਿਆਣਾ ਪੁਲਿਸ ਨੇ ਤਾਕਤ ਦਾ ਪ੍ਰਯੋਗ ਕਰਦਿਆਂ ਉਨ੍ਹਾਂ ਨੂੰ ਹਰਿਆਣਾ ਵਿੱਚੋਂ ਲੰਘਣ ਨਹੀਂ ਦਿੱਤਾ।

ਮੁੱਖ ਸਕੱਤਰ ਨੇ ਕਿਹਾ ਕਿ ਕਿਸਾਨ ਸਮੂਹਾਂ ਦੀ ਆਵਾਜਾਈ 'ਤੇ ਲਾਈ ਗਈ ਇਸ ਪਾਬੰਦੀ ਕਰਕੇ ਪੰਜਾਬ ਅਤੇ ਹਰਿਆਣਾ ਦੀ ਸਰਹੱਦ 'ਤੇ ਦੋ ਜਗ੍ਹਾ ਲੋਕ ਇਕੱਠੇ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਥੇ ਇਹ ਦੱਸਣਾ ਬਣਦਾ ਹੈ ਕਿ ਪੰਜਾਬ ਦੇ ਅਧਿਕਾਰ ਖੇਤਰ ਵਿੱਚ ਕਿਸਾਨਾਂ ਦਾ ਅੰਦੋਲਨ ਕਾਫ਼ੀ ਹੱਦ ਤੱਕ ਸ਼ਾਂਤਮਈ ਰਿਹਾ ਅਤੇ ਕੋਈ ਵੀ ਅਣਸੁਖਾਵੀਂ ਘਟਨਾ ਵਾਪਰਨ ਦੀ ਸੂਚਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਹਰਿਆਣਾ ਪੁਲਿਸ ਵੱਲੋਂ ਅੱਥਰੂ ਗੈਸ ਦੇ ਗੋਲੇ, ਰਬੜ ਦੀਆਂ ਗੋਲੀਆਂ, ਤਾਕਤ ਅਤੇ ਡਰੋਨਾਂ ਸਮੇਤ ਦੰਗਿਆਂ 'ਤੇ ਕਾਬੂ ਪਾਉਣ ਵਾਲੇ ਹੋਰ ਉਪਾਵਾਂ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੇ ਜਾਣ ਕਾਰਨ ਲਗਭਗ 160 ਵਿਅਕਤੀਆਂ ਦੇ ਜਖ਼ਮੀ ਹੋਣ ਦੀ ਖਬਰ ਹੈ।

ਮੁੱਖ ਸਕੱਤਰ ਨੇ ਕਿਹਾ ਕਿ ਇਨ੍ਹਾਂ ਹਾਲਾਤਾਂ ਦੇ ਬਾਵਜੂਦ ਪੰਜਾਬ ਸਰਕਾਰ ਲੋਕਾਂ ਦੇ ਇਕੱਠ ਨੂੰ ਸੁਚਾਰੂ ਢੰਗ ਨਾਲ ਸੰਭਾਲਣ ਵਿੱਚ ਕਾਮਯਾਬ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਉਣ ਕਿ ਸਰਹੱਦ 'ਤੇ ਲੋਕਾਂ ਦਾ ਜ਼ਿਆਦਾ ਇਕੱਠ ਨਾ ਹੋਵੇ, ਸੂਬਾਈ ਅਧਿਕਾਰੀਆਂ ਅਤੇ ਕਿਸਾਨ ਆਗੂਆਂ ਵਿਚਕਾਰ ਬਾਕਾਇਦਾ ਗੱਲਬਾਤ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਅਜੇ ਤੱਕ ਪ੍ਰਦਰਸ਼ਨਕਾਰੀਆਂ ਦੀ ਆੜ ਵਿੱਚ ਸ਼ਰਾਰਤੀ ਅਨਸਰਾਂ/ਕਾਨੂੰਨ ਭੰਗ ਕਰਨ ਵਾਲਿਆਂ ਵੱਲੋਂ ਕੋਈ ਗੜਬੜੀ ਦੀ ਸੂਚਨਾ ਵੀ ਨਹੀਂ ਹੈ, ਜਿਸ 'ਤੇ ਪੁਲਿਸ ਬਾਰੀਕੀ ਨਾਲ ਨਜ਼ਰ ਰੱਖ ਰਹੀ ਹੈ।

ਮੁੱਖ ਸਕੱਤਰ ਨੇ ਕਿਹਾ ਕਿ ਅਜਿਹੇ ਤੱਤਾਂ ਸਬੰਧੀ ਅੰਦਰੂਨੀ ਰਿਪੋਰਟਾਂ ਇਕੱਤਰ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਲੋੜ ਪੈਣ 'ਤੇ ਢੁਕਵੀਂ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਕਿਸਾਨ ਯੂਨੀਅਨਾਂ ਵੱਲੋਂ ਜਿਨ੍ਹਾਂ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ, ਉਨ੍ਹਾਂ ਸਾਰੀਆਂ ਮੰਗਾਂ ਦਾ ਹੱਲ ਭਾਰਤ ਸਰਕਾਰ ਵੱਲੋਂ ਕੀਤਾ ਜਾਣਾ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਕਿਸਾਨ ਯੂਨੀਅਨਾਂ ਨਾਲ ਗੱਲਬਾਤ ਕਰਨ ਦੇ ਆਪਣੇ ਯਤਨਾਂ ਤਹਿਤ ਚਾਰ ਮੀਟਿੰਗਾਂ ਕੀਤੀਆਂ ਜਿਨ੍ਹਾਂ ਵਿੱਚ ਕੇਂਦਰੀ ਮੰਤਰੀਆਂ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ। ਮੁੱਖ ਸਕੱਤਰ ਨੇ ਕਿਹਾ ਕਿ ਇਨ੍ਹਾਂ ਮੀਟਿੰਗਾਂ ਵਿੱਚ ਨਾ ਸਿਰਫ਼ ਪੰਜਾਬ ਸਰਕਾਰ ਵੱਲੋਂ ਸਹਾਇਤਾ ਕੀਤੀ ਗਈ ਬਲਕਿ ਮੁੱਖ ਮੰਤਰੀ ਨੇ ਅਧਿਕਾਰੀਆਂ ਸਮੇਤ ਤਿੰਨ ਵਾਰ ਮੀਟਿੰਗਾਂ ਵਿੱਚ ਵਿਅਕਤੀਗਤ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਇਕ ਮੀਟਿੰਗ ਮੁੱਖ ਮੰਤਰੀ ਹਾਜ਼ਰ ਨਾ ਹੋ ਸਕੇ ਤਾਂ ਪੰਜਾਬ ਦੇ ਇੱਕ ਕੈਬਨਿਟ ਮੰਤਰੀ ਸਮੇਤ ਸਬੰਧਤ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਮੀਟਿੰਗ ਵਿੱਚ ਸ਼ਾਮਲ ਕਰਨ ਅਤੇ ਕੇਂਦਰੀ ਮੰਤਰੀਆਂ ਦੀ ਸਹਾਇਤਾ ਲਈ ਤਾਇਨਾਤ ਕੀਤਾ ਗਿਆ ਸੀ।

ਸ੍ਰੀ ਅਨੁਰਾਗ ਵਰਮਾ ਨੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਕਿਸਾਨ ਯੂਨੀਅਨਾਂ ਦੀਆਂ ਮੰਗਾਂ ਨੂੰ ਹੋਰ ਹਮਦਰਦੀ ਨਾਲ ਵਾਚਿਆ ਜਾਵੇ ਤਾਂ ਜੋ ਇਸ ਮਸਲੇ ਨੂੰ ਆਪਸੀ ਸਹਿਮਤੀ ਨਾਲ ਹੱਲ ਕੀਤਾ ਜਾ ਸਕੇ।

ਮੁੱਖ ਸਕੱਤਰ ਨੇ ਕਿਹਾ ਕਿ ਅਸਲ ਵਿੱਚ ਜਿਹੜੀਆਂ ਕਿਸਾਨ ਯੂਨੀਅਨਾਂ ਰੋਸ ਪ੍ਰਦਰਸ਼ਨ ਕਰ ਰਹੀਆਂ ਹਨ, ਉਹ ਇਸ ਗੱਲ ਤੋਂ ਜਾਣੂ ਹਨ ਕਿ ਉਨ੍ਹਾਂ ਨੂੰ ਸੱਦਾ ਦਿੱਤਾ ਗਿਆ ਹੈ ਅਤੇ ਸੂਬਾ ਸਰਕਾਰ ਦੇ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ ਕੇਂਦਰੀ ਮੰਤਰੀਆਂ ਨਾਲ ਮੀਟਿੰਗਾਂ ਕੀਤੀਆਂ ਹਨ ਤਾਂ ਜੋ ਧਰਨਿਆਂ ਕਾਰਨ ਪੈਦਾ ਹੋਈ ਸਥਿਤੀ ਨੂੰ ਜਲਦ ਨਿਪਟਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਰਹੱਦੀ ਸੂਬਾ ਹੋਣ ਦੇ ਨਾਤੇ ਪੰਜਾਬ ਵਿੱਚ ਕਾਨੂੰਨ ਤੇ ਵਿਵਸਥਾ ਬਰਕਰਾਰ ਰੱਖਣਾ ਬਹੁਤ ਅਹਿਮ ਹੈ ਅਤੇ ਇੰਨੇ ਵੱਡੇ ਪ੍ਰਦਰਸ਼ਨ ਨਾਲ ਨਜਿੱਠਣ ਵੇਲੇ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੱਸਿਆ ਕਿ ਸਮੁੱਚੀ ਪੁਲਿਸ ਫੋਰਸ ਸਥਿਤੀ ਬਾਰੇ ਜਾਣੂ ਹੈ ਅਤੇ ਫਿਲਹਾਲ ਸਥਿਤੀ ਕਾਬੂ ਹੇਠ ਹੈ।


ਮੁੱਖ ਸਕੱਤਰ ਨੇ ਪੰਜਾਬ ਦੀ ਸਥਿਤੀ ਬਾਰੇ ਮੀਡੀਆ ਰਿਪੋਰਟਾਂ 'ਤੇ ਗੌਰ ਨਾ ਕਰਨ ਦੀ ਸਲਾਹ ਦਿੰਦਿਆਂ ਕਿਹਾ ਕਿ ਸਥਿਤੀ ਨੂੰ ਸ਼ਾਂਤਮਈ ਅਤੇ ਕਾਬੂ ਹੇਠ ਰੱਖਣ ਲਈ ਡੀਆਈਜੀ ਰੈਂਕ ਦੇ ਆਈ.ਪੀ.ਐਸ. ਅਤੇ ਪੀ.ਪੀ.ਐਸ. ਅਧਿਕਾਰੀਆਂ ਸਮੇਤ 2,000 ਪੁਲਿਸ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉੱਚ ਪੱਧਰ 'ਤੇ ਸਥਿਤੀ ਦੀ ਲਗਾਤਾਰ ਸਮੀਖਿਆ ਕੀਤੀ ਜਾ ਰਹੀ ਹੈ ਅਤੇ ਸ਼ਾਂਤੀ ਭੰਗ ਕਰਨ ਵਾਲੀ ਕਿਸੇ ਵੀ ਗਤੀਵਿਧੀ ਨੂੰ ਰੋਕਣ ਲਈ ਲੋੜ ਪੈਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਪਾਰਦਰਸ਼ਤਾ ਹੀ 'ਘਰ-ਘਰ ਮੁਫਤ ਰਾਸ਼ਨ' ਸਕੀਮ ਦੀ ਮੁੱਖ ਵਿਸ਼ੇਸ਼ਤਾ : ਲਾਲ ਚੰਦ ਕਟਾਰੂਚੱਕ

**ਵੰਡ ਦੀ ਗਤੀ ਵਿੱਚ ਹੋਰ ਤੇਜ਼ੀ ਲਿਆਉਣ ਲਈ 2000 ਹੋਰ ਈ-ਪੀਓਐਸ ਮਸ਼ੀਨਾਂ ਖਰੀਦੀਆਂ**

**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਸ਼ੁਰੂ ਕੀਤੀ ਗਈ 'ਘਰ-ਘਰ ਮੁਫਤ ਰਾਸ਼ਨ ਯੋਜਨਾ' ਤੋਂ ਝਲਕਦੀ ਪਾਰਦਰਸ਼ਤਾ ਹੀ ਇਸ ਦੀ ਮੁੱਖ ਵਿਸ਼ੇਸ਼ਤਾ ਹੈ। ਸਕੀਮ ਤਹਿਤ ਪੈਕ ਕੀਤੀ ਕਣਕ/ਆਟਾ ਨੈਸ਼ਨਲ ਫੂਡ ਸਕਿਓਰਿਟੀ ਐਕਟ, 2013 ਦੇ ਤਹਿਤ ਲਾਭਪਾਤਰੀਆਂ ਨੂੰ ਮਾਡਲ ਫੇਅਰ ਪ੍ਰਾਈਸ ਸ਼ਾਪ (ਵਾਜਿਬ ਮੁੱਲ ਦੀਆਂ ਦੁਕਾਨਾਂ) ਰਾਹੀਂ ਪਾਰਦਰਸ਼ੀ ਢੰਗ ਨਾਲ ਲੋਕਾਂ ਦੇ ਘਰੋ-ਘਰੀ ਪਹੁੰਚਾਇਆ ਜਾ ਰਿਹਾ ਹੈ।



ਇਹ ਗੱਲ ਅੱਜ ਇਥੇ ਅਨਾਜ ਭਵਨ ਵਿਖੇ ਇਸ ਯੋਜਨਾ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਸਬੰਧੀ ਮੀਟਿੰਗ ਦੌਰਾਨ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਜ਼ੋਰ ਦੇ ਕੇ ਆਖੀ। ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸਕੀਮ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਜ਼ਮੀਨੀ ਪੱਧਰ ਤੋਂ ਫੀਡਬੈਕ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਮੌਕੇ ਮੰਤਰੀ ਨੂੰ ਜਾਣੂੰ ਕਰਵਾਇਆ ਗਿਆ ਕਿ ਸੂਬੇ ਭਰ 'ਚ ਕੁੱਲ 627 ਮਾਡਲ ਫੇਅਰ ਪ੍ਰਾਈਸ ਸ਼ਾਪਸ ਚੱਲ ਰਹੀਆਂ ਹਨ ਅਤੇ ਹੁਣ ਤੱਕ ਇਨ੍ਹਾਂ ਨਾਲ ਜੁੜੇ ਲਾਭਪਾਤਰੀ ਪਰਿਵਾਰਾਂ ਦੀ ਗਿਣਤੀ 6.36 ਲੱਖ ਤੋਂ ਟੱਪ ਗਈ ਹੈ। ਮੰਤਰੀ ਨੂੰ ਇਹ ਵੀ ਦੱਸਿਆ ਗਿਆ ਕਿ ਇਸ ਸਮੇਂ ਵੰਡ ਦੇ ਕੰਮ ਵਿੱਚ ਜਲੰਧਰ ਜ਼ਿਲ੍ਹਾ ਮੋਹਰੀ ਹੈ।

ਸੂਬੇ ਵਿੱਚ ਕਣਕ ਵੰਡਣ ਦੀ ਗਤੀ ਵਿੱਚ ਹੋਰ ਤੇਜ਼ੀ ਲਿਆਉਣ ਲਈ ਵਿਭਾਗ ਵੱਲੋਂ 2000 ਹੋਰ ਈ-ਪੀਓਐਸ ਮਸ਼ੀਨਾਂ ਖਰੀਦੀਆਂ ਗਈਆਂ ਹਨ ਅਤੇ ਇਸ ਸਾਲ 31 ਮਾਰਚ ਤੱਕ ਵੰਡ ਨੂੰ ਪੂਰਾ ਕਰਨ ਦਾ ਟੀਚਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਭਾਗ ਦੇ ਡਾਇਰੈਕਟਰ ਪੁਨੀਤ ਗੋਇਲ ਅਤੇ ਵਧੀਕ ਡਾਇਰੈਕਟਰ ਡਾ. ਅੰਜੁਮਨ ਭਾਸਕਰ ਵੀ ਮੌਜੂਦ ਸਨ।

# ਹਰਿਆਣਾ ਵਿਧਾਨਸਭਾ ਨੇ ਸਰਵਸੰਮਤੀ ਨਾਲ ਸ੍ਰੀ ਰਾਮਲਲਾ ਦੀ ਪ੍ਰਾਣ ਪ੍ਰਤਿਸ਼ਠਾ ਦੇ ਸਬੰਧ ਵਿਚ ਧੰਨਵਾਦ ਤੇ ਵਧਾਈ ਪ੍ਰਸਤਾਵ ਕੀਤਾ ਪਾਸ

**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਧਾਨਸਭਾ ਵੱਲੋਂ ਅੱਜ ਪਿਛਲੇ 22 ਜਨਵਰੀ, 2024 ਨੂੰ ਸ੍ਰੀ ਰਾਮਲਲਾ ਦੀ ਪ੍ਰਾਣ ਪ੍ਰਤਿਸ਼ਠਾ ਦੇ ਸਬੰਧ ਵਿਚ ਧੰਨਵਾਦ ਤੇ ਵਧਾਈ ਪ੍ਰਸਤਾਵ ਸਰਵਸੰਮਤੀ ਨਾਲ ਪਾਸ ਕੀਤਾ ਗਿਆ। ਸਦਨ ਦੇ ਨੇਤਾ ਅਤੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਸਦਨ ਵਿਚ ਇਸ ਸਬੰਧ ਵਿਚ ਸਰਕਾਰੀ ਪ੍ਰਸਤਾਵ ਪੇਸ਼ ਕੀਤਾ।

ਸ੍ਰੀ ਮਨੋਹਰ ਲਾਲ ਨੇ ਪ੍ਰਸਤਾਵ ਪੇਸ਼ ਕਰਦੇ ਹੋਏ ਕਿਹਾ ਕਿ ਅਯੋਧਿਆ ਵਿਚ ਪਿਛਲੇ 22 ਜਨਵਰੀ, 2024 ਨੂੰ ਸ੍ਰੀ ਰਾਮਲਲਾ ਦੀ ਪ੍ਰਾਣ ਪ੍ਰਤਿਸ਼ਠਾ ਦੇ ਬਾਰੇ ਵਿਚ ਅੱਜ ਇਸ ਮਾਣਯੋਗ ਸਦਨ ਵਿਚ ਧੰਨਵਾਦ ਪ੍ਰਸਤਾਵ ਪੇਸ਼ ਕਰਨਾ ਮੇਰੇ ਲਈ ਖੁਸ਼ਕਿਸਮਤੀ ਦਾ ਵਿਸ਼ਾ ਹੈ। ਸ੍ਰੀ ਰਾਮ ਮੰਦਿਰ ਦੀ ਮੁੜ ਸਥਾਪਨਾ ਨਾਲ ਅੱਜ ਹਰ ਭਾਰਤਵਾਸੀ ਖੁਸ਼ੀ ਅਤੇ ਮਾਣ ਮਹਿਸੂਸ ਕਰ ਰਿਹਾ ਹੈ। ਹਰਿਆਣਾ ਦੇ ਲੋਕਾਂ ਦੇ ਨਲ-ਨਾਲ ਇਹ ਸਦਨ ਉਨ੍ਹਾਂ ਸਾਰਿਆਂ ਮਹਾਨੁਭਾਵਾਂ ਦੇ ਪ੍ਰਤੀ ਧੰਨਵਾਦ ਪ੍ਰਗਟਾਇਆ ਹੈ , ਜਿਨ੍ਹਾਂ ਨੇ ਮਨਸਾ-ਵਾਚਾ-ਕਰਮਣਾ ਇਸ ਵਿਲੱਖਣ ਉਪਲਬਧੀ ਵਿਚ ਯੋਗਦਾਨ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਭਗਵਾਨ ਸ੍ਰੀ ਰਾਮ ਸਾਡੇ ਆਰਾਧਣਯੋਗ ਹਨ ਅਤੇ ਇਸ ਵਿਸ਼ਾਲ ਰਾਸ਼ਟਰ ਦੀ ਉਰਜਾ ਦੇ ਸਰੋਤ ਹੈ। ਉਹ ਸਾਡੇ ਲਈ ਪ੍ਰੇਰਣਾ ਵੀ ਹਨ ਅਤੇ ਮਾਰਗਦਰਸ਼ਕ ਵੀ। ਇਹ ਸਦਨ ਮਹਿਸੂਸ ਕਰਦਾ ਹੈ ਕਿ ਉਨ੍ਹਾਂ ਦੀ ਚਰਚਾ ਕਰਨ ਨਾਲ ਸਾਨੂੰ ਸ੍ਰੀ ਰਾਮ ਵੱਲੋਂ ਸਥਾਦਿਪਤ ਜਨਸੇਵਾ ਦੇ ਉਨ੍ਹਾਂ ਉੱਚ ਆਦੇਰਸ਼ਾਂ ਦਾ ਸਮਰਣ ਹੋ ਜਾਂਦਾ ਹੈ ਜੋ ਅੱਜ ਸਾਡੇ ਲੋਕਤੰਤਰ ਨੂੰ ਮਹਾਨ ਸ਼ਕਤੀ ਪ੍ਰਦਾਨ ਕਰਦੇ ਹਨ।



ਮੁੱਖ ਮੰਤਰੀ ਨੇ ਕਿਹਾ ਕਿ ਰਾਮ ਰਾਜ ਭਾਰਤੀ ਸਭਿਆਚਾਰਕ ਅਤੇ ਅਧਿਆਤਮਕ ਚਿੰਤਨ ਦੀ ਇਕ ਮਹਤੱਵਪੂਰਨ ਅਵਧਾਰਣਾ ਹੈ, ਜੋ ਆਦਰਸ਼ ਸ਼ਾਸਨ ਦੀ ਕਲਪਣਾ ਕਰਦੀ ਹੈ। ਰਾਮ ਰਾਜ ਦਾ ਆਦਰਸ਼ ਇਕ ਅਜਿਹੇ ਸਮਾਜ ਦੀ ਕਲਪਣਾ ਕਰਦਾ ਹੈ ਜਿੱਥੇ ਨਿਆਂ, ਸਮਾਨਤਾ, ਭਾਈਚਾਰਾ ਅਤੇ ਖੁਸ਼ਹਾਲੀ ਹੈ।

# ਨਗਰ ਨਿਗਮ ਮੁਲਾਜ਼ਮਾਂ ਦੇ ਨਾਮ 'ਤੇ 30,000 ਰੁਪਏ ਦੀ ਰਿਸ਼ਵਤ ਲੈਣ ਵਾਲਾ ਵਿਜੀਲੈਂਸ ਬਿਊਰੋ ਵੱਲੋਂ ਕਾਬੂ



**ਚੰਡੀਗੜ੍ਹ, 22 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅਮਰਪੁਰਾ, ਲੁਧਿਆਣਾ ਸ਼ਹਿਰ ਨਿਵਾਸੀ ਅਮਰਦੀਪ ਸਿੰਘ ਬਾਂਗੜ, ਜੋ ਜਗਜੀਤ ਨਗਰ, ਲੁਧਿਆਣਾ ਵਿਖੇ ਆਪਣਾ ਦਫ਼ਤਰ ਚਲਾ ਰਿਹਾ ਹੈ, ਨੂੰ ਨਗਰ ਨਿਗਮ ਲੁਧਿਆਣਾ ਦੇ ਅਧਿਕਾਰੀਆਂ ਦੇ ਨਾਂ 'ਤੇ 30,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪ੍ਰੀਤ ਨਗਰ ਸ਼ਿਮਲਾਪੁਰੀ, ਲੁਧਿਆਣਾ ਦੇ ਵਸਨੀਕ ਨਰੇਸ਼ ਕੁਮਾਰ ਵੱਲੋਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਦੋਸ਼ੀ ਅਮਰਦੀਪ ਸਿੰਘ ਬਾਂਗੜ ਨੇ ਨਗਰ ਨਿਗਮ ਲੁਧਿਆਣਾ ਤੋਂ ਇਤਰਾਜ਼ਹੀਣਤਾ ਸਰਟੀਫਿਕੇਟ (ਐਨ.ਓ.ਸੀ.) ਜਾਰੀ ਕਰਵਾਉਣ ਬਦਲੇ ਉਸ ਕੋਲੋਂ 30,000 ਰੁਪਏ ਰਿਸ਼ਵਤ ਲਈ ਸੀ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਪੜਤਾਲ ਦੌਰਾਨ ਪਾਇਆ ਗਿਆ ਕਿ ਸ਼ਿਕਾਇਤਕਰਤਾ ਦੇ ਪਿਤਾ ਮਦਨ ਲਾਲ ਨੇ ਸਾਲ 2022 ਵਿੱਚ ਮਕਾਨ ਖਰੀਦਿਆ ਸੀ ਅਤੇ ਉਸ ਨੂੰ ਉਕਤ ਮਕਾਨ ਨੂੰ ਅੱਗੇ ਵੇਚਣ ਲਈ ਐਨ.ਓ.ਸੀ. ਦੀ ਜ਼ਰੂਰਤ ਸੀ। ਸ਼ਿਕਾਇਤਕਰਤਾ ਨੇ ਇਹ ਵੀ ਦੋਸ਼ ਲਾਇਆ ਹੈ ਕਿ ਅਮਰਦੀਪ ਸਿੰਘ ਬਾਂਗੜ ਨੇ ਦਾਅਵਾ ਕੀਤਾ ਸੀ ਕਿ ਉਹ ਗਿੱਲ ਪਿੰਡ ਦੇ ਪਟਵਾਰਖਾਨੇ (ਮਾਲ ਦਫ਼ਤਰ) ਵਿੱਚ ਕੰਮ ਕਰਦਾ ਹੈ ਅਤੇ ਉਹ 30,000 ਰੁਪਏ ਰਿਸ਼ਵਤ ਦੇ ਕੇ ਜਲਦ ਐਨ.ਓ.ਸੀ. ਜਾਰੀ ਕਰਵਾ ਸਕਦਾ ਹੈ ਕਿਉਂਕਿ ਉਹ ਨਗਰ ਨਿਗਮ ਲੁਧਿਆਣਾ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਜਾਣਦਾ ਹੈ। ਉਸ ਦੇ ਭਰੋਸੇ 'ਤੇ ਸ਼ਿਕਾਇਤਕਰਤਾ ਨੇ 30,000 ਰੁਪਏ ਅਮਰਦੀਪ ਸਿੰਘ ਬਾਂਗੜ ਨੂੰ ਆਪਣੇ ਦੋਸਤ ਓਮ ਪ੍ਰਕਾਸ਼ ਦੀ ਮੌਜੂਦਗੀ 'ਚ ਉਸ ਦੇ ਦਫ਼ਤਰ ਵਿਖੇ ਦੇ ਦਿੱਤੇ। ਐਨ.ਓ.ਸੀ ਜਾਰੀ ਕਰਵਾਉਣ ਵਿੱਚ ਅਸਫ਼ਲ ਰਹਿਣ 'ਤੇ ਦੋਸ਼ੀ ਅਮਰਦੀਪ ਸਿੰਘ ਬਾਂਗੜ ਨੇ ਸ਼ਿਕਾਇਤਕਰਤਾ ਨੂੰ 40,000 ਰੁਪਏ ਦਾ ਚੈੱਕ ਦਿੱਤਾ ਅਤੇ 40,000 ਰੁਪਏ ਕਢਵਾਉਣ ਤੋਂ ਬਾਅਦ ਉਸਨੂੰ 10,000 ਰੁਪਏ ਵਾਪਸ ਕਰਨ ਲਈ ਕਿਹਾ। ਪਰ ਦਸਤਖਤ ਮੇਲ ਨਾ ਹੋਣ ਕਾਰਨ ਇਹ ਚੈੱਕ ਪਾਸ ਨਹੀਂ ਹੋ ਸਕਿਆ।

ਬੁਲਾਰੇ ਨੇ ਅੱਗੇ ਦੱਸਿਆ ਕਿ ਤਫਤੀਸ਼ ਦੌਰਾਨ ਸ਼ਿਕਾਇਤਕਰਤਾ ਵੱਲੋਂ ਅਮਰਦੀਪ ਸਿੰਘ ਬਾਂਗੜ ਖਿਲਾਫ ਲਗਾਏ ਦੋਸ਼ ਸਹੀ ਪਾਏ ਗਏ। ਇਸ ਸਬੰਧੀ ਅਮਰਦੀਪ ਸਿੰਘ ਬਾਂਗੜ ਦੇ ਖਿਲਾਫ਼ ਥਾਣਾ ਵਿਜੀਲੈਂਸ ਬਿਊਰੋ ਰੇਂਜ ਲੁਧਿਆਣਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7-ਏ ਅਤੇ ਆਈਪੀਸੀ ਦੀ ਧਾਰਾ 420 ਤਹਿਤ ਮੁਕੱਦਮਾ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਅਰਬਨ ਅਸਟੇਟ ਲਈ 14 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਤੋਹਫ਼ਾ

**ਘੱਗਰ ਤੇ ਪਟਿਆਲਾ ਕੀ ਰਾਓ ਨਦੀਆਂ 'ਚ ਹੜ੍ਹਾਂ ਦੀ ਸਮੱਸਿਆ ਦੇ ਹੱਲ ਲਈ ਤਜਵੀਜ਼ਾਂ ਤਿਆਰ**

**ਪਟਿਆਲਾ, 22 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਅਰਬਨ ਅਸਟੇਟ ਦੇ ਵਿਕਾਸ ਲਈ ਕਰੀਬ 14 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾ ਕੇ ਤੋਹਫ਼ਾ ਦਿੱਤਾ ਹੈ। ਇੱਥੇ ਅਰਬਨ ਅਸਟੇਟ ਫੇਜ 3 ਵਿਖੇ ਇੱਕ ਸਮਾਗਮ ਮੌਕੇ ਇਨ੍ਹਾਂ ਕੰਮਾਂ ਦੇ ਨੀਂਹ ਪੱਥਰ ਰੱਖਦਿਆਂ ਸਿਹਤ ਮੰਤਰੀ ਨੇ ਦੱਸਿਆ ਕੀਤਾ ਕਿ ਪਿਛਲੇ ਸਮੇਂ 'ਚ ਆਏ ਹੜ੍ਹਾਂ ਨੂੰ ਦੇਖਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਘੱਗਰ ਅਤੇ ਪਟਿਆਲਾ ਕੀ ਰਾਓ ਨਦੀਆਂ 'ਚ ਹੜ੍ਹਾਂ ਦੀ ਸਮੱਸਿਆ ਦੇ ਪੱਕੇ ਹੱਲ ਲਈ ਤਜਵੀਜਾਂ ਉਲੀਕੀਆਂ ਹਨ।

ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪਟਿਆਲਾ ਸ਼ਹਿਰ 'ਚ ਜਿੱਥੇ 100 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ




ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਰਬਨ ਅਸਟੇਟ ਵਿਖੇ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਦੇ ਹੋਏ।

ਕਰਵਾਏ ਜਾ ਰਹੇ ਹਨ, ਉਥੇ ਹੀ ਨਹਿਰੀ ਪਾਣੀ ਦੇ ਪ੍ਰਾਜੈਕਟ ਦਾ ਕੰਮ ਵੀ ਜੰਗੀ ਪੱਧਰ 'ਤੇ ਜਾਰੀ ਹੈ ਅਤੇ ਅਰਬਨ ਅਸਟੇਟ ਵਾਸੀਆਂ ਲਈ ਇਹ ਖੁਸ਼ੀ ਦੀ ਗੱਲ ਹੈ ਕਿ ਹੁਣ ਇੱਥੋਂ ਦੇ ਨਿਵਾਸੀਆਂ ਨੂੰ ਵੀ ਇਸ ਪ੍ਰਾਜੈਕਟ ਦਾ ਪਾਣੀ 24 ਘੰਟੇ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਬਿਨ੍ਹਾਂ ਪ੍ਰਦੂਸ਼ਣ ਨਾਲ ਨਜਿੱਠਣ ਲਈ ਨਵੇਂ ਬੂਟੇ ਵੀ ਲਗਾਏ ਜਾਣਗੇ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਹੜ੍ਹਾਂ ਕਰਕੇ ਨੁਕਸਾਨੀ ਗਈ 1.1 ਕਿਲੋਮੀਟਰ ਸਾਧੂ ਬੇਲਾ ਰੋਡ ਦੇ ਨਵੀਨੀਕਰਨ 'ਤੇ 183.13 ਲੱਖ ਰੁਪਏ ਖ਼ਰਚੇ ਜਾਣਗੇ। ਇਸ ਤੋਂ ਬਿਨ੍ਹਾਂ ਸਾਧੂ ਬੇਲਾ ਤੋਂ ਸਰਹਿੰਦ ਰੋਡ ਬਾਈਪਾਸ ਨੂੰ ਜੋੜਦੀ ਅਰਬਨ ਅਸਟੇਟ ਦੀ ਪੈਰੀਫੇਰੀ ਸੜਕ ਨੂੰ 1.5 ਕਰੋੜ ਰੁਪਏ ਦੀ ਲਾਗਤ ਨਾਲ ਚੌੜਾ ਕਰਕੇ ਉਸਾਰੀ ਕੀਤੀ ਜਾਵੇਗੀ। ਜਦੋਂਕਿ ਨਾਭਾ ਰੋਡ 'ਤੇ ਉਸਾਰੇ ਗਏ ਪੁੱਡਾ ਇਨਕਲੇਵ-1 ਵਿੱਚ 1.20 ਕਰੋੜ ਰੁਪਏ ਦੀ ਲਾਗਤ ਨਾਲ 3 ਪਾਰਕ ਬਣਾਏ ਜਾਣਗੇ।

ਸਿਹਤ ਮੰਤਰੀ ਨੇ ਦੱਸਿਆ ਕਿ ਇਸ ਤੋਂ ਬਿਨ੍ਹਾਂ ਅਰਬਨ ਅਸਟੇਟ ਦੇ ਫੇਜ 3 ਵਿੱਚ ਇੱਕ ਕਮਰਸ਼ੀਅਲ ਮਾਰਕੀਟ 5.42 ਏਕੜ ਰਕਬੇ ਵਿੱਚ ਤਿਆਰ ਕੀਤੀ ਜਾ ਰਹੀ ਹੈ ਜਿਸ ਵਿੱਚ 32 ਸ਼ੋਰੂਮ ਤੇ 34 ਦੁਕਾਨਾਂ ਬਣਾਈਆਂ ਜਾਣਗੀਆਂ ਤੇ ਇਸ ਕੰਮ ਉਪਰ 571.10 ਲੱਖ ਰੁਪਏ ਖਰਚੇ ਜਾਣਗੇ। ਜਦੋਂਕਿ ਸਾਧੂ ਬੇਲਾ ਸੜਕ ਦੇ ਨਾਲ ਨਵੇਂ ਬਣਾਏ ਗਏ ਫੇਸ-4 ਵਿੱਚ 1.86 ਏਕੜ ਜਮੀਨ ਅੰਦਰ 256.86 ਲੱਖ ਰੁਪਏ ਦੀ ਲਾਗਤ ਨਾਲ ਦੋ ਕਮਰਸ਼ੀਅਲ ਮਾਰਕੀਟਾਂ ਤਿਆਰ ਕੀਤੀਆਂ ਜਾਣਗੀਆਂ, ਜਿੱਥੇ 42 ਸ਼ੋਰੂਮ, 48 ਸ਼ਾਪਸ ਅਤੇ 7 ਬੂਥ ਕੱਟੇ ਜਾਣਗੇ। ਇਸ ਦੇ ਨਾਲ ਹੀ 26.76 ਏਕੜ ਸਕੀਮ ਅਰਬਨ ਅਸਟੇਟ ਫੇਜ 1 ਨੂੰ ਜੋੜਦੀ ਸੜਕ 80 ਫੁਟੀ ਤੇ 300 ਮੀਟਰ ਸੜਕ ਦੀ ਉਸਾਰੀ ਵੀ ਵੀ 36.32 ਲੱਖ ਦੀ ਲਾਗਤ ਨਾਲ ਕੀਤੀ ਜਾਵੇਗੀ। ਇਸ ਮੌਕੇ ਪੀਡੀਏ ਦੇ ਮੁੱਖ ਪ੍ਰਸ਼ਾਸਕ ਗੁਰਪ੍ਰੀਤ ਸਿੰਘ ਥਿੰਦ ਨੇ ਸਿਹਤ ਮੰਤਰੀ ਦਾ ਸਵਾਗਤ ਕੀਤਾ ਅਤੇ ਪੀਡੀਏ ਵੱਲੋਂ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਦੀ ਤਜਵੀਜ ਤੋਂ ਜਾਣੂ ਕਰਵਾਇਆ। ਅਰਬਨ ਅਸਟੇਟ ਰੈਜੀਡੈਂਟਸ ਵੈਲਫੇਅਰ ਐਸੋਸੀਏਸ਼ਨ ਨੇ ਡਾ. ਬਲਬੀਰ ਸਿੰਘ ਦਾ ਸਨਮਾਨ ਕੀਤਾ। ਸਮਾਰੋਹ 'ਚ ਕਰਨਲ ਜੇ.ਵੀ. ਸਿੰਘ, ਡਾ. ਭੀਮਇੰਦਰ ਸਿੰਘ, ਜਸਬੀਰ ਸਿੰਘ ਗਾਂਧੀ, ਕੁਮਕੁਮ ਬਜਾਜ, ਪ੍ਰਧਾਨ ਮਨਜੀਤ ਸਿੰਘ ਸਾਹੀ, ਪ੍ਰੈਸ ਸਕੱਤਰ ਰਜਿੰਦਰ ਸਿੰਘ ਥਿੰਦ, ਐਡਵੋਕੇਟ ਕੁਲਵੰਤ ਸਿੰਘ, ਸਕੱਤਰ ਕੁਲਵਿੰਦਰ ਸਿੰਘ ਖੰਗੂੜਾ, ਕਰਮਜੀਤ ਸਿੰਘ ਕੰਗ, ਰਾਜਿੰਦਰ ਸਿੰਘ, ਬਲਾਕ ਪ੍ਰਧਾਨ ਲਾਲ ਸਿੰਘ, ਮੋਹਿਤ ਕੁਮਾਰ, ਗੁਰਕ੍ਰਿਪਾਲ ਸਿੰਘ ਸਰਪੰਚ, ਮਨਦੀਪ ਸਿੰਘ ਤੇ ਪ੍ਰਦੀਪ ਗਰਗ ਸਮੇਤ ਪੀਡੀਏ ਦੇ ਅਧਿਕਾਰੀ ਤੇ ਹੋਰ ਪਤਵੰਤੇ ਮੌਜੂਦ ਸਨ।

# ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਅੰਤਰ ਪੌਲੀਟੈਕਨਿਕ ਤਿੰਨ ਰੋਜ਼ਾ ਯੁਵਕ ਮੇਲੇ ਦਾ ਡਾ. ਬਲਵੀਰ ਸਿੰਘ ਵੱਲੋਂ ਉਦਘਾਟਨ

**ਪਟਿਆਲਾ, 22 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਹਰਪਾਲ ਟਿਵਾਣਾ ਕਲਾ ਕੇਂਦਰ ਪਟਿਆਲਾ ਵਿਖੇ ਪੰਜਾਬ ਰਾਜ ਤਕਨੀਕੀ ਸੰਸਥਾਵਾਂ ਦੀ ਸਪੋਰਟਸ ਬਾਡੀ ਵੱਲੋਂ ਸਰਕਾਰੀ ਪੌਲੀਟੈਕਨਿਕ ਕਾਲਜ ਪਟਿਆਲਾ ਦੀ ਮੇਜ਼ਬਾਨੀ ਵਿਚ ਕਰਵਾਏ ਜਾ ਰਹੇ ਤਿੰਨ ਰੋਜ਼ਾ ਰਾਜ ਪੱਧਰੀ ਯੁਵਕ ਮੇਲੇ ਦਾ ਉਦਘਾਟਨ ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਸਿਹਤ ਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਡਾ. ਬਲਵੀਰ ਸਿੰਘ ਵੱਲੋਂ ਕੀਤਾ ਗਿਆ।

ਇਸ ਮੌਕੇ ਸੰਬੋਧਨ ਡਾ ਬਲਵੀਰ ਨੇ ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਵਧਾਈ ਦਿੰਦਿਆਂ ਪੀ ਟੀ ਆਈ ਐਸ ਅਤੇ ਸਰਕਾਰੀ ਪੌਲੀਟੈਕਨਿਕ ਕਾਲਜ ਪਟਿਆਲਾ ਦੇ ਇਸ ਉਪਰਾਲੇ ਨੂੰ ਰੰਗਲੇ ਪੰਜਾਬ ਦੀ ਸਿਰਜਣਾ ਵਿੱਚ ਮੀਲ ਪੱਥਰ ਦੱਸਿਆ। ਉਹਨਾਂ ਨੇ ਸੰਗੀਤ ਦੀ ਤੁਲਨਾ ਮੈਡੀਟੇਸ਼ਨ ਨਾਲ ਕਰਦਿਆਂ ਉਦਾਹਰਨਾਂ ਸਹਿਤ ਇਸ ਨੂੰ ਡਾਕਟਰੀ ਇਲਾਜ ਤੋਂ ਉੱਤਮ ਦੱਸਦਿਆਂ ਵਿਦਿਆਰਥੀਆਂ ਨੂੰ ਆਪਣੇ ਸਭਿਆਚਾਰਕ ਦਾਇਰੇ ਨੂੰ ਵਿਸ਼ਾਲ ਕਰਨ ਹਿਤ ਪ੍ਰੇਰਿਤ ਕੀਤਾ।

ਉਹਨਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸਰਕਾਰ ਦੇ ਮੁੱਖ ਟੀਚਿਆਂ ਵਿਚ ਤਕਨੀਕੀ ਸਿੱਖਿਆ ਵਿਸ਼ੇਸ਼ ਕਰਕੇ ਪੌਲੀਟੈਕਨਿਕ ਸਿੱਖਿਆ ਨੂੰ ਪ੍ਰਫੁਲਿਤ ਕਰਕੇ ਰੋਜ਼ਗਾਰ ਅਤੇ ਸਵੈ ਰੋਜ਼ਗਾਰ ਦੇ ਮੌਕੇ ਪੈਦਾ ਕਰਨਾ ਹੈ।

ਇਸ ਸਭਿਆਚਾਰਕ ਮੇਲੇ ਦੀ ਪ੍ਰਧਾਨਗੀ ਵਿਭਾਗ ਦੇ ਵਧੀਕ ਡਾਇਰੈਕਟਰ ਕਮ ਪੈਟਰਨ ਪੀ ਟੀ ਆਈ ਐਸ ਮੋਹਨਵੀਰ ਸਿੰਘ ਸਿੱਧੂ ਨੇ ਕੀਤੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਰਵਿੰਦਰ ਸਿੰਘ ਹੁੰਦਲ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ।

ਸਰਕਾਰੀ ਪੌਲੀਟੈਕਨਿਕ ਕਾਲਜ ਦੇ ਮੀਡੀਆ ਇੰਚਾਰਜ ਪ੍ਰੋ ਨਰਿੰਦਰ ਸਿੰਘ ਢੀਂਡਸਾ ਨੇ ਦੱਸਿਆ ਕਿ ਇਸ ਯੁਵਕ ਮੇਲੇ ਦੌਰਾਨ ਪੰਜਾਬ ਦੇ 25 ਤੋਂ ਵਧੇਰੇ ਪੌਲੀਟੈਕਨਿਕ ਕਾਲਜਾਂ ਦੇ ਲਗਭਗ 400 ਵਿਦਿਆਰਥੀ ਵੱਖ ਵੱਖ ਵੰਨਗੀਆਂ ਵਿਚ ਭਾਗ ਲੈਣਗੇ। ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਦੇ ਮੁਕਾਬਲੇ ਤੋਂ ਕੀਤੀ ਗਈ, ਜਿਸ ਵਿਚ ਸਰਕਾਰੀ ਪੌਲੀਟੈਕਨਿਕ ਕਾਲਜ ਪਟਿਆਲਾ ਨੇ ਪਹਿਲਾ ਸਥਾਨ, ਗੁਰੂ ਨਾਨਕ ਦੇਵ ਪੌਲੀਟੈਕਨਿਕ ਕਾਲਜ ਲੁਧਿਆਣਾ ਨੇ ਦੂਸਰਾ, ਮਿਹਰ ਚੰਦ ਪੌਲੀਟੈਕਨਿਕ ਜਲੰਧਰ ਨੇ ਅਤੇ ਸਰਕਾਰੀ ਪੌਲੀਟੈਕਨਿਕ ਲੁਧਿਆਣਾ ਨੇ ਤੀਜਾ ਸਥਾਨ ਹਾਸਲ ਕੀਤਾ। ਪੀ ਟੀ ਆਈ ਐਸ ਦੇ ਪ੍ਰਧਾਨ ਪਰਮਵੀਰ ਮੱਤੇਵਾਲ ਨੇ ਦੱਸਿਆ ਕਿ ਇਹਨਾਂ ਮੇਲਿਆਂ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਆਪਣੇ ਸੱਭਿਆਚਾਰ ਨਾਲ ਮੇਲ ਕਰਵਾ ਕੇ ਰੰਗਲੇ ਪੰਜਾਬ ਦੀ ਸਿਰਜਣਾ ਵਿਚ ਯੋਗਦਾਨ ਪਾਉਣਾ ਹੈ। ਰੰਗੋਲੀ ਵਿੱਚ ਸਰਕਾਰੀ ਪੌਲੀਟੈਕਨਿਕ ਕਾਲਜ ਲੁਧਿਆਣਾ ਨੇ ਪਹਿਲਾ ਸਰਕਾਰੀ ਪੌਲੀਟੈਕਨਿਕ ਪਟਿਆਲਾ ਨੇ ਦੂਸਰਾ ਅਤੇ ਜਲੰਧਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਪ੍ਰਿੰਸੀਪਲ ਜਗਦੇਵ ਸਿੰਘ ਕਾਲੇਕਾ, ਰਾਜ ਕੁਮਾਰ ਚੋਪੜਾ, ਪ੍ਰਿੰਸੀਪਲ ਡਾ ਅੰਕੁਸ਼ ਕਾਂਸਲ ਥਾਪਰ ਪੌਲੀਟੈਕਨਿਕ ਕਾਲਜ, ਪੀ ਟੀ ਆਈ ਐਸ ਦੇ ਸਕੱਤਰ ਰਾਮ ਸਰੂਪ ਆਰਗੇਨਾਈਜ਼ਿੰਗ ਸਕੱਤਰ ਯਸ਼ਪਾਲ ਪਠਾਣੀਆ ਵਰਕਿੰਗ ਕਮੇਟੀ ਮੈਂਬਰ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ, ਦਵਿੰਦਰ ਸਿੰਘ ਭੱਟੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

## ਸੰਸਦ ਵਿਕਰਮਜੀਤ ਸਾਹਨੀ ਨੇ ਸੋਸ਼ਲ ਮੀਡੀਆ 'ਤੇ ਨਫਰਤ ਫੈਲਾਉਣ ਵਾਲਿਆਂ ਖਿਲਾਫ ਕਾਰਵਾਈ ਦੀ ਕੀਤੀ ਮੰਗ

ਨਵੀਂ ਦਿੱਲੀ 22 ਫਰਵਰੀ। ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਕਈ ਸੋਸਲ ਮੀਡੀਆ ਖਾਤਿਆਂ 'ਤੇ ਸਿੱਖ ਕੌਮ ਵਿਰੁੱਧ ਨਫਰਤ ਭਰੇ ਭਾਸਣ ਅਤੇ ਫਿਰਕੂ ਮਤਭੇਦ ਫੈਲਾਉਣ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਸ਼੍ਰੀ ਸਾਹਨੀ ਨੇ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ



ਆਈਟੀ ਨਿਯਮ 2021 ਦੇ ਤਹਿਤ ਐਮਰਜੈਂਸੀ ਪਾਵਰ ਦੀ ਵਰਤੋਂ ਕਰਦੇ ਹੋਏ ਅਜਿਹੇ ਖਾਤਿਆਂ ਨੂੰ ਤੁਰੰਤ ਬਲਾਕ ਕੀਤਾ ਜਾਣਾ ਚਾਹੀਦਾ ਹੈ ਅਤੇ ਦੋਸੀਆਂ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਕਿਸੇ ਵੀ ਭਾਈਚਾਰੇ ਨੂੰ ਕੋਈ ਜਾਣਕਾਰੀ ਨਾ ਦਿੱਤੀ ਜਾਵੇ। ਕੋਈ ਵੀ ਅਪਮਾਨਜਨਕ ਟਿੱਪਣੀ ਲਿਖਣ ਤੋਂ ਪਹਿਲਾਂ ਹਰ ਕਿਸੇ ਲਈ ਸੋਚਣ ਦਾ ਸਬਕ। ਸ਼੍ਰੀ ਸਾਹਨੀ ਨੇ ਨਫਰਤ ਭਰੀਆਂ ਟਿੱਪਣੀਆਂ ਵਾਲੀਆਂ ਵੱਖ-ਵੱਖ ਸੋਸਲ ਮੀਡੀਆ ਪੋਸਟਾਂ ਦੇ ਸਕਰੀਨ ਸਾਟ ਦਾ ਇਕ ਡੋਜੀਅਰ ਨੱਥੀ ਕੀਤਾ, ਜਿਸ ਵਿਚ ਲਿਖਿਆ ਸੀ,"ਦੇਖੋ ਖਾਲਿਸਤਾਨੀ ਅੱਤਵਾਦੀ ਕਿਵੇਂ ਤਬਾਹੀ ਮਚਾਉਂਦੇ ਹਨ", "ਇਕ ਅਜਿਹੀ ਸਥਿਤੀ ਵਿਚ ਜਿੱਥੇ ਸਿੱਖਾਂ ਦਾ ਮਹੱਤਵਪੂਰਨ ਹਿੱਸਾ ਘਾਤਕ ਅੱਤਵਾਦੀ ਖਾਲਿਸਤਾਨੀ ਬਣ ਗਿਆ ਹੈ ..."। "ਇਹ ਲੋਕ ਲਗਾਤਾਰ ਰਾਸਟਰ ਵਿਰੋਧੀ ਪੈਂਤੜਾ ਅਪਣਾ ਰਹੇ ਹਨ..." "ਇਕ ਵਾਰ ਫਿਰ 1984 ਦਾ ਸਮਾਂ ਆ ਗਿਆ ਹੈ"। ਸ਼੍ਰੀ ਸਾਹਨੀ ਨੇ ਕਿਹਾ ਕਿ ਇਨ੍ਹਾਂ ਵਿਚੋਂ ਕੁਝ ਟਿੱਪਣੀਆਂ ਬਹੁਤ ਹੀ ਅਪਮਾਨਜਨਕ ਹਨ ਅਤੇ ਸਾਡੇ ਦੇਸ ਵਿਚ ਫਿਰਕੂ ਤਣਾਅ ਫੈਲਾ ਰਹੀਆਂ ਹਨ

## ਕਾਂਗਰਸ ਵਿਧਾਇਕ ਸਲੂਜਾ ਨੂੰ ਜਾਨੋਂ ਮਾਰਨ ਦੀ ਧਮਕੀ

ਭੁਵਨੇਸ਼ਵਰ 22 ਫਰਵਰੀ। ਓਡੀਸ਼ਾ ਦੇ ਬੋਲਾਂਗਿਰ ਜਿ਼ਲ੍ਹੇ ਦੇ ਕਾਂਤਾਬੰਜੀ ਸ਼ਹਿਰ ਵਿਚ ਕਾਂਗਰਸ ਵਿਧਾਇਕ ਸੰਤੋਸ਼ ਸਿੰਘ ਸਲੂਜਾ ਨੂੰ ਜਾਨੋਂ ਮਾਰਨ ਦੀ ਧਮਕੀ ਵਾਲੇ ਬੈਨਰ ਅਤੇ ਪੋਸਟਰ ਲੱਗੇ ਹੋਏ ਮਿਲੇ। ਸਥਾਨਕ ਲੋਕਾਂ ਨੇ ਸਲੂਜਾ ਨੂੰ 15 ਦਿਨਾਂ ਦੇ ਅੰਦਰ ਜਾਨੋਂ ਮਾਰਨ ਦੀ ਧਮਕੀ ਵਾਲੇ ਪੋਸਟਰ ਵੇਖਣ ਮਗਰੋਂ ਕਾਂਤਾਬੰਜੀ ਪੁਲਸ ਨੂੰ ਸੂਚਨਾ ਦਿੱਤੀ, ਜਿਸ ਨੇ ਪੋਸਟਰ ਜਬਤ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਕਾਂਤਾਬੰਜੀ ਚੋਣ ਖੇਤਰ ਤੋਂ ਕਾਂਗਰਸ ਵਿਧਾਇਕ ਸਲੂਜਾ ਨੇ ਇਸ ਮਾਮਲੇ 'ਤੇ ਕਿਹਾ ਕਿ ਉਨ੍ਹਾਂ ਨੇ ਸਿਆਸੀ ਕਾਰਨਾਂ ਤੋਂ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਸੀਨੀਅਰ ਕਾਂਗਰਸ ਵਿਧਾਇਕ ਸਲੂਜਾ ਨੇ ਇਸ ਮਾਮਲੇ 'ਤੇ ਕਿਹਾ ਕਿ ਮੈਨੂੰ ਇਲੈਕਟ੍ਰਾਨਿਕ ਮੀਡੀਆ ਤੋਂ ਇਸ ਘਟਨਾ ਦੀ ਜਾਣਕਾਰੀ ਮਿਲੀ।

# ਨਵੇਂ ਕਮਿਸ਼ਨਰ ਦੇ ਸਾਹਮਣੇ ਵੀ ਚੈਲੇਂਜ ਬਣਿਆ ਸਹਿਰ ਦਾ ਕੂੜਾ, ਭਲਕੇ ਤੋਂ ਲਿਫਟਿੰਗ ਦਾ ਕੰਮ ਬੰਦ ਕਰ ਸਕਦੇ ਨੇ ਠੇਕੇਦਾਰ

ਕਿਸ਼ਨ ਪਾਲ

ਜਲੰਧਰ 22 ਫਰਵਰੀ। ਕੇਂਦਰ ਸਰਕਾਰ ਦੀ ਸਵੱਛ ਭਾਰਤ ਮੁਹਿੰਮ ਅਤੇ ਸਮਾਰਟ ਸਿਟੀ ਮਿਸਨ ਤਹਿਤ ਕਰੋੜਾਂ-ਅਰਬਾਂ ਰੁਪਏ ਦੀ ਗ੍ਰਾਂਟ ਆਉਣ ਦੇ ਬਾਵਜੂਦ ਅਜੇ ਤਕ ਜਲੰਧਰ ਸਹਿਰ ਦੇ ਕੂੜੇ ਦੀ ਸਮੱਸਿਆ ਦਾ ਕੋਈ ਪੱਕਾ ਹੱਲ ਨਹੀਂ ਹੋਇਆ। ਜਲੰਧਰ ਨਗਰ ਨਿਗਮ ਦੀ ਗੱਲ ਕਰੀਏ ਤਾਂ ਨਿਗਮ ਕਈ ਸਾਲਾਂ ਤੋਂ ਸਹਿਰ ਦਾ ਕੂੜਾ ਇਕ ਥਾਂ ਤੋਂ ਇਕੱਠਾ ਕਰਕੇ ਦੂਜੀ ਥਾਂ 'ਤੇ ਸੁੱਟਣ ਦਾ ਕੰਮ ਕਰ ਰਿਹਾ ਹੈ, ਜਿਸ 'ਤੇ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਨਿਗਮ ਕੋਲ ਜਿੱਥੇ ਸੈਨੀਟੇਸ਼ਨ ਵਿਵਸਥਾ ਦੇ ਨਾਂ 'ਤੇ ਅਣਗਿਣਤ ਵਾਹਨ ਹਨ, ਉਥੇ ਹੀ ਨਗਰ ਨਿਗਮ ਕੂੜਾ ਚੁੱਕਣ ਲਈ ਪ੍ਰਾਈਵੇਟ ਠੇਕੇਦਾਰਾਂ ਦੀਆਂ ਸੇਵਾਵਾਂ ਵੀ ਲੈਂਦਾ ਹੈ। ਇਸ ਕੰਮ 'ਤੇ ਲੰਮੇ ਸਮੇਂ ਤੋਂ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਹੁਣ ਨਗਰ ਨਿਗਮ ਕਮਿਸਨਰ ਗੌਤਮ ਜੈਨ ਦੇ ਸਾਹਮਣੇ ਸ਼ਹਿਰ ਦਾ ਕੂੜਾ ਇਕ ਚੈਲੇਂਜ ਬਣ ਗਿਆ ਹੈ। ਪਤਾ ਲੱਗਾ ਹੈ ਕਿ ਸਹਿਰ ਦੀ ਸਾਫ-ਸਫਾਈ ਵਿਚ ਲੱਗੇ ਦੋਵੇਂ ਪ੍ਰਾਈਵੇਟ ਠੇਕੇਦਾਰ ਇਸ ਮੰਗਲਵਾਰ ਤੋਂ ਸਹਿਰ ਵਿਚੋਂ ਕੂੜੇ ਦੀ ਲਿਫਟਿੰਗ ਦਾ ਕੰਮ ਬੰਦ ਕਰ ਸਕਦੇ ਹਨ। ਦੱਸਣਯੋਗ ਹੈ ਕਿ ਗੁਰੂ ਰਵਿਦਾਸ ਜੀ ਦੇ ਪ੍ਰਕਾਸ ਪੁਰਬ ਸਬੰਧੀ ਸਮਾਗਮ ਇਸੇ ਹਫਤੇ ਸਹਿਰ ਵਿਚ ਸੂਰੂ ਹੋਣ ਜਾ ਰਹੇ ਹਨ ਅਤੇ ਵਿਸਾਲ ਸ਼ੋਭਾ ਯਾਤਰੀ ਵੀ ਨਿਕਲਣੀ ਹੈ, ਅਜਿਹੇ 'ਚ ਇਹ ਚੈਲੇਂਜ ਕਾਫੀ ਗੰਭੀਰ ਰੂਪ ਧਾਰਨ ਕਰ ਸਕਦਾ ਹੈ। ਜਿ਼ਕਰਯੋਗ ਹੈ ਕਿ ਇਸ ਸਮੇਂ ਇਨ੍ਹਾਂ ਠੇਕੇਦਾਰਾਂ ਵੱਲੋਂ 35 ਟਰੈਕਟਰ-ਟਰਾਲੀਆਂ ਰਾਹੀਂ ਪੂਰੇ ਸਹਿਰ ਦਾ ਕੂੜਾ ਚੁੱਕਿਆ ਜਾ ਰਿਹਾ ਹੈ ਅਤੇ 6-7 ਵੱਡੇ ਡੰਪ ਸਥਾਨਾਂ ਦਾ ਕੂੜਾ ਵੀ ਇਨ੍ਹਾਂ ਠੇਕੇਦਾਰਾਂ ਦੇ ਟਿੱਪਰ ਚੁੱਕਦੇ ਹਨ, ਜਿਨ੍ਹਾਂ ਵਿਚ ਰਾਮਾ ਮੰਡੀ, ਰੇਡੀਓ ਸਟੇਸਨ ਡੰਪ, ਮਾਡਲ ਟਾਊਨ ਡੰਪ, ਜੋਤੀ ਨਗਰ ਡੰਪ, ਫੋਲੜੀਵਾਲ ਡੰਪ ਆਦਿ ਸਾਮਲ ਹਨ। ਇਨ੍ਹਾਂ ਠੇਕੇਦਾਰਾਂ ਦਾ ਕਹਿਣਾ ਹੈ ਕਿ ਉਹ ਕਈ ਵਾਰ ਅਧਿਕਾਰੀਆਂ ਨੂੰ ਮੰਗ-ਪੱਤਰ ਦੇ ਚੁੱਕੇ ਹਨ ਅਤੇ ਗੱਲਬਾਤ ਵੀ ਕਰ ਚੁੱਕੇ ਹਨ ਪਰ ਨਾ ਤਾਂ ਉਨ੍ਹਾਂ ਨੂੰ ਅਦਾਇਗੀ ਕੀਤੀ ਜਾ ਰਹੀ ਹੈ ਅਤੇ ਨਾ ਹੀ ਉਨ੍ਹਾਂ ਵੱਲੋਂ ਕੀਤੇ ਕੰਮਾਂ ਸਬੰਧੀ ਫਾਈਲਾਂ ਨੂੰ ਕਲੀਅਰ ਕੀਤਾ ਜਾ ਰਿਹਾ ਹੈ। ਨਵੇਂ ਟੈਂਡਰ ਲਾਉਣ ਵਿਚ ਵੀ ਦੇਰੀ ਕੀਤੀ ਜਾ ਰਹੀ ਹੈ ਅਤੇ ਟੈਂਡਰ ਵੀ ਥੋੜ੍ਹੇ ਸਮੇਂ ਲਈ ਜਾਰੀ ਕੀਤੇ ਜਾਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਮੁਸਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਵੇਖਣਾ ਹੋਵੇਗਾ ਕਿ ਨਵੇਂ ਕਮਿਸਨਰ ਗੌਤਮ ਜੈਨ ਇਸ ਸਮੱਸਿਆ ਨਾਲ ਕਿਵੇਂ ਨਜਿੱਠਦੇ ਹਨ ਕਿਉਂਕਿ ਜੇਕਰ ਆਉਣ ਵਾਲੇ ਦਿਨਾਂ 'ਚ ਸਹਿਰ 'ਚੋਂ ਕੂੜਾ ਨਾ ਚੁੱਕਿਆ ਗਿਆ ਤਾਂ ਸਫਾਈ ਦੇ ਹਾਲਾਤ ਬਹੁਤ ਵਿਗੜ ਸਕਦੇ ਹਨ, ਜੋ ਆਉਣ ਵਾਲੀਆਂ ਚੋਣਾਂ 'ਚ ਸੱਤਾਧਾਰੀ ਧਿਰ ਲਈ ਖਤਰਨਾਕ ਸਾਬਤ ਹੋ ਸਕਦੇ ਹਨ। ਨਗਰ ਨਿਗਮ ਦੀਆਂ ਯੂਨੀਅਨਾਂ ਨਾਲ ਸਬੰਧਤ ਆਗੂ ਲੰਮੇ ਸਮੇਂ ਤੋਂ ਸਫਾਈ ਕਰਮਚਾਰੀਆਂ ਦੀ ਪੱਕੀ ਭਰਤੀ ਦੀ ਮੰਗ ਕਰ ਰਹੇ ਹਨ ਪਰ ਸਰਕਾਰ ਇਸ 'ਤੇ ਕੋਈ ਫੈਸਲਾ ਨਹੀਂ ਲੈ ਰਹੀ। ਆਉਣ ਵਾਲੇ ਸਮੇਂ ਵਿਚ ਇਸ ਮੰਗ ਨੂੰ ਲੈ ਕੇ ਵੀ ਰੋਸ ਪੈਦਾ ਹੋ ਸਕਦਾ ਹੈ। ਸਹਿਰ ਦੀ ਸਫਾਈ ਵਿਵਸਥਾ ਵੀ ਲਗਾਤਾਰ ਵਿਗੜ ਰਹੀ ਹੈ, ਜਿਸ ਕਾਰਨ ਮਾਡਲ ਟਾਊਨ ਡੰਪ, ਫੋਲੜੀਵਾਲ ਡੰਪ ਅਤੇ ਜੋਤੀ ਨਗਰ ਡੰਪ ਨੂੰ ਲੈ ਕੇ ਜਨ-ਅੰਦੋਲਨ ਤਕ ਹੋਏ। ਫੋਲੜੀਵਾਲ ਦਾ ਮਾਮਲਾ ਅਜੇ ਵੀ ਕਾਫੀ ਭਖਿਆ ਹੋਇਆ ਹੈ। ਅੱਜ ਵੀ ਸਿਰਫ ਸਹਿਰ ਦੇ ਅੰਦਰ ਡੰਪ ਸਥਾਨ ਨਾ ਸਿਰਫ ਸਾਰਾ ਦਿਨ ਭਰੇ ਰਹਿੰਦੇ ਹਨ, ਸਗੋਂ ਮੇਨ ਸੜਕਾਂ 'ਤੇ ਵੀ ਕੂੜੇ ਦੇ ਢੇਰ ਆਮ ਦੇਖੇ ਜਾ ਸਕਦੇ ਹਨ। ਇਸੇ ਕਾਰਨ ਪਿਛਲੇ ਸਾਲਾਂ ਦੌਰਾਨ ਸਵੱਛਤਾ ਸਰਵੇਖਣ ਵਿਚ ਜਲੰਧਰ ਨਿਗਮ ਦੀ ਰੈਂਕਿੰਗ ਲਗਾਤਾਰ ਡਿਗਦੀ ਜਾ ਰਹੀ ਹੈ। ਐੱਨ. ਜੀ. ਟੀ. ਅਤੇ ਪ੍ਰਦੂਸਣ ਕੰਟਰੋਲ ਵਿਭਾਗ ਵੀ ਨਿਗਮ ਦੀ ਕਾਰਗੁਜਾਰੀ ਤੋਂ ਕਾਫੀ ਨਾਰਾਜ ਹਨ। ਨਿਗਮ ਤੋਂ ਅਜੇ ਤਕ ਵਰਿਆਣਾ ਡੰਪ ਦੀ ਸਮੱਸਿਆ ਦਾ ਵੀ ਕੋਈ ਹੱਲ ਨਹੀਂ ਹੋ ਸਕਿਆ ਅਤੇ ਕੂੜੇ ਨੂੰ ਮੈਨੇਜ ਕਰਨ ਲਈ ਬਾਇਓ-ਮਾਈਨਿੰਗ ਪਲਾਂਟ ਲਾਉਣ ਦੇ ਨਾਂ 'ਤੇ ਵੀ ਕੁਝ ਨਹੀਂ ਕੀਤਾ ਜਾ ਰਿਹਾ।

## ਵਿਰੋਧੀ ਦੇਸ਼ਾਂ ਨਾਲ ਲੜਾਈ ਕਰਨ ਵਾਲਾ ਫੌਜੀ ਬਲ ਕਿਸਾਨਾਂ 'ਤੇ ਨਾ ਵਰਤੇ ਕੇਂਦਰ ਸਰਕਾਰ: ਬਿੱਟੂ

ਮਾਨਸਾ 22 ਫਰਵਰੀ। ਕਿਸਾਨਾਂ ਦਾ ਰਾਹ ਰੋਕਣ ਲਈ ਕੇਂਦਰ ਅਤੇ ਹਰਿਆਣਾ ਸਰਕਾਰ ਉਹ ਫੌਜੀ ਬਲ ਇਸਤੇਮਾਲ ਨਾ ਕਰੇ ਜੋ ਵਿਰੋਧੀ ਦੇਸ਼ਾਂ ਨਾਲ ਲੜਾਈ ਲੜਣ ਲਈ ਕੀਤਾ ਜਾਂਦਾ ਹੈ। ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਨੇ ਕਿਹਾ ਹੈ ਕਿ ਜੇਕਰ ਕੇਂਦਰ ਅਤੇ ਹਰਿਆਣਾ ਸਰਕਾਰ ਦਾ ਕਿਸਾਨਾਂ ਪ੍ਰਤੀ ਇਹੀ ਰਵੱਈਆ ਰਿਹਾ ਤਾਂ ਉਨ੍ਹਾਂ ਦਾ ਸਬਰ ਦਾ ਬੰਨ੍ਹ ਵੀ ਟੁੱਟ ਜਾਵੇਗਾ। ਉਹ ਕਿਸਾਨਾਂ ਤੇ ਜੁਲਮ ਨਹੀਂ ਹੋਣ ਦੇਣਗੇ। ਬਿੱਟੂ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਕਿਸਾਨ ਕੋਈ ਨਿਰਾਲੀ ਮੰਗ ਨਹੀਂ ਕਰ ਰਹੇ। ਪਿਛਲੇ ਕਿਸਾਨੀ ਸੰਘਰਸ਼ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੋ ਕਿਸਾਨਾਂ ਨਾਲ ਵਾਅਦੇ ਕੀਤੇ ਸਨ ਉਨ੍ਹਾਂ ਨੂੰ ਪੂਰਾ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਰਵੱਈਆ ਕਦੇ ਵੀ ਹਜਮ ਕਰਨ ਵਾਲਾ ਨਹੀਂ ਹੈ। ਕਿਸਾਨਾਂ ਦਾ ਰਾਹ ਰੋਕਣ ਲਈ ਅਜਿਹਾ ਤਸ਼ੱਦਦ ਅਤੇ ਫੌਜੀ ਬਲ ਦਾ ਇਸਤੇਮਾਲ ਕਰਨਾ ਗਲਤ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਹ ਨਾ ਸਮਝੇ ਕਿ ਕਿਸਾਨ ਇੱਕਲੇ ਹਨ। ਪੂਰਾ ਪੰਜਾਬ ਉਨ੍ਹਾਂ ਨਾਲ ਡਟ ਕੇ ਖੜ੍ਹੇਗਾ ਅਤੇ ਉਨ੍ਹਾਂ ਦੀਆਂ ਮੰਗਾਂ ਦੀ ਪੂਰਤੀ ਲਈ ਹਰ ਗੱਲ 'ਤੇ ਪਹਿਰਾ ਦਿੱਤਾ ਜਾਵੇਗਾ। ਬਿੱਟੂ ਨੇ ਕਿਹਾ ਕਿ ਕੇਂਦਰ ਸਰਕਾਰ ਇਹ ਭਰਮ ਕੱਢ ਦੇਵੇ ਕਿ ਅਜਿਹੇ ਤਸ਼ੱਦਦ ਨਾਲ ਉਹ ਚੁੱਪ ਕਰਕੇ ਬੈਠ ਜਾਣਗੇ। ਕਿਸਾਨਾਂ 'ਤੇ ਇਹ ਗੈਰ ਮਨੁੱਖੀ ਤਸ਼ੱਦਦ ਅਤੇ ਅੱਤਿਆਚਾਰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਬਿੱਟੂ ਨੇ ਕਿਹਾ ਕਿ ਕੇਂਦਰ ਸਰਕਾਰ ਸਬਰ ਦਾ ਇਮਤਿਹਾਨ ਨਾ ਲਵੇ, ਜਿਸ ਨਾਲ ਪੂਰਾ ਪੰਜਾਬ ਕਿਸਾਨਾਂ ਨਾਲ ਉੱਠ ਖੜ੍ਹੇ।

# ਡਰੱਗ ਸਮੱਗਲਿੰਗ ਲਈ ਡਰੋਨ ਉਡਾਉਣ ਤੋਂ ਬਾਜ ਨਹੀਂ ਆ ਰਹੇ ਸਮੱਗਲਰ

ਏਜੰਸੀਆਂ

ਅੰਮ੍ਰਿਤਸਰ 22 ਫਰਵਰੀ। ਦਸੰਬਰ, ਜਨਵਰੀ ਤੇ ਫਰਵਰੀ ਦੇ ਠੰਢੇ ਮੌਸਮ 'ਚ ਬੀ.ਐੱਸ.ਐੱਫ. ਤੇ ਸੁਰੱਖਿਆ ਏਜੰਸੀਆਂ ਵੱਲੋਂ ਕੀਤੀ ਗਈ ਸਖਤੀ ਦਾ ਅਸਰ ਬਾਰਡਰ 'ਤੇ ਦੇਖਣ ਨੂੰ ਮਿਲ ਰਿਹਾ ਹੈ। ਜਾਣਕਾਰੀ ਅਨੁਸਾਰ ਸੁਰੱਖਿਆ ਏਜੰਸੀਆਂ ਦੀ ਸਖਤੀ ਕਾਰਨ ਬਾਰਡਰ 'ਤੇ ਹੈਰੋਇਨ ਦੀ ਵੱਡੀ ਖੇਪ ਦੀ ਆਮਦ ਕਾਫੀ ਘੱਟ ਹੋ ਗਈ ਹੈ ਅਤੇ ਸਮੱਗਲਰਾਂ ਨੇ ਵੱਡੇ ਡ੍ਰੋਨ ਦੀ ਵਰਤੋਂ ਕਰਨਾ ਛੱਡ ਦਿੱਤੀ ਹੈ, ਜੋ ਇਕ ਫੇਰੇ 'ਚ 15 ਤੋਂ 25 ਕਿਲੋ ਤੱਕ ਭਾਰ ਚੁੱਕਣ 'ਚ ਸਮਰੱਥ ਹੈ ਪਰ ਇਸ ਦੇ ਉਲਟ ਛੋਟੇ ਡਰੋਨ ਉਡਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਛੋਟੇ ਜਾਂ ਮਿੰਨੀ ਡਰੋਨ ਦੀ ਗੱਲ ਕਰੀਏ ਤਾਂ ਪਤਾ ਚੱਲਦਾ ਹੈ ਕਿ ਇਹ ਡਰੋਨ ਅੱਧਾ ਕਿਲੋ ਤੋਂ ਲੈ ਕੇ ਇਕ ਕਿਲੋ ਤੱਕ ਭਾਰ ਚੁੱਕਣ 'ਚ ਸਮਰੱਥ ਹੁੰਦਾ ਹੈ ਅਤੇ ਇਸ ਦੀ ਕੀਮਤ ਵੀ ਵੱਡੇ ਡਰੋਨ ਦੀ ਤੁਲਨਾ 'ਚ ਕਾਫੀ ਘੱਟ ਰਹਿੰਦੀ ਹੈ। ਜੇਕਰ ਮਿੰਨੀ ਡਰੋਨ ਡਿੱਗ ਵੀ ਜਾਵੇ ਤਾਂ ਸਮੱਗਲਰਾਂ ਦਾ ਜਿ਼ਆਦਾ ਨੁਕਸਾਨ ਨਹੀਂ ਹੁੰਦਾ ਹੈ। ਪਿਛਲੇ ਇਕ ਮਹੀਨੇ ਦੌਰਾਨ ਬੀ. ਐੱਸ. ਐੱਫ. ਵੱਲੋਂ ਇਕ ਦਰਜਨ ਤੋਂ ਜਿ਼ਆਦਾ ਮਿੰਨੀ ਡਰੋਨ ਫੜੇ ਜਾ ਚੁੱਕੇ ਹਨ, ਜਦਕਿ 10 ਸਮੱਗਲਰਾਂ ਨੂੰ ਡਰੋਨ ਤੇ ਹੈਰੋਇਨ ਦੀ ਖੇਪ ਨਾਲ ਰੰਗੇ ਹੱਥ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਪਿਛਲੇ ਸਾਲਾਂ ਦੌਰਾਨ ਦੇਖਿਆ ਜਾਂਦਾ ਸੀ ਕਿ ਬੀ.ਐੱਸ.ਐੱਫ. ਜਦੋਂ ਵੀ ਕਿਸੇ ਸਮੱਗਲਰ ਨੂੰ ਜਾਂ ਹੈਰੋਇਨ ਦੀ ਖੇਪ ਨੂੰ



ਜਬਤ ਕਰਦੀ ਸੀ ਤਾਂ ਇਸ ਦੇ ਕੇਸ ਪੁਲਸ ਨੂੰ ਸੌਂਪ ਦਿੱਤੇ ਜਾਂਦੇ ਸਨ ਪਰ ਪਿਛਲੇ ਕੁਝ ਮਹੀਨਿਆਂ ਤੋਂ ਬੀ.ਐੱਸ.ਐੱਫ. ਨੇ ਜਿੰਨੇ ਵੀ ਸਮੱਗਲਰਾਂ ਨੂੰ ਹੈਰੋਇਨ ਦੀ ਖੇਪ ਨਾਲ ਫੜਿਆ ਹੈ, ਉਹ ਸਾਰੇ ਪੁਲਸ ਦੀ ਬਜਾਏ ਐੱਨ. ਸੀ. ਬੀ. ਨੂੰ ਸੌਂਪੇ ਜਾ ਰਹੇ ਹਨ। ਹਾਲਾਂਕਿ ਮੰਨਿਆ ਜਾਂਦਾ ਹੈ ਕਿ ਬਾਰਡਰ 'ਤੇ ਇਸ ਤਰ੍ਹਾਂ ਦੇ ਕੇਸਾਂ 'ਚ ਸਾਰੀਆਂ ਸੁਰੱਖਿਆ ਏਜੰਸੀਆਂ ਜਿਸ ਵਿਚ ਕੇਂਦਰੀ ਤੇ ਸੂਬਾ ਸਰਕਾਰ ਦੀਆਂ ਏਜੰਸੀਆਂ ਨੂੰ ਤਾਲਮੇਲ ਨਾਲ ਕੰਮ ਕਰਨਾ ਚਾਹੀਦਾ। ਜਿ਼ਲ੍ਹਾ ਅੰਮ੍ਰਿਤਸਰ ਦਾ 153 ਕਿਲੋਮੀਟਰ ਲੰਮਾ ਬਾਰਡਰ ਪਾਕਿਸਤਾਨ ਦੀ ਸੀਮਾ ਨਾਲ ਲੱਗਦਾ ਹੈ ਅਤੇ ਬਾਰਡਰ ਫੈਂਸਿੰਗ ਦੇ ਨੇੜੇ ਜਿੰਨੇ ਵੀ ਪਿੰਡ ਉੱਥੇ ਸਮੱਗਲਰਾਂ ਦੀ ਮੂਵਮੈਂਟ ਜਿ਼ਆਦਾ ਦੇਖੀ ਜਾ ਰਹੀ ਹੈ। ਇਨ੍ਹਾਂ ਪਿੰਡਾਂ 'ਚ ਮੁੱਖ ਤੌਰ 'ਤੇ ਧਨੌਆ ਕਲਾਂ ਅਤੇ ਧਨੌਆ ਖੁਰਦ, ਬੈਰੋਪਾਲ, ਰਾਜਾਤਾਲ ਵਰਗੇ ਇਲਾਕਿਆਂ ਦੇ ਨਾਂ ਸ਼ਾਮਲ ਹਨ। ਇਕੱਲੇ ਧਨੌਆ ਖੁਰਦ ਦੇ ਇਲਾਕੇ 'ਚ ਹੀ ਬੀ. ਐੱਸ. ਐੱਫ. 18 ਡਰੋਨ ਜਬਤ ਕਰ ਚੁੱਕੀ ਹੈ ਪਰ ਇੱਥੇ ਫਿਰ ਵੀ ਡਰੋਨ ਦੀ ਮੂਵਮੈਂਟ ਰੁੱਕਣ ਦਾ ਨਾਂ ਨਹੀਂ ਲੈ ਰਹੀ ਹੈ। ਕੇਂਦਰ ਤੇ ਪੰਜਾਬ ਸਰਕਾਰ ਦੀਆਂ ਸੰਯੁਕਤ ਕੋਸ਼ਿਸ਼ਾਂ ਨਾਲ ਸਰਹੱਦੀ ਪਿੰਡਾਂ 'ਚ 252 ਦੇ ਲਗਭਗ ਵਿਲੇਜ ਡਿਫੈਂਸ ਕਮੇਟੀਆਂ ਤੇ ਦਿਹਾਤੀ ਪੁਲਸ ਵੱਲੋਂ ਵੀ.ਪੀ. ਓਜ ਦਾ ਗਠਨ ਕੀਤਾ ਗਿਆ ਹੈ ਜਿਸ ਦੇ ਸਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ। ਬਹੁਤ ਸਾਰੇ ਸਮੱਗਲਰਾਂ ਨੂੰ ਬੀ. ਐੱਸ. ਐੱਫ. ਤੇ ਪੁਲਸ ਵੱਲੋਂ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ ਹੈ ਜਦੋਂ ਸਮੱਗਲਰ ਹੈਰੋਇਨ ਦੀ ਖੇਪ ਨੂੰ ਰਿਸੀਵ ਕਰਨ ਤੋਂ ਬਾਅਦ ਵਾਪਸ ਮੁੜ ਰਹੇ ਹੁੰਦੇ ਹਨ।

# ਭਗਵੰਤ ਮਾਨ ਤੇ ਅਨਮੋਲ ਗਗਨ ਮਾਨ ਨੂੰ ਵਾਅਦੇ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ ਦੇਣਾ ਚਾਹੀਦਾ : ਬਾਜਵਾ

ਏਜੰਸੀਆਂ

ਚੰਡੀਗੜ੍ਹ 22 ਫਰਵਰੀ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸੋਮਵਾਰ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਅਨਮੋਲ ਗਗਨ ਮਾਨ ਨੂੰ ਚੁਣੌਤੀ ਦਿੱਤੀ ਕਿ ਉਹ 22 ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੇ ਕੇ ਆਪਣੇ ਵਾਅਦੇ ਪੂਰੇ ਕਰਨ। ਉਨ੍ਹਾਂ ਕਿਹਾ ਕਿ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦੋਵਾਂ ਨੇ ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ 22 ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਦਾ ਵਾਅਦਾ ਕੀਤਾ ਸੀ। ਬਾਜਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਣੇ ਦੋ ਸਾਲ ਹੋ ਗਏ ਹਨ ਅਤੇ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਆਪਣੇ ਲੰਬੇ ਸਮੇਂ ਤੋਂ ਲਟਕ ਰਹੇ ਵਾਅਦੇ ਨੂੰ ਪੂਰਾ ਕਰਨਾ ਚਾਹੀਦਾ ਹੈ। ਸੀਨੀਅਰ ਕਾਂਗਰਸੀ ਆਗੂ ਬਾਜਵਾ ਨੇ ਕਿਹਾ ਕਿ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਸਪੱਸਟ ਤੌਰ 'ਤੇ ਕਿਹਾ ਸੀ ਕਿ 'ਆਪ' ਸਰਕਾਰ ਬਣਨ ਦੇ ਪੰਜ ਮਿੰਟਾਂ ਦੇ ਅੰਦਰ ਘੱਟੋ-ਘੱਟ ਸਮਰਥਨ ਮੁੱਲ ਮੁਹੱਈਆ ਕਰਵਾਏਗੀ। ਇਸੇ ਤਰ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਾਂਗਰਸ ਦੇ ਤਤਕਾਲੀ ਮੁੱਖ ਮੰਤਰੀ ਨੂੰ ਚੁਣੌਤੀ ਦਿੱਤੀ ਸੀ ਕਿ ਜੇਕਰ ਉਹ 22 ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੇਣ 'ਚ ਅਸਮਰੱਥ ਹਨ ਤਾਂ ਉਹ ਅਹੁਦਾ ਛੱਡ ਦੇਣ।



ਉਨ੍ਹਾਂ ਕਿਹਾ ਕਿ ਹੁਣ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਨੂੰ ਸਪੱਸਟੀਕਰਨ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਆਪਣਾ ਵਾਅਦਾ ਪੂਰਾ ਕਰਨ ਤੋਂ ਕਿਸ ਚੀਜ ਨੇ ਰੋਕਿਆ। ਬਾਜਵਾ ਨੇ ਕਿਹਾ ਕਿ ਅਜਿਹੇ ਸਮੇਂ ਜਦੋਂ ਪੰਜਾਬ ਦੇ ਕਿਸਾਨ ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਨੂੰ ਲੈ ਕੇ ਦਿੱਲੀ 'ਚ ਵਿਰੋਧ ਪ੍ਰਦਰਸਨ ਕਰਨ ਲਈ ਹਰਿਆਣਾ ਦੀ ਸਰਹੱਦ ਪਾਰ ਕਰਨ ਲਈ ਸੰਘਰਸ ਕਰ ਰਹੇ ਹਨ, 'ਆਪ' ਨੂੰ ਆਪਣੇ ਹੀ ਵਾਅਦੇ ਨੂੰ ਪੂਰਾ ਕਰਨਾ ਚਾਹੀਦਾ ਹੈ। ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਕਿਉਂਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਬਣਾਉਣ ਤੋਂ ਝਿਜਕਦੀ ਜਾਪਦੀ ਹੈ, ਇਸ ਲਈ ਕਿਸਾਨ ਯੂਨੀਅਨਾਂ ਅਤੇ ਕੇਂਦਰ ਸਰਕਾਰ ਵਿਚਾਲੇ ਮੀਟਿੰਗਾਂ 'ਚ ਵਿਚੋਲਗੀ ਕਰਨ ਦੀ ਬਜਾਏ ਭਗਵੰਤ ਮਾਨ ਨੂੰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੂੰ ਹੁਣ ਪਤਾ ਲੱਗ ਗਿਆ ਹੈ ਕਿ ਚੋਣਾਂ ਦੌਰਾਨ 'ਆਪ' ਦੇ ਝੂਠੇ ਵਾਅਦਿਆਂ ਨੇ ਉਨ੍ਹਾਂ ਨੂੰ ਧੋਖਾ ਦਿੱਤਾ ਹੈ ਕਿਉਂਕਿ ਭਗਵੰਤ ਮਾਨ ਇੱਕ ਪੇਸੇਵਰ ਕਾਮੇਡੀਅਨ ਹਨ, ਇਸ ਲਈ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦਾ ਮਜਾਕ ਬਣਾ ਦਿੱਤਾ। ਬਾਜਵਾ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਉਨ੍ਹਾਂ ਨੇ ਜੋ ਵੀ ਵਾਅਦਾ ਕੀਤਾ ਸੀ, ਉਸ ਨੂੰ ਲੈ ਕੇ ਉਹ ਕਦੇ ਵੀ ਸੁਹਿਰਦ ਨਹੀਂ ਰਹੇ।

## ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਚਰਚਾ 'ਚ, ਕੈਦੀਆਂ ਦੇ ਕਬਜੇ 'ਚੋਂ ਮੋਬਾਈਲ ਸਣੇ ਨਸ਼ੀਲੇ ਪ੍ਰਦਾਰਥ ਬਰਾਮਦ

ਏਜੰਸੀਆਂ

ਅੰਮ੍ਰਿਤਸਰ 22 ਫਰਵਰੀ। ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਵੱਡੇ ਪੱਧਰ 'ਤੇ ਗੜਬੜੀ ਚੱਲ ਰਹੀ ਹੈ। ਹਵਾਲਾਤੀਆਂ ਅਤੇ ਕੈਦੀਆਂ ਤੋਂ ਮੋਬਾਇਲ ਫੋਨ ਅਤੇ ਨਸੀਲੇ ਪ੍ਰਦਾਰਥਾਂ ਦੀ ਲਗਾਤਾਰ ਮਿਲਣਾ, ਜਿੱਥੇ ਜੇਲ੍ਹ ਦੀ ਸੁਰੱਖਿਆ 'ਤੇ ਸਵਾਲੀਆ ਨਿਸਾਨ ਖੜ੍ਹੇ ਕਰ ਰਹੇ ਹਨ, ਉੱਥੇ ਹੀ ਜੇਲ੍ਹ 'ਚ ਤਾਇਨਾਤ ਅਧਿਕਾਰੀਆਂ ਦੇ ਭ੍ਰਿਸਟਾਚਾਰ ਨੂੰ ਵੀ ਦਰਸਾਉਂਦੀ ਹੈ। ਜੇਲ੍ਹ ਵਿਚ ਇੰਨੀ ਵੱਡੀ ਮਾਤਰਾ ਵਿਚ ਮਿਲਿਆ ਸਾਮਾਨ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜੇਲ੍ਹ ਪ੍ਰਸਾਸਨ ਦੀ ਸਹਿਮਤੀ ਅਤੇ ਮਿਲੀਭੁਗਤ ਤੋਂ ਬਿਨਾਂ ਸੁਰੱਖਿਆ ਘੇਰਾ ਤੋੜ ਕੇ ਅੰਦਰ ਪਹੁੰਚਣਾ ਸੰਭਵ ਨਹੀਂ ਹੈ। ਪਿਛਲੇ 3 ਮਹੀਨਿਆਂ ਦੇ ਰਿਕਾਰਡ ਦੀ ਘੋਖ ਕਰਨ 'ਤੇ ਕੇਂਦਰੀ ਜੇਲ੍ਹ 'ਚ ਬੈਠੇ ਕੈਦੀਆਂ ਅਤੇ ਹਵਾਲਾਤੀਆਂ ਦੇ ਕਬਜੇ 'ਚੋਂ 200 ਦੇ ਕਰੀਬ ਮੋਬਾਇਲ ਫੋਨ ਬਰਾਮਦ ਹੋਏ ਹਨ । ਜੇਕਰ ਇਸ ਨੂੰ ਰੋਕਣ ਲਈ ਸਮੇਂ ਸਿਰ ਕੋਈ ਠੋਸ ਕਦਮ ਨਾ ਚੁੱਕੇ ਗਏ ਤਾਂ ਜੇਲ੍ਹ ਵਿਚ ਬੈਠੇ ਬਦਨਾਮ ਅਪਰਾਧੀ ਜੇਲ੍ਹ ਵਿੱਚੋਂ ਹੀ ਆਪਣਾ ਇਹ ਗੰਦਾ ਧੰਦਾ ਚਲਾਉਂਦੇ ਰਹਿਣਗੇ। ਹਵਾਲਾਤੀ ਅਜੈ




ਬਾਊਂਸਰ, ਸਾਗਰ, ਅਰਵਿੰਦਰ, ਸੰਨੀ, ਮਨਪ੍ਰੀਤ ਸਿੰਘ, ਗੁਰਸੇਵਕ ਸਿੰਘ, ਅਜੇ ਸਿੰਘ, ਪ੍ਰਦੀਪ ਸਿੰਘ, ਕੁਲਦੀਪ ਸਿੰਘ, ਮਨਪ੍ਰੀਤ ਸਿੰਘ, ਸਾਈਮਨ ਪੀਟਰ, ਕੁਲਦੀਪ ਸਿੰਘ, ਕੁਮਾਰ ਸਾਹਿਲ, ਚਰਨਜੀਤ ਸਿੰਘ, ਸੰਜੇ, ਬਲਦੇਵ ਸਿੰਘ, ਮੇਜਰ ਸਿੰਘ, ਗੁਰਪ੍ਰੀਤ ਸਿੰਘ, ਸੁਖਬੀਰ ਸਿੰਘ, ਅੰਗਰੇਜ ਸਿੰਘ, ਸਾਹਿਲ, ਜੋਬਨਜੀਤ ਸਿੰਘ, ਪਰਮਜੀਤ ਸਿੰਘ, ਰਣਜੀਤ ਸਿੰਘ, ਰਾਜਪਿੰਦਰ ਸਿੰਘ, ਹਰਮਿੰਦਰ ਸਿੰਘ, ਅਮਨਦੀਪ ਸਿੰਘ, ਹਰਪ੍ਰੀਤ ਸਿੰਘ, ਅਜੈ ਪਾਲ ਸਿੰਘ, ਰਣਜੋਤ ਸਿੰਘ, ਗੁਰਦੇਵ ਸਿੰਘ, ਸੋਨੂੰ ਸਿੰਘ, ਸੋਨੂੰ ਗੋਸਵਾਮੀ, ਹਰਮਨਦੀਪ ਸਿੰਘ, ਪਰਸੋਤਮ ਸਿੰਘ, ਬਲਜਿੰਦਰ ਸਿੰਘ, ਅਜੈ ਪਾਲ ਸਿੰਘ, ਹਰਮੇਲ ਸਿੰਘ, ਗੁਰਯੋਧ ਸਿੰਘ, ਨਵਜੋਤ ਸਿੰਘ, ਜੈਕਰਨਬੀਰ ਸਿੰਘ, ਸੁਖਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ, ਰਾਜਨ ਸਿੰਘ, ਦਾਨਿਸ ਸਿੰਘ ਅਤੇ ਨਿਸਾਂਤ ਸਿੰਘ ਸਾਮਲ ਹਨ। ਇਸ ਤੋਂ ਇਲਾਵਾ ਜੇਲ੍ਹ ਅਧਿਕਾਰੀਆਂ ਨੇ ਕੈਦੀਆਂ ਦੇ ਕਬਜੇ ਵਿੱਚੋਂ 200 ਬੰਡਲ ਬੀੜੀਆਂ, 16 ਪੈਕਟ ਤੰਬਾਕੂ, 10 ਪੈਕਟ ਕਲਿੱਪ ਅਤੇ 4 ਹੀਟਰ ਸਪਰਿੰਗ ਬੈਕ ਚਾਰਜ ਵੀ ਬਰਾਮਦ ਕੀਤੇ ਹਨ। ਫਿਲਹਾਲ ਵਧੀਕ ਜੇਲ੍ਹ ਸੁਪਰਡੈਂਟ ਦੀ ਸਿ਼ਕਾਇਤ 'ਤੇ ਥਾਣਾ ਇਸਲਾਮਾਬਾਦ ਪੁਲਸ ਨੇ ਮਾਮਲਾ ਦਰਜ ਕਰ ਕੇ ਸਾਰੇ ਕੈਦੀਆਂ ਨੂੰ ਪ੍ਰੋਡਕਸਨ ਵਾਰੰਟ 'ਤੇ ਲਿਆਉਣ ਦੀ ਕਾਰਵਾਈ ਸੁਰੂ ਕਰ ਦਿੱਤੀ ਹੈ।

## ਪੰਜਾਬ 'ਚ ਡਿਫਾਲਟਰ ਬਿਜਲੀ ਖਪਤਕਾਰਾਂ ਨੂੰ ਵੱਡਾ ਝਟਕਾ, ਪਾਵਰਕਾਮ ਨੇ ਜਾਰੀ ਕੀਤੇ ਸਖਤ ਹੁਕਮ

ਜਲੰਧਰ 22 ਫਰਵਰੀ। ਜਲੰਧਰ ਸਰਕਲ ਦੇ ਅਧੀਨ ਪਾਵਰਕਾਮ ਵੱਲੋਂ ਕਰੋੜਾਂ ਰੁਪਏ ਦੀ ਰਾਸ਼ੀ ਵਸੂਲ ਕੀਤੀ ਜਾਣੀ ਹੈ, ਜਿਸ ਲਈ ਵਿਭਾਗ ਸਰਗਰਮ ਹੋ ਗਿਆ ਹੈ। ਇਸ ਸਬੰਧੀ ਸੋਮਵਾਰ ਤੋਂ ਇੰਡਸਟਰੀ, ਕਮਰਸ਼ੀਅਲ ਤੇ ਘਰੇਲੂ ਖਪਤਕਾਰਾਂ ਦੇ ਕੁਨੈਕਸ਼ਨ ਕੱਟਣ ਦੀ ਕਾਰਵਾਈ ਸ਼ੁਰੂ ਹੋ ਜਾਵੇਗੀ। ਰਿਕਵਰੀ ਨੂੰ ਲੈ ਕੇ ਜਲੰਧਰ ਸਰਕਲ ਦੇ ਸੁਪਰਿਡੈਂਟ ਇੰਜੀ. ਸੁਰਿੰਦਰ ਪਾਲ ਸੋਂਧੀ ਨੇ ਅਹਿਮ ਮੀਟਿੰਗ ਬੁਲਾਈ। ਇਸ 'ਚ ਈਸਟ ਡਵੀਜਨ ਤੋਂ ਐਕਸੀਅਨ ਜਸਪਾਲ ਸਿੰਘ, ਵੈਸਟ ਡਵੀਜਨ ਦੇ ਐਕਸੀਅਨ ਸੰਨੀ ਭਾਂਬਰਾ, ਮਾਡਲ ਟਾਊਨ ਦੇ ਐਕਸੀਅਨ ਜਸਪਾਲ ਸਿੰਘ ਪਾਲ, ਕੈਂਟ ਡਵੀਜਨ ਦੇ ਐਕਸੀਅਨ ਅਵਤਾਰ ਸਿੰਘ, ਫਗਵਾੜਾ ਡਵੀਜਨ ਦੇ ਐਕਸੀਅਨ ਹਰਦੀਪ ਕੁਮਾਰ ਸਮੇਤ ਕਈ ਸੀਨੀ. ਅਧਿਕਾਰੀ ਹਾਜਰ ਰਹੇ। ਘਰੇਲੂ ਖਪਤਕਾਰਾਂ 'ਤੇ ਕਾਰਵਾਈ ਬਾਰੇ ਪੁੱਛਣ 'ਤੇ ਅਧਿਕਾਰੀਆਂ ਨੇ ਕਿਹਾ ਕਿ ਸਰਕਲ 'ਚ ਹਜਾਰਾਂ ਘਰੇਲੂ ਖਪਤਕਾਰਾਂ ਦੇ ਬਿੱਲ ਬਕਾਇਆ ਹਨ, ਜਿਸ ਨੂੰ ਵਸੂਲ ਕਰਨਾ ਵਿਭਾਗ ਦਾ ਕੇਂਦਰ ਬਿੰਦੂ ਰਹੇਗਾ। ਅਧਿਕਾਰੀਆਂ ਨੇ ਦੱਸਿਆ ਕਿ ਪਾਵਰਕਾਮ ਵੱਲੋਂ ਬਿਜਲੀ ਖਪਤਕਾਰਾਂ ਨੂੰ ਪ੍ਰਤੀ ਮਹੀਨਾ 300 ਯੂਨਿਟ ਮੁਫਤ ਬਿਜਲੀ ਸੁਵਿਧਾ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਤੋਂ ਘੱਟ ਬਿਜਲੀ ਦੀ ਖਪਤ ਕਰਨ ਵਾਲੇ ਬਿਜਲੀ ਖਪਤਕਾਰਾਂ ਦੇ ਬਿੱਲ ਜੀਰੋ ਆ ਰਹੇ ਹਨ, ਜਦੋਂ ਕਿ ਜਿ਼ਆਦਾ ਬਿਜਲੀ ਦੀ ਖਪਤ ਕਰਨ ਵਾਲਿਆਂ ਨੂੰ ਪੂਰਾ ਬਿੱਲ ਲਾਇਆ ਜਾ ਰਿਹਾ ਹੈ। ਇਸ ਕਾਰਨ ਪਾਵਰਕਾਮ ਨੇ ਐਕਸ਼ਨ ਪਲਾਨ ਤਿਆਰ ਕਰਦੇ ਹੋਏ ਡਿਫਾਲਟਰਾਂ ਖਿ਼ਲਾਫ ਸਖਤੀ ਦੇ ਹੁਕਮ ਦਿੱਤੇ ਹਨ। ਇਸ ਸਬੰਧੀ ਹਰੇਕ ਡਵੀਜਨ ਨੂੰ ਲਿਸਟਾਂ ਜਾਰੀ ਕਰ ਦਿੱਤੀਆਂ ਹਨ, ਜਿਸ ਮੁਤਾਬਕ ਹਰੇਕ ਡਵੀਜਨ ਨੂੰ ਰੋਜਾਨਾ 200 ਮੀਟਰ ਡਿਸਕੁਨੈਕਸ਼ਨ ਕਰਨੇ ਹੋਣਗੇ। ਉੱਥੇ ਹੀ ਇਸ ਦੀ ਰਿਪੋਰਟ ਸਰਕਲ ਆਫਿਸ 'ਚ ਵੀ ਭੇਜਣੀ ਹੋਵੇਗੀ। ਸਰਕਲ ਹੈੱਡ ਸੋਂਧੀ ਨੇ ਹੁਕਮ ਦਿੱਤੇ ਕਿ ਹਰੇਕ ਡਵੀਜਨ ਆਪਣੀ ਰਿਕਵਰੀ 'ਚ ਤੇਜੀ ਲਿਆਵੇ ਤਾਂ ਕਿ ਕਈ ਮਹੀਨਿਆਂ ਤੋਂ ਚੱਲੀ ਆ ਰਹੀ ਬਕਾਇਆ ਰਾਸ਼ੀ ਨੂੰ ਵਸੂਲ ਕੀਤਾ ਜਾ ਸਕੇ। ਰਿਕਵਰੀ ਕਰਨ ਸਬੰਧੀ ਡਵੀਜਨ ਦੇ ਹਰੇਕ ਐੱਸ. ਡੀ. ਓ. ਤੇ ਜੇ. ਈ. ਦੀ ਫੀਲਡ 'ਚ ਜਾਣਾ ਲਾਜਮੀ ਕਿਹਾ ਗਿਆ ਹੈ।

## ਕੰਮ ਤੋਂ ਪਰਤ ਰਹੇ ਮਾਮੇ-ਭਾਣਜੇ ਨਾਲ ਵਾਪਰੀ ਅਣਹੋਣੀ, ਸਕਾਰਪਿਓ ਦੀ ਲਪੇਟ 'ਚ ਆਉਣ ਕਾਰਨ ਦੋਵਾਂ ਦੀ ਮੌਤ

ਤਪਾ ਮੰਡੀ 22 ਫਰਵਰੀ। ਬਰਨਾਲਾ-ਬਠਿੰਡਾ ਹਾਈਵੇ 'ਤੇ ਬੀਤੀ ਸ਼ਾਮ 6 ਵਜੇ ਦੇ ਕਰੀਬ ਇਥੋਂ ਪੰਜ ਕਿਲੋਮੀਟਰ ਦੂਰ ਜੇਠੂਕੇ ਦੇ ਕੋਲ ਇਕ ਦਰਦਨਾਕ ਸੜਕ ਹਾਦਸੇ 'ਚ ਮਾਮੇ-ਭਾਂਜੇ ਦੀ ਮੌਤ ਹੋਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਤਨਾਮ ਸਿੰਘ ਪੁੱਤਰ ਜੰਟਾ ਸਿੰਘ ਵਾਸੀ ਨੰਦੀ ਬਸਤੀ ਢਿਲਵਾਂ ਅਤੇ ਮਾਮਾ ਸੁਖਦੇਵ ਸਿੰਘ ਵਾਸੀ ਉਭਾ ਹਾਲ ਆਬਾਦ ਢਿਲਵਾਂ ਤੂੜੀ ਵੇਚਣ ਦਾ ਕੰਮ ਕਰਦੇ ਹਨ। ਸ਼ਨੀਵਾਰ ਦੀ ਸ਼ਾਮ ਉਕਤ ਮਾਮਾ-ਭਾਂਜਾ ਰਾਮਪੁਰਾ ਤੋਂ ਤੂੜੀ ਦਾ ਸੌਦਾ ਕਰ ਕੇ ਮੋਟਰਸਾਈਕਲ 'ਤੇ ਵਾਪਸ ਪਿੰਡ ਢਿਲਵਾਂ ਪਰਤ ਰਹੇ ਸੀ ਤਾਂ ਜਦ ਹਾਈਵੇ 'ਤੇ ਸਥਿਤ ਪਿੰਡ ਜੇਠੂਕੇ ਨਜਦੀਕ ਪੁੱਜੇ ਤਾਂ ਪਿੱਛੋਂ ਆ ਰਹੀ ਤੇਜ ਰਫਤਾਰ ਸਕਾਰਪਿਓ ਗੱਡੀ ਨੇ ਮੋਟਰਸਾਈਕਲ ਨੂੰ ਅਪਣੀ ਲਪੇਟ 'ਚ ਲੈ ਕੇ ਅੱਗੇ ਘਸੀਟ ਕੇ ਲੈ ਗਈ ਤਾਂ ਦੋਵੇਂ ਸਵਾਰ ਮਾਮਾ-ਭਾਣਜਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਸਕਾਰਪਿਓ ਖਤਾਨਾਂ 'ਚ ਜਾ ਪਈ ਅਤੇ ਗੱਡੀ ਦਾ ਚਾਲਕ ਅਤੇ ਹੋਰ ਸਵਾਰ ਮੌਕੇ ਤੋਂ ਫਰਾਰ ਹੋ ਗਏ। ਹਾਦਸਾ ਇਨ੍ਹਾਂ ਜਬਰਦਸਤ ਸੀ ਕਿ ਗੱਡੀ ਦੇ ਪਰਖਚੇ ਉੱਡ ਗਏ। ਆਉਣ-ਜਾਣ ਵਾਲੇ ਵਾਹਨਾਂ ਕਾਰਨ ਆਵਾਜਾਈ ਪ੍ਰਭਾਵਿਤ ਹੋਈ ਅਤੇ ਗਿੱਲਕਲਾਂ ਦੀ ਪੁਲਸ ਨੂੰ ਘਟਨਾ ਦਾ ਪਤਾ ਲੱਗਦੇ ਹੀ ਮੌਕੇ 'ਤੇ ਪਹੁੰਚ ਕੇ ਪ੍ਰਭਾਵਿਤ ਆਵਾਜਾਈ ਨੂੰ ਬਹਾਲ ਕਰਵਾ ਕੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਸਿਵਲ ਹਸਪਤਾਲ ਰਾਮਪੁਰਾ ਵਿਖੇ ਪੋਸਟ ਮਾਰਟਮ ਲਈ ਮੋਰਚਰੀ 'ਚ ਭੇਜ ਦਿੱਤੀਆਂ ਹਨ। ਇਸ ਘਟਨਾ ਦੀ ਜਿਉ ਹੀ ਪਿੰਡ ਨੂੰ ਪਤਾ ਲੱਗਾ ਤਾਂ ਪਿੰਡ 'ਚ ਸੋਗ ਦੀ ਲਹਿਰ ਫੈਲ ਗਈ ਅਤੇ ਘਟਨਾ ਥਾਂ 'ਤੇ ਪਹੁੰਚ ਗਏ। ਮ੍ਰਿਤਕ ਸਤਨਾਮ ਸਿੰਘ ਆਪਣੇ ਪਿੱਛੇ 2 ਕੁੜੀਆਂ ਅਤੇ ਲੜਕਾ ਛੱਡ ਗਿਆ ਹੈ। ਪੁਲਸ ਨੇ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪਿਆਜ ਦੇ ਨਿਰਯਾਤ ਤੋਂ ਮੋਦੀ ਸਰਕਾਰ ਨੇ ਹਟਾਈ ਪਾਬੰਦੀ

ਸਰਦੂਲ ਸਿੰਘ

ਬਿਜਨੈੱਸ ਡੈਸਕ 22 ਫਰਵਰੀ। ਪਿਆਜ ਦੇ ਕਿਸਾਨਾਂ ਅਤੇ ਵਪਾਰੀਆਂ ਲਈ ਖੁਸਖਬਰੀ ਵਾਲੀ ਖਬਰ ਸਾਹਮਣੇ ਆਈ ਹੈ। ਕੇਂਦਰ ਸਰਕਾਰ ਨੇ ਪਿਆਜ ਦੀ ਬਰਾਮਦ 'ਤੇ ਲੱਗੀ ਪਾਬੰਦੀ ਨੂੰ ਹਟਾ ਦਿੱਤਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਦੀ ਅਗਵਾਈ ਵਾਲੀ ਮੰਤਰੀਆਂ ਦੀ ਕਮੇਟੀ ਨੇ ਪਿਆਜ ਦੀ ਬਰਾਮਦ ਨੂੰ ਮਨਜੂਰੀ ਦੇ ਦਿੱਤੀ ਹੈ। ਸੁਰੂਆਤੀ ਤੌਰ 'ਤੇ 3 ਲੱਖ ਮੀਟ੍ਰਿਕ ਟਨ ਪਿਆਜ ਦਾ ਨਿਰਯਾਤ ਕੀਤਾ ਜਾਵੇਗਾ। ਗੁਜਰਾਤ ਅਤੇ ਮਹਾਰਾਸਟਰ 'ਚ ਪਿਆਜ ਦੇ ਕਾਫੀ ਸਟਾਕ ਨੂੰ ਦੇਖਦੇ ਹੋਏ ਸਰਕਾਰ ਨੇ ਪਿਆਜ ਦੀ ਬਰਾਮਦ 'ਤੇ ਪਾਬੰਦੀ ਹਟਾ ਦਿੱਤੀ ਹੈ। ਇਸ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰੀ ਮੰਤਰੀ ਮਨਸੁਖ ਮੰਡਾਵੀਆ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਪਿਆਜ ਕਿਸਾਨਾਂ ਦੀ ਸਥਿਤੀ ਤੋਂ ਜਾਣੂ ਕਰਵਾਇਆ ਸੀ। ਪਿਆਜ ਉਤਪਾਦਕ ਖੇਤਰਾਂ ਵਿੱਚ ਪਿਆਜ ਅਤੇ ਹੋਰ ਸਬਜੀਆਂ ਦੀਆਂ ਕੀਮਤਾਂ ਵਿੱਚ ਗਿਰਾਵਟ ਅਤੇ ਦੇਸ ਵਿੱਚ ਪਿਆਜ ਦੇ ਢੁਕਵੇਂ ਸਟਾਕ ਕਾਰਨ ਸਰਕਾਰ ਨੇ ਨਿਰਯਾਤ ਪਾਬੰਦੀ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਹੈ। ਪਿਆਜ ਦਾ ਪੈਦਾਵਾਰ ਘੱਟਣ ਅਤੇ ਅਸਮਾਨ ਛੂੰਹਦੀਆਂ ਕੀਮਤਾਂ ਕਾਰਨ ਕੇਂਦਰ ਸਰਕਾਰ ਨੇ 8



ਦਸੰਬਰ ਨੂੰ ਪਿਆਜ ਦੀ ਬਰਾਮਦ 'ਤੇ ਪਾਬੰਦੀ ਲਗਾ ਦਿੱਤੀ ਸੀ। ਇਹ ਪਾਬੰਦੀ 31 ਮਾਰਚ 2024 ਤੱਕ ਲਗਾਈ ਗਈ ਹੈ। ਪਿਛਲੇ ਸਾਲ ਦਸੰਬਰ ਦੇ ਮਹੀਨੇ ਪਿਆਜ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਦੇਖਿਆ ਗਿਆ ਸੀ, ਜਦੋਂ ਪਿਆਜ ਦੀ ਕੀਮਤ 100 ਰੁਪਏ ਪ੍ਰਤੀ ਕਿਲੋ ਤੱਕ ਪਹੁੰਚ ਗਈ ਸੀ। ਇਸ ਤੋਂ ਬਾਅਦ ਸਰਕਾਰ ਸਰਗਰਮ ਹੋ ਗਈ, ਜਿਸ ਨੇ ਕੀਮਤਾਂ 'ਤੇ ਲਗਾਮ ਲੱਗ ਗਈ। ਪਿਆਜ ਦੇ ਨਿਰਯਾਤ 'ਤੇ ਪਾਬੰਦੀ ਨਾਲ ਸਰਕਾਰ ਨੇ ਲੋਕਾਂ ਨੂੰ ਸਸਤੇ ਪਿਆਜ ਵੇਚਣ ਲਈ ਵੀ ਕਦਮ ਚੁੱਕੇ ਹਨ ਅਤੇ ਬਫਰ ਸਟਾਕ ਤੋਂ ਪਿਆਜ 25 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚਿਆ ਗਿਆ। ਨਿਰਯਾਤ ਪਾਬੰਦੀ ਤੋਂ ਬਾਅਦ ਸਭ ਤੋਂ ਵੱਡਾ ਪਿਆਜ ਉਤਪਾਦਕ ਰਾਜ ਮਹਾਰਾਸਟਰ ਵਿੱਚ ਪਿਆਜ ਦੀ ਕੀਮਤ ਵਿੱਚ ਗਿਰਾਵਟ ਆਈ ਹੈ। ਇਸ ਕਾਰਨ ਪਿਆਜ ਦੀ ਮੰਗ ਅਤੇ ਖਪਤ ਅਨੁਸਾਰ ਦੇਸ ਦੇ ਸਾਰੇ ਹਿੱਸਿਆਂ ਵਿੱਚ ਸਪਲਾਈ ਹੋਣ ਲੱਗੀ। ਥੋਕ ਮੰਡੀਆਂ ਵਿੱਚ ਪਿਆਜ ਦੀ ਚੰਗੀ ਆਮਦ ਕਾਰਨ ਪਿਆਜ ਦੀਆਂ ਕੀਮਤਾਂ ਵਿੱਚ ਨਰਮੀ ਆਈ ਹੈ।

## ਹਾੜ੍ਹੀ ਦੇ ਮੌਸਮ ਦੌਰਾਨ ਪੰਜਾਬ ਦੀਆਂ ਨਹਿਰਾਂ ਵਿਚ 26 ਫਰਵਰੀ ਤਕ ਪਾਣੀ ਛੱਡਣ ਦਾ ਪ੍ਰੋਗਰਾਮ ਜਾਰੀ

ਚੰਡੀਗੜ੍ਹ 22 ਫਰਵਰੀ। ਪੰਜਾਬ ਸਰਕਾਰ ਨੇ ਹਾੜ੍ਹੀ ਦੇ ਮੌਸਮ ਦੌਰਾਨ ਨਹਿਰਾਂ ਵਿਚ ਪਾਣੀ ਛੱਡਣ ਦਾ ਪ੍ਰੋਗਰਾਮ ਜਾਰੀ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਲ ਸਰੋਤ ਵਿਭਾਗ ਨੇ ਬੁਲਾਰੇ ਨੇ ਦੱਸਿਆ ਕਿ 19 ਤੋਂ 26 ਫਰਵਰੀ 2024 ਤੱਕ ਸਰਹਿੰਦ ਕੈਨਾਲ ਸਿਸਟਮ ਦੀਆਂ ਨਹਿਰਾਂ ਜਿਵੇਂ ਪਟਿਆਲਾ ਫੀਡਰ, ਅਬੋਹਰ ਬ੍ਰਾਂਚ, ਬਿਸਤ ਦੁਆਬ ਕੈਨਾਲ, ਸਿੱਧਵਾਂ ਬ੍ਰਾਂਚ ਅਤੇ ਬਠਿੰਡਾ ਬ੍ਰਾਂਚ ਕ੍ਰਮਵਾਰ ਪਹਿਲੀ, ਦੂਜੀ, ਤੀਜੀ, ਚੌਥੀ ਅਤੇ ਪੰਜਵੀਂ ਤਰਜੀਹ ਦੇ ਆਧਾਰ 'ਤੇ ਚੱਲਣਗੀਆਂ। ਬੁਲਾਰੇ ਨੇ ਦੱਸਿਆ ਕਿ ਘੱਗਰ ਲਿੰਕ ਅਤੇ ਇਸ ਵਿੱਚੋਂ ਨਿਕਲਦੀ ਘੱਗਰ ਬ੍ਰਾਂਚ ਅਤੇ ਪੀ.ਐਨ.ਸੀ, ਜੋ ਗਰੁੱਪ 'ਬੀ' ਵਿੱਚ ਹਨ, ਨੂੰ ਪਹਿਲੀ ਤਰਜੀਹ ਦੇ ਆਧਾਰ 'ਤੇ ਪੂਰਾ ਪਾਣੀ ਮਿਲੇਗਾ ਜਦਕਿ ਭਾਖੜਾ ਮੇਨ ਲਾਈਨ ਵਿਚੋਂ ਨਿਕਲਦੀਆਂ ਨਹਿਰਾਂ, ਜੋ ਗਰੁੱਪ 'ਏ' ਵਿੱਚ ਹਨ, ਨੂੰ ਦੂਜੀ ਤਰਜੀਹ ਦੇ ਆਧਾਰ 'ਤੇ ਬਾਕੀ ਬਚਦਾ ਪਾਣੀ ਮਿਲੇਗਾ। ਇਸੇ ਤਰ੍ਹਾਂ ਸਰਹਿੰਦ ਫੀਡਰ ਵਿੱਚੋਂ ਨਿਕਲਦੀ ਅਬੋਹਰ ਬ੍ਰਾਂਚ ਲੋਅਰ ਅਤੇ ਇਸ ਦੇ ਰਜਬਾਹੇ, ਜੋ ਗਰੁੱਪ 'ਬੀ' ਵਿੱਚ ਹਨ, ਨੂੰ ਪਹਿਲੀ ਤਰਜੀਹ ਦੇ ਆਧਾਰ 'ਤੇ ਪੂਰਾ ਪਾਣੀ ਮਿਲੇਗਾ ਜਦਕਿ ਸਰਹਿੰਦ ਫੀਡਰ ਵਿੱਚੋਂ ਨਿਕਲਦੇ ਸਾਰੇ ਰਜਬਾਹੇ, ਜਿਹੜੇ ਗਰੁੱਪ 'ਏ' ਵਿੱਚ ਹਨ, ਨੂੰ ਦੂਜੀ ਤਰਜੀਹ ਦੇ ਆਧਾਰ 'ਤੇ ਬਾਕੀ ਬਚਦਾ ਪਾਣੀ ਮਿਲੇਗਾ। ਉਨ੍ਹਾਂ ਅੱਗੇ ਦੱਸਿਆ ਕਿ ਕਸੂਰ ਬ੍ਰਾਂਚ ਲੋਅਰ ਅਤੇ ਇਸ ਦੇ ਰਜਬਾਹਿਆਂ ਨੂੰ ਪਹਿਲੀ ਤਰਜੀਹ ਦੇ ਆਧਾਰ 'ਤੇ ਪੂਰਾ ਪਾਣੀ ਮਿਲੇਗਾ। ਸਭਰਾਉਂ ਬ੍ਰਾਂਚ, ਲਾਹੌਰ ਬ੍ਰਾਂਚ ਅਤੇ ਮੇਨ ਬ੍ਰਾਂਚ ਲੋਅਰ ਅਤੇ ਇਨ੍ਹਾਂ ਦੇ ਰਜਬਾਹਿਆਂ ਨੂੰ ਕ੍ਰਮਵਾਰ ਬਾਕੀ ਬਚਦਾ ਪਾਣੀ ਮਿਲੇਗਾ।